'ਜ਼ਿਕਰ ਪੰਜਾਬ' ਨੂੰ
ਲੋੜ ਹੈ
ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅਤੇ ਕਸਬਿਆਂ ਤੋਂ ਤਜ਼ਰਬੇਕਾਰ ਪੜ੍ਹੇ-ਲਿਖੇ ਪੱਤਰਕਾਰਾਂ ਦੀ
ਸੰਪਰਕ:-
9815024577
E-mail:
zikarpunjab44@gmail.com



ਸੱਚ ਦੀ ਆਵਾਜ਼ ਹੱਕ ਦੀ ਆਵਾਜ਼

# ਜ਼ਿਕਰ ਪੰਜਾਬ

ਕੁਲ ਪੰਨੇ : 8 ਮੁੱਲ : 3/- ਰੁਪਏ
ਲੁਧਿਆਣਾ : ਸੋਮਵਾਰ, 27 ਅਪ੍ਰੈਲ ਤੋਂ ਐਤਵਾਰ, 3 ਮਈ, 2026

WEEKLY ZIKAR PUNJAB
ਮੁੱਖ ਸੰਪਾਦਕ : ਅਸ਼ਵਨੀ ਜੇਤਲੀ/ਸਹਿ-ਸੰਪਾਦਕ : ਬਲਵਿੰਦਰ ਕੁਮਾਰ

ਹਫਤਾਵਾਰੀ ਅਖ਼ਬਾਰ
Ludhiana : Monday, 27 April to Sunday, 3 May 2026



ਹਫਤਾਵਾਰੀ 'ਜ਼ਿਕਰ ਪੰਜਾਬ' ਅਖ਼ਬਾਰ ਵਿੱਚ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਛਪਣਯੋਗ ਸਮੱਗਰੀ ਛਪਵਾਉਣ ਲਈ
ਸੰਪਰਕ:-
9815024577
E-mail:
zikarpunjab44@gmail.com



E-mail : zikarpunjab44@gmail.com | RNI-PUNPUN/2017/75418 | ਮੋਬਾਈਲ ਨੰ. : 9815024577 | ਸਾਲ : 10 ਅੰਕ : 17 | Website : www.zikarpunjab.com


## ਟਰੰਪ ਦੇ ਡਿਨਰ ਦੌਰਾਨ ਹੋਟਲ ਹਿਲਟਨ 'ਚ ਚੱਲੀਆਂ ਗੋਲੀਆਂ

**ਵਾਸ਼ਿੰਗਟਨ/ਬਿਊਰੋ**

ਵਾਸ਼ਿੰਗਟਨ ਦੇ ਹਿਲਟਨ ਹੋਟਲ ਵਿੱਚ ਪੱਤਰਕਾਰਾਂ ਲਈ ਆਯੋਜਿਤ ਇੱਕ ਡਿਨਰ ਪਾਰਟੀ ਵਿੱਚ ਗੋਲੀਆਂ ਚਲਾਈਆਂ ਗਈਆਂ। ਘਟਨਾ ਸਮੇਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਹੋਟਲ ਵਿੱਚ ਮੌਜੂਦ ਸਨ। ਦੋਵਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ। ਕਿਸੇ ਦੇ ਜ਼ਖਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ। ਇੱਕ ਸ਼ੱਕੀ ਹਮਲਾਵਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਸ ਪ੍ਰੋਗਰਾਮ ਵਿੱਚ ਟਰੰਪ ਦੇ ਨਾਲ ਉਨ੍ਹਾਂ ਦੀ ਪਤਨੀ ਮੇਲਾਨੀਆ ਟਰੰਪ ਵੀ ਮੌਜੂਦ ਸਨ। ਇਹ ਸਮਾਗਮ ਵਾਸ਼ਿੰਗਟਨ ਦੇ ਪੱਤਰਕਾਰਾਂ ਦੁਆਰਾ ਆਯੋਜਿਤ ਕੀਤਾ ਗਿਆ ਸੀ। ਟਰੰਪ ਪਹਿਲੀ ਵਾਰ ਬਤੌਰ ਰਾਸ਼ਟਰਪਤੀ ਇਸ ਵਿੱਚ ਸ਼ਾਮਲ ਹੋਏ ਸੀ। ਗੋਲੀਬਾਰੀ ਤੋਂ ਬਾਅਦ, ਰਾਸ਼ਟਰਪਤੀ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ, ਟਰੁਥਆਉਟ 'ਤੇ ਪੋਸਟ ਕੀਤਾ, ਜਿਸ ਵਿੱਚ ਕਿਹਾ ਗਿਆ ਕਿ ਉਹ ਸੁਰੱਖਿਅਤ ਹਨ। ਉਨ੍ਹਾਂ ਕਿਹਾ ਕਿ ਸੀਕਰੇਟ ਸਰਵਿਸ ਨੇ ਬਹੁਤ ਵਧੀਆ ਕੰਮ ਕੀਤਾ ਹੈ ਅਤੇ ਹਮਲਾਵਰ ਨੂੰ ਫੜ ਲਿਆ ਗਿਆ ਹੈ। ਇਹ ਸਮਾਗਮ 30 ਦਿਨਾਂ ਦੇ ਅੰਦਰ ਮੁੜ ਤਹਿ ਕੀਤਾ ਜਾਵੇਗਾ। ਪੱਤਰਕਾਰਾਂ ਨੂੰ ਇੱਥੇ ਸਾਲਾਨਾ ਡਿਨਰ ਲਈ ਸੱਦਾ ਦਿੱਤਾ ਗਿਆ ਸੀ। ਰਾਸ਼ਟਰਪਤੀ ਟਰੰਪ ਉੱਥੇ ਪੱਤਰਕਾਰਾਂ ਨਾਲ ਗੱਲਬਾਤ ਵੀ ਕਰਦੇ ਹਾਲਾਂਕਿ, ਉੱਥੇ ਗੋਲੀਬਾਰੀ ਹੋ ਗਈ।



### ਲੋਕਤੰਤਰ 'ਚ ਹਿੰਸਾ ਲਈ ਕੋਈ ਥਾਂ ਨਹੀਂ : ਮੋਦੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ, ਫਸਟ ਲੇਡੀ ਮੇਲਾਨੀਆ ਟਰੰਪ ਅਤੇ ਉਪ ਰਾਸ਼ਟਰਪਤੀ ਜੇਡੀ ਵਾਂਸ ਦੇ ਵਾਸ਼ਿੰਗਟਨ ਵਿੱਚ ਹੋਏ ਇੱਕ ਸੁਰੱਖਿਆ ਹਮਲੇ ਤੋਂ ਬਾਅਦ ਸੁਰੱਖਿਅਤ ਹੋਣ 'ਤੇ ਰਾਹਤ ਜਤਾਈ ਹੈ। ਪ੍ਰਧਾਨ ਮੰਤਰੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਰਾਹੀਂ ਕਿਹਾ ਕਿ ਲੋਕਤੰਤਰ ਵਿੱਚ ਹਿੰਸਾ ਲਈ ਕੋਈ ਥਾਂ ਨਹੀਂ ਹੈ ਅਤੇ ਇਸ ਦੀ ਸਖ਼ਤ ਨਿੰਦਾ ਹੋਣੀ ਚਾਹੀਦੀ ਹੈ।

ਰਾਸ਼ਟਰਪਤੀ ਟਰੰਪ 'ਤੇ ਪਹਿਲਾਂ ਵੀ ਹਮਲਾ ਹੋ ਚੁੱਕਾ ਹੈ। ਫਿਲਹਾਲ, ਸੀਕ੍ਰੇਟ ਸਰਵਿਸ ਨੇ ਪੁਸ਼ਟੀ ਕੀਤੀ ਹੈ ਕਿ ਟਰੰਪ ਪੂਰੀ ਤਰ੍ਹਾਂ ਸੁਰੱਖਿਅਤ ਹਨ। ਰਾਸ਼ਟਰਪਤੀ ਟਰੰਪ ਜਲਦੀ ਹੀ ਵ੍ਹਾਈਟ ਹਾਊਸ • ਬਾਕੀ ਸਫ਼ਾ 2 'ਤੇ

### ਸੀਕ੍ਰੇਟ ਸਰਵਿਸ ਨੇ ਮੇਰੀ ਜਾਨ ਬਚਾਈ : ਟਰੰਪ




ਅਮਰੀਕਾ ਦੇ ਵਾਸ਼ਿੰਗਟਨ ਦੇ ਹਿਲਟਨ ਹੋਟਲ ਵਿੱਚ ਪੱਤਰਕਾਰਾਂ ਲਈ ਸਾਲਾਨਾ ਡਿਨਰ ਦੌਰਾਨ ਹਫੜਾ-ਦਫੜੀ ਮੱਚ ਗਈ ਜਦੋਂ ਇੱਕ ਸ਼ੱਕੀ ਨੇ ਤਿੰਨ ਜਾਂ ਚਾਰ ਗੋਲੀਆਂ ਚਲਾਈਆਂ। ਰਾਸ਼ਟਰਪਤੀ ਟਰੰਪ, ਪਹਿਲੀ ਮਹਿਲਾ ਅਤੇ ਜੇ.ਡੀ. ਵੈਂਸ ਮੌਜੂਦ ਸਨ। ਘਟਨਾ ਤੋਂ ਬਾਅਦ, ਰਾਸ਼ਟਰਪਤੀ ਟਰੰਪ ਨੇ ਵ?ਹਾਈਟ ਹਾਊਸ ਤੋਂ ਇੱਕ ਪ੍ਰੈਸ ਕਾਨਫਰੰਸ ਕੀਤੀ। ਕਾਨਫਰੰਸ ਦੌਰਾਨ, ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਇਹ ਘਟਨਾ ਪੂਰੀ ਤਰ੍ਹਾਂ ਹੈਰਾਨ ਕਰਨ ਵਾਲੀ ਸੀ। ਹਮਲਾਵਰ ਨੇ ਇੱਕ ਸੀਕ੍ਰੇਟ ਸਰਵਿਸ ਏਜੰਟ 'ਤੇ ਗੋਲੀਬਾਰੀ ਕੀਤੀ। ਜਿਸ ਸੀਕ੍ਰੇਟ ਸਰਵਿਸ ਏਜੰਟ ਨੂੰ ਗੋਲੀ ਮਾਰੀ ਗਈ ਉਹ ਵੀ ਸੁਰੱਖਿਅਤ ਹੈ। ਟਰੰਪ ਨੇ ਕਿਹਾ ਕਿ ਹਮਲਾਵਰ ਕੋਲ ਇੱਕ ਬਹੁਤ ਸ਼ਕਤੀਸ਼ਾਲੀ ਬੰਦੂਕ ਸੀ। ਹਮਲਾਵਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਜਾਂਚ ਏਜੰਸੀਆਂ ਉਸ ਤੋਂ ਪੁੱਛਗਿੱਛ ਕਰ ਰਹੀਆਂ ਹਨ। ਟਰੰਪ ਨੇ ਕਿਹਾ ਕਿ ਵਾਸ਼ਿੰਗਟਨ ਹਿੱਲ, ਜੋ ਕਿ ਵ?ਹਾਈਟ ਹਾਊਸ ਪ੍ਰੈਸ ਡਿਨਰ ਦਾ ਸਥਾਨ ਹੈ, ਕੋਈ ਖਾਸ ਸੁਰੱਖਿਅਤ ਇਮਾਰਤ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੋ ਲੋਕ ਸਭ ਤੋਂ ਵੱਧ ਕੰਮ ਕਰਦੇ ਹਨ, ਉਨ੍ਹਾਂ 'ਤੇ ਹਮਲਾ ਹੋਣ ਦੀ • ਬਾਕੀ ਸਫ਼ਾ 2 'ਤੇ

## ਜਨਗਣਨਾ ਦੁਨੀਆ ਦੀ ਸਭ ਤੋਂ ਵੱਡੀ ਮੁਹਿੰਮ : ਮੋਦੀ

**ਨਵੀਂ ਦਿੱਲੀ/ਬਿਊਰੋ**

ਪ੍ਰਧਾਨ ਮੰਤਰੀ ਮੋਦੀ ਨੇ ਐਤਵਾਰ ਨੂੰ ਪ੍ਰਸਾਰਿਤ "ਮਨ ਕੀ ਬਾਤ"ਦੇ 133ਵੇਂ ਐਪੀਸੋਡ 'ਚ ਜਨਗਣਨਾ ਦਾ ਜ਼ਿਕਰ ਕੀਤਾ। ਪ੍ਰਧਾਨ ਮੰਤਰੀ ਨੇ ਕਿਹਾ, "ਸਾਡੇ ਦੇਸ਼ 'ਚ ਇਸ ਸਮੇਂ ਇੱਕ ਬਹੁਤ ਮਹੱਤਵਪੂਰਨ ਮੁਹਿੰਮ ਚੱਲ ਰਹੀ ਹੈ, ਜਿਸ ਬਾਰੇ ਹਰ ਭਾਰਤੀ ਨੂੰ ਜਾਣੂ ਹੋਣਾ ਚਾਹੀਦਾ ਹੈ। ਇਹ ਜਨਗਣਨਾ ਮੁਹਿੰਮ ਹੈ, ਇਹ ਦੁਨੀਆ ਦੀ ਸਭ ਤੋਂ ਵੱਡੀ ਜਨਗਣਨਾ ਹੈ। ਜੋ ਲੋਕ ਪਹਿਲਾਂ ਹੀ ਅਜਿਹੀ ਪ੍ਰਕਿਰਿਆ 'ਚੋਂ ਗੁਜ਼ਰ ਚੁੱਕੇ ਹਨ, ਉਨ੍ਹਾਂ ਨੂੰ ਇਸ ਵਾਰ ਇੱਕ ਵੱਖਰਾ ਅਨੁਭਵ ਹੋਵੇਗਾ। ਪ੍ਰਧਾਨ ਮੰਤਰੀ ਨੇ ਕਿਹਾ, "ਜਿਨ੍ਹਾਂ ਸੂਬਿਆਂ 'ਚ ਸਵੈ-ਗਣਨਾ ਪੂਰੀ ਹੋ ਚੁੱਕੀ ਹੈ, ਉੱਥੇ ਘਰਾਂ ਦੀ ਸੂਚੀਕਰਨ ਚੱਲ ਰਿਹਾ ਹੈ। ਹੁਣ ਤੱਕ, ਲਗਭਗ 1 ਕਰੋੜ 20 ਲੱਖ ਪਰਿਵਾਰਾਂ ਦੇ ਘਰਾਂ ਦੀ ਸੂਚੀਕਰਨ ਦਾ ਕੰਮ ਪੂਰਾ ਹੋ ਗਿਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ, ਪੌਣ ਊਰਜਾ ਭਾਰਤ ਦੇ ਵਿਕਾਸ ਦੀ ਇੱਕ ਨਵੀਂ ਕਹਾਣੀ ਲਿਖ ਰਹੀ ਹੈ। ਭਾਰਤ ਨੇ ਹਾਲ ਹੀ 'ਚ ਪੌਣ ਊਰਜਾ 'ਚ ਇੱਕ ਵੱਡਾ ਮੀਲ ਪੱਥਰ ਪ੍ਰਾਪਤ ਕੀਤਾ ਹੈ। ਭਾਰਤ ਦੀ ਪੌਣ ਊਰਜਾ ਉਤਪਾਦਨ ਸਮਰੱਥਾ ਹੁਣ 56 ਗੀਗਾਵਾਟ ਤੋਂ ਵੱਧ ਗਈ ਹੈ। ਪਿਛਲੇ ਸਾਲ ਹੀ, ਲਗਭਗ 6 ਗੀਗਾਵਾਟ ਨਵੀਂ ਸਮਰੱਥਾ ਜੋੜੀ ਗਈ ਹੈ। ਭਾਰਤ ਪੌਣ ਊਰਜਾ 'ਚ ਤੇਜ਼ੀ ਨਾਲ ਤਰੱਕੀ ਕਰ ਰਿਹਾ ਹੈ, ਅਤੇ ਦੁਨੀਆ ਵੀ ਸਾਡੇ ਵੱਲ ਦੇਖ ਰਹੀ ਹੈ। ਅੱਜ, ਉੱਥੇ ਵੱਡੇ ਨਵਿਆਉਣਯੋਗ ਊਰਜਾ ਪਾਰਕ ਬਣਾਏ ਜਾ ਰਹੇ ਹਨ। ਨੌਜਵਾਨ ਇਸ ਤੋਂ ਲਾਭ ਉਠਾ ਰਹੇ ਹਨ, ਨਵੇਂ ਮੌਕੇ ਪੈਦਾ ਕਰ ਰਹੇ ਹਨ, ਨਵੇਂ ਹੁਨਰ ਵਿਕਸਤ ਕਰ ਰਹੇ ਹਨ, ਅਤੇ ਰੁਜ਼ਗਾਰ ਦੇ ਨਵੇਂ ਰਸਤੇ ਖੋਲ੍ਹ ਰਹੇ ਹਨ। ਦੋਸਤੋ, ਭਾਰਤ ਦੇ ਵਿਕਾਸ ਲਈ ਸੂਰਜੀ ਅਤੇ ਪੌਣ ਊਰਜਾ ਜ਼ਰੂਰੀ ਹਨ। ਅੰਗਰੇਜ਼ਾਂ ਦੁਆਰਾ ਬਣਾਏ ਕਾਨੂੰਨ ਅਨੁਸਾਰ, ਬਾਂਸ ਨੂੰ ਇੱਕ ਰੁੱਖ ਵਜੋਂ ਪਰਿਭਾਸ਼ਿਤ ਕੀਤਾ ਗਿਆ ਸੀ, ਅਤੇ ਇਸਦੇ ਆਲੇ ਦੁਆਲੇ ਦੇ ਨਿਯਮ ਬਹੁਤ ਸਖ਼ਤ ਸਨ। ਕਿਤੇ ਵੀ ਬਾਂਸ ਦੀ ਢੋਆ-ਢੁਆਈ ਕਰਨਾ ਬਹੁਤ ਮੁਸ਼ਕਿਲ ਸੀ। ਨਤੀਜੇ ਵਜੋਂ, ਇੱਥੋਂ ਦੇ ਲੋਕ ਬਾਂਸ ਨਾਲ ਸਬੰਧਤ ਕਾਰੋਬਾਰਾਂ ਤੋਂ ਦੂਰ ਜਾਣ ਲੱਗ ਪਏ। 2017 'ਚ ਅਸੀਂ ਕਾਨੂੰਨ 'ਚ ਸੋਧ ਕੀਤੀ ਅਤੇ ਬਾਂਸ ਨੂੰ ਰੁੱਖਾਂ ਦੀ ਸ਼੍ਰੇਣੀ 'ਚੋਂ ਹਟਾ ਦਿੱਤਾ। ਨਤੀਜੇ ਸਾਰਿਆਂ ਲਈ ਸਪੱਸ਼ਟ ਹਨ। ਅੱਜ, ਪੂਰੇ ਉੱਤਰ-ਪੂਰਬ 'ਚ ਬਾਂਸ ਸੈਕਟਰ ਵਧ-ਫੁੱਲ ਰਿਹਾ ਹੈ।



## ਅਕਾਲੀ ਦਲ ਵਾਰਿਸ ਪੰਜਾਬ ਦਾ ਐਲਾਨ : ਅੰਮ੍ਰਿਤਪਾਲ ਸਿੰਘ ਹੋਣਗੇ ਸੀ.ਐੱਮ ਚਿਹਰਾ

**ਲੁਧਿਆਣਾ/ਬਿਊਰੋ**

ਅਕਾਲੀ ਦਲ 'ਵਾਰਿਸ ਪੰਜਾਬ ਦੇ' ਵੱਲੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਮੁੱਖ ਮੰਤਰੀ ਦਾ ਚਿਹਰਾ ਬਣਾਇਆ ਜਾਵੇਗਾ ਅਤੇ ਦੋ ਡਿਪਟੀ ਮੁੱਖ ਮੰਤਰੀ ਵੀ ਬਣਨਗੇ। ਇਹ ਐਲਾਨ ਪਾਰਟੀ ਦੇ ਸਰਪਰਸਤ ਤਰਸੇਮ ਸਿੰਘ ਨੇ ਲੁਧਿਆਣਾ ਵਿਖੇ ਅਯੋਜਿਤ ਵਿਸ਼ਾਲ ਪੰਥਕ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕੀਤਾ। ਅੱਜ ਪਾਰਟੀ ਨੂੰ ਲੁਧਿਆਣਾ ਵਿੱਚ ਭਾਰੀ ਸਮਰਥਨ ਮਿਲਿਆ, ਜਦੋਂ ਵੱਡੀ ਗਿਣਤੀ ਵਿੱਚ ਲੋਕਾਂ ਦੀ ਸ਼ਮੂਲੀਅਤ ਦੇ ਨਾਲ ਲੁਧਿਆਣਾ ਦੇ ਮੁੰਡੀਆਂ ਕਲਾ, 33 ਫੁੱਟਾ ਰੋਡ ਵਿਖੇ ਇੱਕ ਵਿਸ਼ਾਲ ਪੰਥਕ ਇਕੱਤਰਤਾ ਦਾ ਆਯੋਜਨ ਕੀਤਾ ਗਿਆ। ਪਾਰਟੀ ਦੇ ਸੀਨੀਅਰ ਆਗੂ ਗੁਰਪ੍ਰੀਤ ਸਿੰਘ ਸੋਨੂੰ ਵੱਲੋਂ ਆਯੋਜਿਤ ਇਕੱਤਰਤਾ ਨੂੰ ਜਥੇਬੰਦੀ ਦੇ ਸਰਪ੍ਰਸਤ ਤਰਸੇਮ ਸਿੰਘ ਮੁੱਖ ਮਹਿਮਾਨ ਸਨ। ਇਸ ਮੌਕੇ ਸੰਬੋਧਨ ਕਰਦਿਆਂ ਤਰਸੇਮ ਸਿੰਘ ਨੇ ਕਿਹਾ ਕਿ,'ਅੰਮ੍ਰਿਤਪਾਲ ਸਿੰਘ ਪਾਰਟੀ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਮੁੱਖ ਮੰਤਰੀ ਉਹਦੇ ਲਈ ਉਮੀਦਵਾਰ ਹੋਣਗੇ ਅਤੇ ਦੋ ਡਿਪਟੀ ਮੁੱਖ ਮੰਤਰੀ ਬਣਾਏ ਜਾਣਗੇ, ਜਿਹੜੇ ਹਿੰਦੂ ਅਤੇ ਦਲਿਤ ਭਾਈਚਾਰੇ ਤੋਂ ਹੋਣਗੇ। ਪਾਰਟੀ ਸਮਾਜ ਦੇ ਸਾਰੇ ਵਰਗਾਂ ਦੀ ਭਾਗੀਦਾਰੀ ਵਿੱਚ ਭਰੋਸਾ ਰੱਖਦੀ ਹੈ ਪੰਜਾਬ ਨੂੰ ਨਸ਼ਿਆਂ, ਗੈਂਗਸਟਰਵਾਦ, ਲੁੱਟ ਖੋਹ, ਬੇਰੁਜ਼ਗਾਰੀ ਵਰਗੀਆਂ ਸਮੱਸਿਆਵਾਂ ਤੋ ਛੁਟਕਾਰਾ ਦਿਲਾਉਣ ਵਾਸਤੇ ਅਕਾਲੀ ਦਲ 'ਵਾਰਿਸ ਪੰਜਾਬ ਦੇ' ਨੂੰ ਸੱਤਾਂ ਵਿੱਚ ਲਿਆਉਣਾ ਜ਼ਰੂਰੀ ਹੈ। ਲੋਕ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਿੱਚ ਸੂਬੇ ਅੰਦਰ ਅਗਲੀ ਸਰਕਾਰ ਬਣਨਾ ਦੇਖਣਾ ਚਾਹੁੰਦੇ ਹਨ।' ਉਨ੍ਹਾਂ ਲੋਕਾਂ ਨਾਲ ਲੁਭਾਵਣੇ ਵਾਅਦੇ ਕਰਕੇ ਸੱਤਾ ਵਿੱਚ ਆਉਣ ਵਾਲੀਆਂ ਪਾਰਟੀਆਂ ਉੱਤੇ ਵੀ ਤੰਜ ਕੱਸਿਆ, ਜਿਨ੍ਹਾਂ ਤੋਂ ਹੁਣ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ। ਇਸ ਦੌਰਾਨ ਉਨ੍ਹਾਂ ਨੇ ਪ੍ਰੋਗਰਾਮ ਦੇ ਆਯੋਜਕ ਗੁਰਪ੍ਰੀਤ ਸਿੰਘ ਸੋਨੂੰ ਅਤੇ ਸਥਾਨਕ ਲੀਡਰਸ਼ਿਪ ਦੀ ਸ਼ਲਾਘਾ ਕੀਤੀ, ਜਿਨ੍ਹਾਂ ਵੱਲੋਂ ਇਹ ਸਫਲ ਆਯੋਜਨ ਕੀਤਾ ਗਿਆ ਹੈ। ਜਿਹੜੇ ਮੈਂਬਰ ਪਾਰਲੀਮੈਂਟ ਪਾਰਟੀ ਛੱਡ ਕੇ ਦੂਜੀ ਪਾਰਟੀ ਵਿੱਚ ਗਏ ਨੇ ਲੋਕਾਂ ਨਾਲ ਇਹ ਧੋਖਾ ਹੈ। ਭਾਵੇਂ ਇਹ ਪਾਰਟੀ ਨਾਲ ਹੈ ਜਾਂ ਨਹੀਂ ਇਹ ਤਾਂ ਬਾਅਦ ਦੀ ਗੱਲ ਹੈ। ਆਮ ਆਦਮੀ ਪਾਰਟੀ ਨੇ ਹੀ ਉਨ੍ਹਾਂ ਨੂੰ ਰਾਜ ਸਭਾ ਦੇ ਵਿੱਚ ਭੇਜਿਆ ਸੀ। ਇਸ ਦੌਰਾਨ ਰਾਜੀਵ ਕੁਮਾਰ ਲਵਲੀ ਨੇ ਕਿਹਾ ਕਿ, 'ਲੋਕ • ਬਾਕੀ ਸਫ਼ਾ 2 'ਤੇ






## ਕੋਲੰਬੀਆ 'ਚ ਅੱਤਵਾਦੀ ਹਮਲਾ: 13 ਲੋਕਾਂ ਦੀ ਮੌਤ, 38 ਜ਼ਖਮੀ

**ਬੋਗਾਟਾ/ਬਿਊਰੋ**

ਕੋਲੰਬੀਆ ਵਿੱਚ ਇੱਕ ਬੱਸ ਵਿੱਚ ਹੋਏ ਜ਼ਬਰਦਸਤ ਧਮਾਕੇ ਵਿੱਚ 13 ਲੋਕਾਂ ਦੀ ਮੌਤ ਹੋ ਗਈ ਅਤੇ 38 ਹੋਰ ਜ਼ਖ਼ਮੀ ਹੋ ਗਏ ਹਨ। ਫ਼ੌਜ ਦੇ ਮੁਖੀ ਨੇ ਇਸ ਹਮਲੇ ਨੂੰ ਇੱਕ ਅੱਤਵਾਦੀ ਕਾਰਵਾਈ ਕਰਾਰ ਦਿੱਤਾ ਹੈ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਬੱਸ ਪੈਨ-ਅਮਰੀਕਨ ਹਾਈਵੇਅ 'ਤੇ ਜਾ ਰਹੀ ਸੀ। ਕੋਲੰਬੀਆ ਦੀਆਂ ਹਥਿਆਰਬੰਦ ਸੈਨਾਵਾਂ ਦੇ ਕਮਾਂਡਰ ਜਨਰਲ ਹਿਊਗੋ ਲੋਪੇਜ਼ ਨੇ ਇਸ ਹਮਲੇ ਲਈ ਕੋਲੰਬੀਆ ਦੇ ਸਭ ਤੋਂ ਵੱਧ ਲੋੜੀਂਦੇ ਅਪਰਾਧੀਆਂ ਵਿੱਚੋਂ ਇੱਕ ਇਵਾਨ ਮੋਰਡਿਸਕੋ ਦੇ ਨੈੱਟਵਰਕ ਅਤੇ ਜੈਮੇ ਮਾਰਟੀਨੇਜ਼ ਗੁੱਟ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਹ ਦੋਵੇਂ ਗੁੱਟ ਕੋਲੰਬੀਆ ਦੇ ਹੁਣ ਨਿਸ਼ਕਿਰਿਆ ਹੋ ਚੁੱਕੇ 'ਕ੍ਰਾਂਤੀਕਾਰੀ ਹਥਿਆਰਬੰਦ ਬਲਾਂ' ਦੇ ਬਾਗੀ ਹਨ, ਜੋ ਇਸ ਖੇਤਰ ਵਿੱਚ ਸਰਗਰਮ ਹਨ। ਜ਼ਖ਼ਮੀਆਂ ਵਿੱਚ ਪੰਜ ਬੱਚੇ ਵੀ ਸ਼ਾਮਲ ਹਨ।ਇਵਾਨ ਮੋਰਡਿਸਕੋ ਅਤੇ ਜੈਮੇ ਮਾਰਟੀਨੇਜ਼ ਗੁੱਟ 2016 ਵਿੱਚ ਸਰਕਾਰ ਨਾਲ ਹੋਏ ਸ਼ਾਂਤੀ ਸਮਝੌਤੇ ਨੂੰ ਨਹੀਂ ਮੰਨਦੇ। ਲੋਪੇਜ਼ ਅਨੁਸਾਰ, ਦੱਖਣ-ਪੱਛਮੀ ਕੋਲੰਬੀਆ ਵਿੱਚ ਪਿਛਲੇ ਦੋ ਦਿਨਾਂ ਵਿੱਚ ਅਜਿਹੀਆਂ 26 ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਦਾ ਸਿੱਧਾ ਅਸਰ ਆਮ ਨਾਗਰਿਕਾਂ 'ਤੇ ਪਿਆ ਹੈ।

### 65-66 'ਆਪ' ਵਿਧਾਇਕਾਂ ਵੱਲੋਂ ਪਾਰਟੀ ਛੱਡਣ ਦੀ ਤਿਆਰੀ : ਬਾਜਵਾ

**ਗੁਰਦਾਸਪੁਰ/ਬਿਊਰੋ**

ਪੰਜਾਬ, 26 ਅਪ੍ਰੈਲ 2026: ਆਮ ਆਦਮੀ ਪਾਰਟੀ (ਆਪ) ਦੇ ਸੱਤ ਸੰਸਦ ਮੈਂਬਰਾਂ ਦੇ ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਕਾਂਗਰਸੀ ਆਗੂ ਵੀ ਹਮਲਾਵਰ ਹੋ ਗਏ ਹਨ। ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਜੋ ਲੋਕ ਪਿੰਡਾਂ ਦੇ ਸਰਪੰਚ ਵੀ ਨਹੀਂ ਬਣ ਸਕੇ, ਉਹ ਵਿਧਾਇਕ ਬਣ ਗਏ। ਜਿਨ੍ਹਾਂ ਨੂੰ ਇੱਕ ਪੁਲਿਸ ਵਾਲੇ ਨੇ ਸਾਰੀ ਉਮਰ ਸਲੂਟ ਵੀ ਨਹੀਂ ਮਾਰਿਆ, ਹੁਣ ਡੀਜੀਪੀ ਉਨ੍ਹਾਂ ਨੂੰ ਸਲੂਟ ਕਰਦਾ ਹੈ। ਦਸ 'ਚੋਂ ਸੱਤ ਸੰਸਦ ਮੈਂਬਰ 'ਆਪ' ਛੱਡ ਕੇ ਭਾਜਪਾ 'ਚ ਸ਼ਾਮਲ ਹੋ ਗਏ ਹਨ। ਪ੍ਰਤਾਪ ਸਿੰਘ ਬਾਜਵਾ ਦਾ ਕਹਿਣਾ ਹੈ ਕਿ ਹੁਣ, 65-66 ਵਿਧਾਇਕ ਪਲਟੀ ਮਾਰ ਸਕਦੇ ਹਨ। ਉਨ੍ਹਾਂ ਦਾਅਵਾ ਕੀਤਾ ਹੈ ਕਿ ਮਹਾਰਾਸ਼ਟਰ ਦਾ ਜਹਾਜ਼ ਮੋਹਾਲੀ 'ਚ ਉਤਰਨ • ਬਾਕੀ ਸਫ਼ਾ 2 'ਤੇ



### ਭਾਜਪਾ 2027 ਚੋਣਾਂ ਆਪਣੇ ਬਲਬੂਤੇ ਲੜੇਗੀ : ਅਸ਼ਵਨੀ ਸ਼ਰਮਾ

**ਜ਼ੀਰਕਪੁਰ/ਬਿਊਰੋ**

ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾਅੱਜ ਜ਼ੀਰਕਪੁਰ ਵਿਖੇ ਪਾਰਟੀ ਦਫ਼ਤਰ ਵਿੱਚ ਕਰਵਾਏ ਇਕ ਵਿਸ਼ੇਸ਼ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ। ਇਹ ਪ੍ਰੋਗਰਾਮ ਹਲਕਾ ਡੇਰਾਬਸੀ ਦੇ ਸੀਨੀਅਰ ਭਾਜਪਾ ਆਗੂ ਗੁਰਦਰਸ਼ਨ ਸਿੰਘ ਸੈਣੀ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ ਸੀ, ਜਿਸ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਲੋਕਪ੍ਰਿਯ ਰੇਡੀਓ • ਬਾਕੀ ਸਫ਼ਾ 2 'ਤੇ

## ਆਪ ਆਗੂਆਂ ਅਤੇ ਵਰਕਰਾਂ ਵੱਲੋਂ 'ਪੰਜਾਬ ਦੇ ਗੱਦਾਰਾਂ' ਖ਼ਿਲਾਫ਼ ਸੂਬਾ ਵਿਆਪੀ ਪ੍ਰਦਰਸ਼ਨ, ਦਲਬਦਲੂ ਸੰਸਦ ਮੈਂਬਰਾਂ ਦੀ ਰਾਜ ਸਭਾ ਮੈਂਬਰੀ ਰੱਦ ਕਰਨ ਦੀ ਮੰਗ

**ਚੰਡੀਗੜ੍ਹ/ਬਿਊਰੋ**

ਆਮ ਆਦਮੀ ਪਾਰਟੀ (ਆਪ) ਨੇ ਐਤਵਾਰ ਨੂੰ ਭਾਜਪਾ ਵਿੱਚ ਸ਼ਾਮਲ ਹੋਏ ਰਾਜ ਸਭਾ ਮੈਂਬਰਾਂ ਵਿਰੁੱਧ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਜ਼ੋਰਦਾਰ ਪ੍ਰਦਰਸ਼ਨ ਕੀਤੇ। ਸੜਕਾਂ 'ਪੰਜਾਬ ਦੇ ਗੱਦਾਰ' ਦੇ ਨਾਅਰਿਆਂ ਨਾਲ ਗੂੰਜ ਉੱਠੀਆਂ ਅਤੇ ਜਨਤਕ ਗੁੱਸੇ ਦੇ ਰੂਪ ਵਿੱਚ ਦਲਬਦਲੂਆਂ ਦੇ ਘਰਾਂ ਦੀਆਂ ਕੰਧਾਂ 'ਤੇ 'ਗੱਦਾਰ' ਲਿਖਿਆ ਗਿਆ, ਜਿਸ ਨੂੰ ਪੰਜਾਬ ਦੇ ਜਨਾਦੇਸ਼ ਨਾਲ ਇੱਕ ਨਾ-ਮੁਆਫ਼ੀਯੋਗ ਧੋਖਾ ਕਰਾਰ ਦਿੱਤਾ ਗਿਆ। ਜ਼ਿਲ੍ਹਾ ਹੈੱਡਕੁਆਰਟਰਾਂ ਤੋਂ ਲੈ ਕੇ ਉਦਯੋਗਿਕ ਕੇਂਦਰਾਂ ਤੱਕ, ਜਿਸ ਵਿੱਚ ਰਜਿੰਦਰ ਗੁਪਤਾ ਦੇ ਵਿਰੁੱਧ ਟ੍ਰਾਈਡੈਂਟ ਗਰੁੱਪ ਦੇ ਬਾਹਰ ਕੀਤਾ ਗਿਆ ਤਿੱਖਾ ਪ੍ਰਦਰਸ਼ਨ ਵੀ ਸ਼ਾਮਲ ਸੀ, 'ਆਪ' ਆਗੂਆਂ ਅਤੇ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਆਮ ਲੋਕਾਂ ਨਾਲ ਮਿਲ ਕੇ ਰੋਸ ਪ੍ਰਦਰਸ਼ਨ ਕੀਤੇ। ਪ੍ਰਦਰਸ਼ਨਕਾਰੀਆਂ ਨੇ ਟਾਇਰ ਸਾੜ ਕੇ ਆਪਣਾ ਗੁੱਸਾ ਜ਼ਾਹਰ ਕੀਤਾ ਅਤੇ ਉਨ੍ਹਾਂ ਲੋਕਾਂ ਦੀ ਖੁੱਲ੍ਹ ਕੇ ਨਿਖੇਧੀ ਕੀਤੀ, ਜਿਨ੍ਹਾਂ ਨੇ ਕਥਿਤ ਤੌਰ 'ਤੇ ਸਿਆਸੀ ਲਾਭ ਲਈ ਪੰਜਾਬੀਆਂ ਦੇ ਭਰੋਸੇ ਨੂੰ ਪੈਰਾਂ ਹੇਠ ਰੋਲਿਆ ਹੈ। ਦਲਬਦਲੀ ਨੂੰ ਪੰਜਾਬ ਦੀ ਮਿੱਟੀ ਅਤੇ ਸਵੈ-ਮਾਣ ਨਾਲ ਵੱਡਾ ਧੋਖਾ ਦੱਸਦਿਆਂ 'ਆਪ' • ਬਾਕੀ ਸਫ਼ਾ 2 'ਤੇ



## ਆਪ ਨੇ ਪੰਜਾਬ ਨਾਲ ਗੱਦਾਰੀ ਕਰਨ ਵਾਲੇ ਸਾਰੇ 7 ਸੰਸਦ ਮੈਂਬਰਾਂ ਨੂੰ ਅਯੋਗ ਕਰਾਰ ਦੇਣ ਦੀ ਮੰਗ ਨੂੰ ਲੈ ਕੇ ਰਾਜ ਸਭਾ ਦੇ ਚੇਅਰਮੈਨ ਅਤੇ ਉਪ ਰਾਸ਼ਟਰਪਤੀ ਨੂੰ ਸੌਂਪੀ ਪਟੀਸ਼ਨ : ਸੰਜੇ ਸਿੰਘ

**ਨਵੀਂ ਦਿੱਲੀ/ਬਿਊਰੋ**

ਆਮ ਆਦਮੀ ਪਾਰਟੀ (ਆਪ) ਨੇ ਰਾਜ ਸਭਾ ਦੇ ਚੇਅਰਮੈਨ ਅਤੇ ਉਪ ਰਾਸ਼ਟਰਪਤੀ ਕੋਲ ਇੱਕ ਪਟੀਸ਼ਨ ਦਾਇਰ ਕਰਕੇ ਰਾਘਵ ਚੱਢਾ ਸਮੇਤ ਉਨ੍ਹਾਂ ਸਾਰੇ ਸੱਤ ਸੰਸਦ ਮੈਂਬਰਾਂ ਨੂੰ ਅਯੋਗ ਕਰਾਰ ਦੇਣ ਦੀ ਮੰਗ ਕੀਤੀ ਹੈ, ਜੋ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਪਾਰਟੀ ਨੇ ਇਸ ਨੂੰ ਪੰਜਾਬ ਦੇ ਲੋਕਾਂ ਨਾਲ ਵੱਡੀ ਗੱਦਾਰੀ ਕਰਾਰ ਦਿੱਤਾ ਹੈ। ਐਤਵਾਰ ਨੂੰ ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸਦਨ ਵਿੱਚ 'ਆਪ' ਦੇ ਆਗੂ ਅਤੇ ਸੰਸਦ ਮੈਂਬਰ ਸੰਜੇ ਸਿੰਘ ਨੇ ਕਿਹਾ ਕਿ ਸੰਵਿਧਾਨਕ ਮਾਹਿਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਸੰਸਦ ਮੈਂਬਰਾਂ ਦੀ ਮੈਂਬਰਸ਼ਿਪ ਰੱਦ ਹੋਣੀ ਅਟੱਲ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਨ੍ਹਾਂ ਆਗੂਆਂ ਦੇ ਕਦਮ ਨਾ ਸਿਰਫ਼ 'ਆਪ' ਨਾਲ, ਸਗੋਂ ਪੰਜਾਬ ਦੇ ਲੋਕਾਂ, ਲੋਕਤੰਤਰ ਅਤੇ ਦੇਸ਼ ਦੇ ਸੰਵਿਧਾਨ ਨਾਲ ਵੀ ਧੋਖਾ ਹਨ। 'ਆਪ' ਸੰਸਦ ਮੈਂਬਰ ਨੇ ਅੱਗੇ ਕਿਹਾ ਕਿ ਭਾਜਪਾ ਨੇ ਵਿਰੋਧੀ ਨੇਤਾਵਾਂ ਨੂੰ ਆਪਣੇ ਪਾਲੇ ਵਿੱਚ ਲਿਆਉਣ ਲਈ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਅਤੇ ਕੇਂਦਰੀ ਜਾਂਚ • ਬਾਕੀ ਸਫ਼ਾ 2 'ਤੇ







## ਬਠਿੰਡਾ ਪੁਲਿਸ ਵੱਲੋਂ ਨਾਜਾਇਜ਼ ਹਥਿਆਰ ਤੇ ਕਾਰਤੂਸ ਸਣੇ 2 ਕਾਬੂ

**ਬਠਿੰਡਾ/ਬਿਊਰੋ**

ਬਠਿੰਡਾ ਪੁਲਿਸ ਵੱਲੋਂ ਗੈਂਗਸਟਰ ਗਤੀਵਿਧੀਆਂ ਨੂੰ ਰੋਕਣ ਲਈ ਚਲਾਈ ਜਾ ਰਹੀ ਮੁਹਿੰਮ ਹੇਠ ਇਕ ਮਹੱਤਵਪੂਰਨ ਸਫਲਤਾ ਹਾਸਲ ਕੀਤੀ ਗਈ ਹੈ। ਇਸ ਦੌਰਾਨ ਪੁਲਿਸ ਨੇ ਦੋ ਸ਼ੱਕੀ ਨੌਜਵਾਨਾਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਕੁੱਲ 4 ਨਜਾਇਜ਼ ਹਥਿਆਰ ਅਤੇ 8 ਜਿੰਦਾ ਕਾਰਤੂਸ ਬਰਾਮਦ ਕੀਤੇ ਹਨ। ਜ਼ਬਤ ਕੀਤੇ ਹਥਿਆਰਾਂ ਵਿੱਚ 3 ਪਿਸਤੌਲ .32 ਬੋਰ ਅਤੇ ਇੱਕ ਦੇਸੀ ਪਿਸਤੌਲ .315 ਬੋਰ ਸ਼ਾਮਲ ਹਨ। ਇਸ ਬਾਰੇ ਜਾਣਕਾਰੀ ਐਸਪੀ (ਡੀ) ਜਸਮੀਤ ਸਿੰਘ ਸਾਹੀਵਾਲ ਵੱਲੋਂ ਪ੍ਰੈਸ ਕਾਨਫਰੰਸ ਦੌਰਾਨ ਸਾਂਝੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਥਾਣਾ ਸਿਟੀ ਰਾਮਪੁਰਾ ਦੀ ਪੁਲਿਸ ਟੀਮ ਸ਼ੱਕੀ ਵਿਅਕਤੀਆਂ ਦੀ ਤਲਾਸ਼ ਵਿੱਚ ਵੈਟਨਰੀ ਕਾਲਜ ਰਾਮਪੁਰਾ ਦੇ ਨੇੜੇ ਗਸ਼ਤ ਕਰ ਰਹੀ ਸੀ। ਇਸ ਦੌਰਾਨ ਦੋ ਨੌਜਵਾਨ ਜੰਗਲ ਵਾਲੀ ਦਿਸ਼ਾ ਤੋਂ ਮੋਟਰਸਾਈਕਲ 'ਤੇ ਆਉਂਦੇ ਨਜ਼ਰ ਆਏ। ਪੁਲਿਸ ਨੂੰ ਦੇਖਦੇ ਹੀ ਉਨ੍ਹਾਂ ਨੇ ਵਾਪਸ ਮੁੜਨ ਦੀ ਕੋਸ਼ਿਸ਼ ਕੀਤੀ, ਪਰ ਮੋਟਰਸਾਈਕਲ ਅਚਾਨਕ ਬੰਦ ਹੋ ਗਿਆ, ਜਿਸ ਕਾਰਨ ਉਹ ਪੁਲਿਸ ਦੇ ਹੱਥ ਚੜ੍ਹ ਗਏ। ਸ਼ੱਕ ਦੇ ਆਧਾਰ 'ਤੇ ਕੀਤੀ ਗਈ ਤਲਾਸ਼ ਦੌਰਾਨ ਉਨ੍ਹਾਂ ਕੋਲੋਂ 4 ਹਥਿਆਰ ਅਤੇ 8 ਰੌਂਦ ਬਰਾਮਦ ਹੋਏ। ਪੁੱਛਗਿੱਛ ਦੌਰਾਨ ਦੋਸ਼ੀਆਂ ਨੇ ਖੁਲਾਸਾ ਕੀਤਾ ਕਿ ਇੱਕ ਪਿਸਤੌਲ ਮੱਧ ਪ੍ਰਦੇਸ਼ ਤੋਂ 50 ਹਜ਼ਾਰ ਰੁਪਏ ਵਿੱਚ ਖਰੀਦਿਆ ਗਿਆ ਸੀ, ਜਦਕਿ ਦੂਜਾ ਹਥਿਆਰ ਭਗਤਾ ਭਾਈਕਾ ਦੇ ਇਕ ਵਿਅਕਤੀ ਤੋਂ ਲਿਆ ਗਿਆ ਸੀ। ਹੋਰ ਖੁਲਾਸਿਆਂ ਵਿੱਚ ਸਾਹਮਣੇ ਆਇਆ ਕਿ ਦੋਸ਼ੀਆਂ ਵਿੱਚੋਂ ਇਕ ਦਾ ਪਿੰਡ ਦੇ ਹੀ ਇੱਕ ਵਿਅਕਤੀ ਨਾਲ ਪੁਰਾਣਾ ਝਗੜਾ ਸੀ ਅਤੇ ਉਹ ਉਸ ਨੂੰ ਨੁਕਸਾਨ ਪਹੁੰਚਾਉਣ ਦੀ ਨੀਅਤ ਨਾਲ ਇਹ ਹਥਿਆਰ ਇਕੱਠੇ ਕਰ ਰਿਹਾ ਸੀ। ਪੁਲਿਸ ਅਧਿਕਾਰੀਆਂ ਮੁਤਾਬਕ, ਸਮੇਂ ਸਿਰ ਕੀਤੀ • ਬਾਕੀ ਸਫ਼ਾ 2 'ਤੇ



## ਮੁੱਖ ਮੰਤਰੀ ਵੱਲੋਂ ਸਮਾਂ ਹੱਦ ਤੋਂ ਪਹਿਲਾਂ ਹੜ੍ਹ ਸੁਰੱਖਿਆ ਕਾਰਜ ਨੇਪਰੇ ਚਾੜ੍ਹਨ ਦੇ ਆਦੇਸ਼

### ਪ੍ਰਦੂਸ਼ਣ ਕੰਟਰੋਲ ਅਤੇ ਲੰਬਿਤ ਜਲ ਪ੍ਰਾਜੈਕਟਾਂ ਨੂੰ ਬਿਨਾਂ ਦੇਰੀ ਦੇ ਪੂਰਾ ਕੀਤਾ ਜਾਵੇ : ਮਾਨ

**ਚੰਡੀਗੜ੍ਹ/ਬਿਊਰੋ**

ਆਗਾਮੀ ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਡਿਪਟੀ ਕਮਿਸ਼ਨਰਾਂ ਨੂੰ ਹੜ੍ਹ ਸੁਰੱਖਿਆ ਦੇ ਸਾਰੇ ਕੰਮ ਸਮੇਂ ਸਿਰ ਪੂਰੇ ਕਰਨ ਦੇ ਹੁਕਮ ਦਿੱਤੇ ਅਤੇ ਅਧਿਕਾਰੀਆਂ ਨੂੰ ਕੁਤਾਹੀ ਲਈ ਨਿੱਜੀ ਜਵਾਬਦੇਹੀ ਦੀ ਚੇਤਾਵਨੀ ਦਿੱਤੀ। ਇੱਕ ਉੱਚ-ਪੱਧਰੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਉਨ੍ਹਾਂ ਨਾਲਿਆਂ ਅਤੇ ਹੜ੍ਹਾਂ ਵਾਲੀਆਂ ਸੰਭਾਵੀ ਥਾਵਾਂ ਤੋਂ ਤੁਰੰਤ ਗਾਰ ਕੱਢਣ, ਪ੍ਰਦੂਸ਼ਣ ਵਿਰੋਧੀ ਉਪਾਵਾਂ ਨੂੰ ਤੇਜ਼ ਕਰਨ ਅਤੇ ਲੰਬਿਤ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਨੂੰ ਅੱਗੇ ਵਧਾਉਣ ਦੇ ਨਿਰਦੇਸ਼ ਦਿੱਤੇ ਤਾਂ ਕਿ ਬਾਰਿਸ਼ ਤੋਂ ਪਹਿਲਾਂ ਹੀ ਸਾਰੇ ਪ੍ਰਬੰਧ ਮੁਕੰਮਲ ਹੋਣ। ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਜਿਨ੍ਹਾਂ ਦੇ ਨਾਲ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੀ ਸਨ, ਨੇ ਪੰਜਾਬ ਭਰ ਵਿੱਚ ਹੜ੍ਹ ਸੁਰੱਖਿਆ ਕਾਰਜਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਮਾਸਟਰ ਪਲਾਨ ਲਾਗੂ ਕਰਨ ਦੀ ਵਕਾਲਤ ਕੀਤੀ। ਉਨ੍ਹਾਂ ਕਿਹਾ, ਡਰੇਨਾਂ ਅਤੇ ਦਰਿਆਵਾਂ ਦੀ ਯੋਜਨਾ ਸਿੰਜਾਈ ਵਿਭਾਗ ਦੇ ਇੰਜਨੀਅਰਾਂ ਨਾਲ ਤਾਲਮੇਲ ਕਰਕੇ ਤਿਆਰ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਹੜ੍ਹ ਸੁਰੱਖਿਆ ਕਾਰਜਾਂ ਦੀ ਨਿਯਮਤ ਤੌਰ 'ਤੇ ਡੀ-ਸਿਲਟਿੰਗ, ਸਫ਼ਾਈ ਅਤੇ ਮਜ਼ਬੂਤੀ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਜ਼ੋਰ ਦੇ ਕੇ ਕਿਹਾ, ਇਹ ਮਾਨਸੂਨ ਦੇ ਮੌਸਮ ਦੌਰਾਨ ਲੋਕਾਂ ਨੂੰ ਹੜ੍ਹਾਂ ਦੇ ਕਹਿਰ ਤੋਂ ਬਚਾਉਣ ਵਿੱਚ ਸਹਾਈ ਹੋਵੇਗਾ ਅਤੇ ਹਰੇਕ ਅਧਿਕਾਰੀ ਇਸ ਕੰਮ ਲਈ ਨਿੱਜੀ ਤੌਰ 'ਤੇ ਜਵਾਬਦੇਹ ਹੋਵੇਗਾ। ਉਨ੍ਹਾਂ ਕਿਹਾ ਕਿ ਗਿੱਦੜਪਿੰਡੀ ਰੇਲਵੇ ਪੁਲ ਅਤੇ ਹੜ੍ਹਾਂ ਦੀ ਸੰਭਾਵਨਾ ਵਾਲੀਆਂ ਹੋਰ ਥਾਵਾਂ ਦੀ ਸਫ਼ਾਈ ਜਲਦੀ ਤੋਂ ਜਲਦੀ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਕਿਸੇ ਵੀ ਹੜ੍ਹ ਵਰਗੀ ਸਥਿਤੀ ਨੂੰ ਟਾਲਿਆ ਜਾ ਸਕੇ। ਬੁੱਢੇ ਨਾਲੇ ਦੀ ਸਫਾਈ ਬਾਰੇ ਮੁੱਖ ਮੰਤਰੀ ਨੇ ਅੱਗੇ ਕਿਹਾ, ਪਵਿੱਤਰ ਬੁੱਢੇ ਨਾਲੇ ਦੇ ਪਾਣੀ ਨੂੰ ਲੁਧਿਆਣਾ ਸ਼ਹਿਰ ਦੇ ਸ਼ੁਰੂਆਤੀ ਬਿੰਦੂ ਤੱਕ ਸਾਫ਼ ਕਰ ਦਿੱਤਾ ਗਿਆ ਹੈ ਅਤੇ ਇਸ ਬਿੰਦੂ ਤੋਂ ਅੱਗੇ ਸਫ਼ਾਈ ਦਾ ਕੰਮ ਜਾਰੀ ਹੈ। ਡੇਅਰੀਆਂ ਤੋਂ ਬੁੱਢੇ ਨਾਲੇ ਵਿੱਚ ਜਾਣ ਵਾਲੇ ਗੋਹੇ ਦੇ ਮਾਮਲੇ ਦੀ ਸਖ਼ਤੀ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ। ਨਗਰ ਨਿਗਮ ਨੂੰ ਡੇਅਰੀਆਂ ਤੋਂ ਗੋਹਾ ਸਹੀ ਢੰਗ ਨਾਲ ਚੁਕਾਉਣਾ ਚਾਹੀਦਾ ਹੈ ਅਤੇ ਡੇਅਰੀ ਮਾਲਕਾਂ ਨੂੰ ਸਹਿਯੋਗ ਕਰਨਾ ਚਾਹੀਦਾ ਹੈ। ਬੁਨਿਆਦੀ ਢਾਂਚੇ ਦੇ ਰਹਿੰਦੇ ਕੰਮਾਂ ਦੀ ਸਮੀਖਿਆ ਕਰਦਿਆਂ ਉਨ੍ਹਾਂ ਕਿਹਾ, "ਹੇਬੋਵਾਲ ਵਿਖੇ ਸੀ.ਬੀ.ਜੀ. ਪਲਾਂਟ ਨੂੰ ਜਲਦੀ ਚਾਲੂ ਕੀਤਾ ਜਾਣਾ ਚਾਹੀਦਾ ਹੈ। ਤਾਜਪੁਰ ਵਿਖੇ ਪ੍ਰਸਤਾਵਿਤ ਸੀ.ਬੀ.ਜੀ. ਪਲਾਂਟ ਲਈ 2.5 ਏਕੜ ਜ਼ਮੀਨ ਅਲਾਟ ਕਰਨ ਦੇ ਪ੍ਰਸਤਾਵ ਨੂੰ ਨਗਰ ਨਿਗਮ, ਪੀ. ਐਸ. ਆਈ. ਈ. ਸੀ. ਅਤੇ ਪੇਡਾ ਦੁਆਰਾ ਇੱਕ ਹਫ਼ਤੇ ਦੇ ਅੰਦਰ ਜਲਦੀ ਤੋਂ ਜਲਦੀ ਅੰਤਿਮ ਰੂਪ ਦਿੱਤਾ ਜਾਣਾ ਚਾਹੀਦਾ ਹੈ। ਉਦਯੋਗਿਕ ਗੰਦੇ ਪਾਣੀ ਨੂੰ ਸਹੀ ਢੰਗ ਨਾਲ ਟਰੀਟ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਸਬੰਧ ਵਿੱਚ ਪ੍ਰਦੂਸ਼ਣ ਬੋਰਡ ਦੁਆਰਾ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਸੂਬੇ ਭਰ ਵਿੱਚ ਡਰੇਨਾਂ ਵਿੱਚ ਪ੍ਰਦੂਸ਼ਿਤ ਪਾਣੀ ਦਾਖ਼ਲ ਹੋਣ ਵਾਲੀ ਲਾਪਰਵਾਹੀ ਦੇ ਮਾਮਲੇ ਵਿੱਚ ਜਵਾਬਦੇਹੀ ਤੈਅ ਕੀਤੀ ਜਾਵੇਗੀ। ਪਾਣੀ ਦੇ ਵਹਾਅ ਅਤੇ ਪ੍ਰਦੂਸ਼ਣ ਕੰਟਰੋਲ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਚਿੱਟੀ ਵੇਈਂ ਵਿੱਚ 200 ਕਿਊਸਿਕ ਪਾਣੀ ਛੱਡਣ ਲਈ ਸਿੰਬਲੀ ਵਿਖੇ ਰੈਗੂਲੇਟਰ ਚਾਲੂ ਕੀਤਾ ਜਾਣਾ ਚਾਹੀਦਾ ਹੈ। ਜਲੰਧਰ ਰਾਸ਼ਟਰੀ ਰਾਜਮਾਰਗ 44 'ਤੇ ਬਣੀਆਂ ਪੁਲੀਆਂ ਵਿੱਚ ਤੁਰੰਤ ਤਕਨੀਕੀ ਸੁਧਾਰ ਕੀਤਾ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਕਾਲਾ ਸੰਘਿਆਂ ਡਰੇਨ ਵਿੱਚ ਪ੍ਰਦੂਸ਼ਣ ਘਟਾਉਣ ਲਈ ਬਿਸਤ ਦੁਆਬ ਨਹਿਰ ਤੋਂ 100 ਕਿਊਸਿਕ ਪਾਣੀ ਛੱਡਿਆ ਜਾਣਾ ਚਾਹੀਦਾ ਹੈ।"ਉਨ੍ਹਾਂ ਅੱਗੇ ਕਿਹਾ, "ਸਟੋਨ ਲਾਈਨਿੰਗ ਦਾ ਕੰਮ ਪੂਰਾ ਹੋ ਗਿਆ ਹੈ।ਮੁੱਖ ਮੰਤਰੀ ਨੇ ਹਦਾਇਤ ਦਿੱਤੀ, ਡੇਅਰੀ ਰਹਿੰਦ-ਖੂੰਹਦ ਨੂੰ ਨਾਲੀਆਂ ਵਿੱਚ ਸੁੱਟਣ ਦੀ ਸਖ਼ਤੀ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ ਅਤੇ ਇਸ ਪਾਬੰਦੀ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਲੋੜ ਹੈ। ਧੁੱਸੀ ਬੰਨ੍ਹ ਸੜਕ ਪ੍ਰਾਜੈਕਟ (ਸਤਲੁਜ ਦਰਿਆ) ਦਾ ਮਾਮਲਾ ਕੇਂਦਰੀ ਪੇਂਡੂ ਵਿਕਾਸ ਮੰਤਰੀ ਕੋਲ ਉਠਾਇਆ ਜਾਵੇਗਾ। 117.75 ਕਰੋੜ ਰੁਪਏ ਦੀ ਲਾਗਤ ਨਾਲ ਉਲੀਕਿਆ ਗਿਆ ਇਹ ਪ੍ਰਾਜੈਕਟ ਨਾਬਾਰਡ ਦੇ ਸਹਿਯੋਗ ਨਾਲ ਪੂਰਾ ਕੀਤਾ • ਬਾਕੀ ਸਫ਼ਾ 2 'ਤੇ



# ਕੈਬਨਿਟ ਮੰਤਰੀ ਵੱਲੋਂ ਦੂਜੇ ਦਿਨ ਵੀ ਸੁਨਾਮ ਹਲਕੇ ਦੇ ਪਿੰਡਾਂ 'ਚ 20.32 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦੀ ਸ਼ੁਰੂਆਤ

## ਭਗਵੰਤ ਮਾਨ ਸਰਕਾਰ ਨੇ ਬਿਨ੍ਹਾਂ ਵਿਤਕਰੇ ਪਿੰਡਾਂ ਤੇ ਸ਼ਹਿਰਾਂ ਦਾ ਸਮਾਨ ਵਿਕਾਸ ਯਕੀਨੀ ਬਣਾਇਆ : ਅਮਨ ਅਰੋੜਾ

ਜ਼ਿਕਰ ਪੰਜਾਬ

**ਸੰਗਰੂਰ/ਬਿਊਰੋ**




ਪੰਜਾਬ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਸ੍ਰੀ ਅਮਨ ਅਰੋੜਾ ਨੇ ਦੂਜੇ ਦਿਨ ਲਗਾਤਾਰ ਆਪਣੇ ਹਲਕੇ ਸੁਨਾਮ ਦੇ ਵੱਖ-ਵੱਖ ਪਿੰਡਾਂ ਵਿੱਚ ਕਰੀਬ 20.32 ਕਰੋੜ ਰੁਪਏ ਦੀ ਲਾਗਤ ਨਾਲ ਵਿਕਾਸ ਪ੍ਰਾਜੈਕਟਾਂ ਦੀ ਸ਼ੁਰੂਆਤ ਕਰਵਾਈ।ਬੀਤੇ ਦਿਨ ਵੀ ਉਨ੍ਹਾਂ ਨੇ ਹਲਕੇ 'ਚ ਵਿਕਾਸ ਦੀ ਹਨ੍ਹੇਰੀ ਲਿਆਉਂਦਿਆਂ 20.42 ਕਰੋੜ ਰੁਪਏ ਦੀ ਲਾਗਤ ਨਾਲ 23 ਕਾਰਜਾਂ ਦਾ ਲੋਕਅਰਪਣ ਕੀਤਾ ਸੀ। ਇਸ ਮੌਕੇ ਸ੍ਰੀ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚੋਣਾਂ ਦੌਰਾਨ ਦਿੱਤੀਆਂ ਸਾਰੀਆਂ ਗਰੰਟੀਆਂ ਪੂਰੀਆਂ ਕਰਕੇ ਵਿਰੋਧੀਆਂ ਦੇ ਮੂੰਹ ਬੰਦ ਕੀਤੇ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਸੂਬੇ ਨੂੰ "ਰੰਗਲਾ ਪੰਜਾਬ"ਬਣਾਉਣ ਲਈ ਵੱਖ-ਵੱਖ ਲੋਕ-ਹਿਤੈਸ਼ੀ ਯੋਜਨਾਵਾਂ ਸਫਲਤਾਪੂਰਵਕ ਵੀ ਲਾਗੂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਹਰ ਹਲਕੇ ਵਿੱਚ ਬਿਨ੍ਹਾਂ ਕਿਸੇ ਵਿਤਕਰੇ ਦੇ ਪਿੰਡਾਂ ਅਤੇ ਸ਼ਹਿਰਾਂ ਦਾ ਸਮਾਨ ਵਿਕਾਸ ਯਕੀਨੀ ਬਣਾਇਆ ਹੈ। ਸ੍ਰੀ ਅਰੋੜਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮਾਂਵਾਂ-ਧੀਆਂ ਸਤਿਕਾਰ ਯੋਜਨਾ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਵਰਗੀਆਂ ਸਕੀਮਾਂ ਰਾਹੀਂ ਸਮਾਜ ਦੇ ਹਰ ਵਰਗ ਨੂੰ ਲਾਭ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ 66 ਹਜ਼ਾਰ ਤੋਂ ਵੱਧ ਨੌਕਰੀਆਂ ਪੂਰੀ ਪਾਰਦਰਸ਼ਤਾ ਨਾਲ ਮੈਰਿਟ ਅਧਾਰ 'ਤੇ ਦਿੱਤੀਆਂ ਗਈਆਂ ਹਨ ਅਤੇ ਸੂਬੇ ਵਿੱਚ ਸਿਹਤ ਤੇ ਸਿੱਖਿਆ ਖੇਤਰ ਵਿੱਚ ਮਹੱਤਵਪੂਰਨ ਸੁਧਾਰ ਕੀਤੇ ਹਨ। ਇਸ ਤੋਂ ਇਲਾਵਾ ਪੰਜਾਬ ਨੂੰ ਨਿਵੇਸ਼ ਲਈ ਇੱਕ ਆਕਰਸ਼ਕ ਕੇਂਦਰ ਵਜੋਂ ਵਿਕਸਿਤ ਕੀਤਾ ਜਾ ਰਿਹਾ ਹੈ।

ਵਿਕਾਸ ਕਾਰਜਾਂ ਦੇ ਵੇਰਵੇ ਦਿੰਦਿਆਂ ਉਨ੍ਹਾਂ ਦੱਸਿਆ ਕਿ ਪਿੰਡ ਚੱਠੇ ਸੇਖਵਾਂ ਵਿੱਚ ਕਰੀਬ 2 ਕਰੋੜ 43 ਰੁਪਏ ਦੀ ਲਾਗਤ ਨਾਲ ਵੱਖ-ਵੱਖ ਪ੍ਰਾਜੈਕਟਾਂ ਦੀ ਸ਼ੁਰੂਆਤ ਕੀਤੀ ਗਈ, ਜਿਨ੍ਹਾਂ ਵਿੱਚ 55 ਲੱਖ ਰੁਪਏ ਦੀ ਲਾਗਤ ਵਾਲਾ ਹੈਲਥ ਐਂਡ ਵੈਲਨੈਸ ਸੈਂਟਰ, ਫਿਰਨੀ ਚੌੜੀ ਕਰਨ ਅਤੇ ਚੱਠੇ ਸੇਖਵਾਂ ਤੋਂ ਮਸੀਤ, ਪੀਰ ਖਾਨਾ ਤੇ ਸਮਾਧ ਤੱਕ ਸੜਕ ਦੀ ਉਸਾਰੀ ਸ਼ਾਮਲ ਹੈ। ਪਿੰਡ ਭੰਮਾਬੱਦੀ ਵਿੱਚ 91 ਲੱਖ ਰੁਪਏ ਦੀ ਲਾਗਤ ਨਾਲ ਸੜਕ ਨਿਰਮਾਣ ਦਾ ਕੰਮ ਸ਼ੁਰੂ ਕਰਵਾਇਆ ਗਿਆ। ਉਨ੍ਹਾਂ ਨੇ ਪਿੰਡ ਬਹਾਦਰਪੁਰ ਵਿੱਚ 3.55 ਕਰੋੜ ਰੁਪਏ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਦਿਆਂ ਨਵੀਂ ਲਾਇਬ੍ਰੇਰੀ, ਹੈਲਥ ਐਂਡ ਵੈਲਨੈਸ ਸੈਂਟਰ, ਸੜਕਾਂ ਦੀ ਉਸਾਰੀ ਅਤੇ ਨਹਿਰੀ ਪਾਣੀ ਦੇ ਮੋਘੇ ਦਾ ਨੀਂਹ ਪੱਥਰ ਰੱਖਿਆ। ਪਿੰਡ ਦੁੱਗਾਂ ਵਿੱਚ ਵੀ 1.74 ਕਰੋੜ ਦੀ ਲਾਗਤ ਨਾਲ ਨਹਿਰੀ ਪਾਣੀ ਦੀ ਸਹੂਲਤ ਲਈ ਮੋਘਾ ਅਤੇ ਸੜਕਾਂ ਦੇ ਨਿਰਮਾਣ ਕਾਰਜ ਸ਼ੁਰੂ ਕੀਤੇ ਗਏ। ਇਸੇ ਤਰ੍ਹਾਂ ਪਿੰਡ ਕਿਲਾ ਭਰੀਆਂ ਵਿੱਚ 3 ਕਰੋੜ ਰੁਪਏ ਦੀ ਲਾਗਤ ਨਾਲ ਨਵੀਂ ਸੜਕ, ਪਿੰਡ ਸ਼ਾਹਪੁਰ ਵਿੱਚ 2.58 ਕਰੋੜ ਰੁਪਏ ਨਾਲ ਤਿੰਨ ਸੜਕਾਂ, ਪਿੰਡ ਬਟੂਹਾ ਖੁਰਦ ਵਿੱਚ 86.28 ਲੱਖ ਰੁਪਏ ਨਾਲ ਸੜਕ ਨਿਰਮਾਣ, ਚੀਮਾ ਵਿੱਚ 2.60 ਕਰੋੜ ਰੁਪਏ ਨਾਲ ਦੋ ਸੜਕਾਂ ਅਤੇ ਤੋਲਾਵਾਲਾ ਵਿੱਚ 1.46 ਕਰੋੜ ਰੁਪਏ ਨਾਲ ਸੜਕ ਨਿਰਮਾਣ ਦੇ ਕੰਮਾਂ ਦੀ ਸ਼ੁਰੂਆਤ ਕੀਤੀ ਗਈ। ਇਸ ਤੋਂ ਇਲਾਵਾ ਪਿੰਡ ਚੌਵਾਸ ਵਿੱਚ ਖੇਤਾਂ ਦੀ ਸਿੰਚਾਈ ਲਈ ਨਹਿਰੀ ਪਾਣੀ ਦੇ ਮੋਘੇ ਦਾ ਨੀਂਹ ਪੱਥਰ ਵੀ ਰੱਖਿਆ ਗਿਆ। ਸ੍ਰੀ ਅਰੋੜਾ ਨੇ ਕਿਹਾ ਕਿ ਹਲਕੇ ਦੇ ਸਰਵਪੱਖੀ ਵਿਕਾਸ ਲਈ ਇਸ ਤਰ੍ਹਾਂ ਦੇ ਪ੍ਰਾਜੈਕਟ ਆਉਣ ਵਾਲੇ ਸਮੇਂ ਵਿੱਚ ਵੀ ਜਾਰੀ ਰਹਿਣਗੇ। ਇਸ ਮੌਕੇ ਵੱਖ-ਵੱਖ ਪਿੰਡਾਂ ਦੇ ਪਤਵੰਤਿਆਂ ਸਮੇਤ ਪ੍ਰਸ਼ਾਸਕੀ ਅਧਿਕਾਰੀ ਅਤੇ ਪਾਰਟੀ ਦੇ ਸੀਨੀਅਰ ਆਗੂ ਵੀ ਹਾਜ਼ਰ ਸਨ।



# ਹਰਿਆਣਾ 'ਚ ਨਿਵੇਸ਼ ਲਈ ਅਨੁਕੂਲ ਮਾਹੌਲ : ਸੈਣੀ

ਜ਼ਿਕਰ ਪੰਜਾਬ

**ਅੰਮ੍ਰਿਤਸਰ/ਬਿਊਰੋ**

ਪੰਜਾਬ ਦੇ ਅੰਮ੍ਰਿਤਸਰ ਦੇ ਮਜੀਠ ਮੰਡੀ ਦੇ ਵਪਾਰੀਆਂ ਦੇ ਇੱਕ ਵਫ਼ਦ ਨੇ ਸ਼ਨੀਵਾਰ ਨੂੰ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਇਹ ਮੁਲਾਕਾਤ ਸੰਤ ਕਬੀਰ ਕੁਟੀਰ ਨਿਵਾਸ 'ਤੇ ਹੋਈ। ਵਪਾਰੀਆਂ ਨੇ ਮੁੱਖ ਮੰਤਰੀ ਨਾਲ ਹਰਿਆਣਾ 'ਚ ਆਪਣੇ ਕਾਰੋਬਾਰਾਂ ਅਤੇ ਨਿਵੇਸ਼ ਦੇ ਮੌਕਿਆਂ ਦੇ ਵਿਸਥਾਰ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ। ਮੀਟਿੰਗ ਦੌਰਾਨ ਅੰਮ੍ਰਿਤਸਰ ਦੇ ਮਜੀਠ ਮੰਡੀ ਦੇ ਵਪਾਰੀਆਂ ਨੇ ਸੋਨੀਪਤ ਤੱਕ ਥੋਕ ਸੁੱਕੇ ਮੇਵੇ ਦੇ ਵਪਾਰ ਦਾ ਵਿਸਥਾਰ ਕਰਨ ਦਾ ਪ੍ਰਸਤਾਵ ਪੇਸ਼ ਕੀਤਾ, ਜਿਸਨੂੰ ਮੁੱਖ ਮੰਤਰੀ ਨੇ ਸਕਾਰਾਤਮਕ ਤੌਰ 'ਤੇ ਮਨਜ਼ੂਰੀ ਦੇ ਦਿੱਤੀ। ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਸਰਕਾਰ ਰਾਜ 'ਚ ਵਪਾਰ ਅਤੇ ਉਦਯੋਗ ਨੂੰ ਉਤਸ਼ਾਹਿਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਨਿਵੇਸ਼ਕਾਂ ਨੂੰ ਸਾਰੀਆਂ ਜ਼ਰੂਰੀ ਸਹੂਲਤਾਂ ਪ੍ਰਦਾਨ ਕਰ ਰਹੀ ਹੈ। ਅੰਮ੍ਰਿਤਸਰ ਤੋਂ ਹਰਿਆਣਾ 'ਚ ਸਾਰੇ ਵਪਾਰੀਆਂ ਦਾ ਸਵਾਗਤ ਕਰਦੇ ਹੋਏ, ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਵਪਾਰੀਆਂ ਲਈ ਪਾਰਦਰਸ਼ੀ, ਸਰਲ ਅਤੇ ਆਸਾਨ ਪ੍ਰਕਿਰਿਆਵਾਂ ਨੂੰ ਯਕੀਨੀ ਬਣਾਉਣ ਲਈ "ਕਾਰੋਬਾਰ ਕਰਨ 'ਚ ਸੌਖ"ਦੇ ਸਿਧਾਂਤ 'ਤੇ ਕੰਮ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਹਰਿਆਣਾ ਦੇਸ਼ ਵਿੱਚ ਇੱਕ ਪ੍ਰਮੁੱਖ ਉਦਯੋਗਿਕ ਅਤੇ ਲੌਜਿਸਟਿਕ ਹੱਬ ਵਜੋਂ ਉੱਭਰ ਰਿਹਾ ਹੈ, ਜੋ ਅਨੁਕੂਲ ਨਿਵੇਸ਼ ਵਾਤਾਵਰਣ ਦੀ ਪੇਸ਼ਕਸ਼ ਕਰਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਅੰਮ੍ਰਿਤਸਰ ਤੋਂ ਇਲਾਵਾ, ਰਾਏ (ਸੋਨੀਪਤ) ਖੇਤਰ 'ਚ ਦਿੱਲੀ ਦੇ ਖਾਰੀ ਬਾਉਲੀ ਅਤੇ ਭਾਗੀਰਥ ਪੈਲੇਸ ਵਰਗੇ ਪ੍ਰਮੁੱਖ ਵਪਾਰਕ ਕੇਂਦਰਾਂ ਦੇ ਵਿਸਥਾਰ ਨੂੰ ਪਹਿਲਾਂ ਹੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ, ਇਸ ਲਈ, ਇਸ ਖੇਤਰ ਨੂੰ ਇੱਕ ਪ੍ਰਮੁੱਖ ਵਪਾਰਕ ਹੱਬ ਵਜੋਂ ਵਿਕਸਤ ਕਰਨ ਲਈ ਠੋਸ ਕਦਮ ਚੁੱਕੇ ਜਾ ਰਹੇ ਹਨ। ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਹਰਿਆਣਾ ਸਰਕਾਰ ਹਰ ਕਦਮ 'ਤੇ ਵਪਾਰੀਆਂ ਦੇ ਨਾਲ ਖੜ੍ਹੀ ਹੈ ਅਤੇ ਸੂਬੇ 'ਚ ਨਿਵੇਸ਼ ਕਰਨ ਵਾਲੇ ਹਰੇਕ ਉੱਦਮੀ ਨੂੰ ਪੂਰਾ ਸਮਰਥਨ ਅਤੇ ਸੁਰੱਖਿਆ ਪ੍ਰਦਾਨ ਕੀਤੀ ਜਾਵੇਗੀ ਤਾਂ ਜੋ ਉਹ ਆਪਣੇ ਕਾਰੋਬਾਰ ਨੂੰ ਨਵੀਆਂ ਉਚਾਈਆਂ 'ਤੇ ਲੈ ਜਾ ਸਕਣ। ਬੈਠਕ ਦੌਰਾਨ ਭਾਜਪਾ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਅਤੇ ਮੁੱਖ ਕੋਆਰਡੀਨੇਟਰ ਉਦਯੋਗ ਸੁਨੀਲ ਸ਼ਰਮਾ ਵੀ ਮੌਜੂਦ ਸਨ।

# ਜੱਥੇ. ਦਾਦੂਵਾਲ ਨੇ ਭਾਰਤ ਸਰਕਾਰ ਵੱਲੋਂ ਕੇਂਦਰੀ ਸਤਿਕਾਰ ਕਾਨੂੰਨ ਬਣਾਉਣ ਲਈ ਕੇਂਦਰੀ ਮੰਤਰੀ ਖੱਟਰ ਨਾਲ ਕੀਤੀ ਮੁਲਾਕਾਤ

## ਭਾਰਤ ਸਰਕਾਰ ਵੱਲੋਂ ਕੇਂਦਰੀ ਸਤਿਕਾਰ ਕਾਨੂੰਨ ਬਣਾਏ ਜਾਣ ਦੀ ਮੰਗ ਨੂੰ ਲੈਕੇ ਦਿੱਤਾ ਮੰਗ ਪੱਤਰ

ਜ਼ਿਕਰ ਪੰਜਾਬ

**ਨਵੀਂ ਦਿੱਲੀ/ਬਿਊਰੋ**

ਭਾਰਤ ਸਰਕਾਰ ਦੇ ਪਾਵਰ ਅਤੇ ਅਰਬਨ ਡਿਵੈਲਪਮੈਂਟ ਸ੍ਰੀ ਮਨੋਹਰ ਲਾਲ ਖੱਟੜ ਸਾਬਕਾ ਮੁੱਖ ਮੰਤਰੀ ਹਰਿਆਣਾ ਨਾਲ ਉਨਾਂ ਦੇ ਦਿੱਲੀ ਸਥਿਤ ਨਿਵਾਸ ਵਿਖੇ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਮੁਲਾਕਾਤ ਕੀਤੀ ਅਤੇ ਮੰਗ ਪੱਤਰ ਸੌਂਪਿਆ ਜਥੇਦਾਰ ਦਾਦੂਵਾਲ ਜੀ ਦੇ ਸਹਾਇਕ ਭਾਈ ਜਗਮੀਤ ਸਿੰਘ ਬਰਾੜ ਨੇ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕੇ ਮੁਲਾਕਾਤ ਦੌਰਾਨ ਕੇਂਦਰੀ ਮੰਤਰੀ ਸ੍ਰੀ ਮਨੋਹਰ ਲਾਲ ਖੱਟੜ ਅਤੇ ਅੰਬੈਸਡਰ ਫਾਰ ਪੀਸ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਸਤਿਕਾਰ ਵਿੱਚ ਬੇਅਦਬੀ ਕਰਨ ਵਾਲੇ ਦੋਸ਼ੀਆ ਖਿਲਾਫ਼ ਪੰਜਾਬ ਸਰਕਾਰ ਵੱਲੋਂ ਬਣਾਏ ਗਏ ਜਾਗਤ ਜੋਤ ਸਤਿਕਾਰ ਕਾਨੂੰਨ ਬਾਰੇ ਵਿਚਾਰ ਚਰਚਾ ਹੋਈ ਅਤੇ ਜਥੇਦਾਰ ਦਾਦੂਵਾਲ ਜੀ ਨੇ ਕੇਂਦਰੀ ਮੰਤਰੀ ਨੂੰ ਮੰਗ ਪੱਤਰ ਸੌਂਪਦਿਆਂ ਕਿਹਾ ਕੇ ਸਖ਼ਤ ਕਾਨੂੰਨ ਭਾਰਤ ਸਰਕਾਰ ਵੱਲੋਂ ਬਣਨਾ ਚਾਹੀਦਾ ਜੋ ਪੂਰੇ ਦੇਸ਼ ਵਿੱਚ ਲਾਗੂ ਹੋ ਸਕੇ ਜਥੇਦਾਰ ਦਾਦੂਵਾਲ ਜੀ ਨੇ ਮੰਗ ਪੱਤਰ ਵਿੱਚ ਲਿਖਿਆ ਕੇ ਮਾਣਯੋਗ ਮੰਤਰੀ ਸਾਹਿਬ ਆਪ ਜੀ ਨੂੰ ਪਤਾ ਹੀ ਹੈ ਕੇ ਚਹੁੰ ਵਰਨਾਂ ਨੂੰ ਸਾਂਝਾ ਉਪਦੇਸ਼ ਕਰਨ ਵਾਲੇ ਸਾਰੀ



ਮਨੁੱਖਤਾ ਦੇ ਸਾਂਝੇ ਰਹਿਬਰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਸਤਿਕਾਰ ਵਿੱਚ ਪੰਜਾਬ ਸਰਕਾਰ ਵੱਲੋਂ 13 ਅਪ੍ਰੈਲ 2026 ਨੂੰ ਵਿਧਾਨ ਸਭਾ ਵਿੱਚ ਬਿੱਲ ਪਾਸ ਕੀਤਾ ਗਿਆ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਬੇਅਦਬੀ ਕਰਨ ਵਾਲੇ ਨੂੰ ਸਖ਼ਤ ਸਜ਼ਾ ਤੇ ਜੁਰਮਾਨਾ ਕਰਨ ਦਾ ਕਾਨੂੰਨ ਪਾਸ ਕੀਤਾ ਗਿਆ ਹੈ ਮਾਨਯੋਗ ਗਵਰਨਰ ਪੰਜਾਬ ਨੇ ਆਪਣੇ ਦਸਤਖ਼ਤ ਕਰਕੇ ਇਹ ਕਨੂੰਨ ਪਾਸ ਕਰ ਦਿੱਤਾ ਹੈ ਮੈਂ ਇਸ ਦੀ ਸਲਾਘਾ ਕਰਦਾਂ ਹਾਂ ਜਿਸ ਨਾਲ ਉਮੀਦ ਕੀਤੀ ਜਾ ਸਕਦੀ ਹੈ ਕੇ ਬੇਅਦਬੀ ਦੀਆਂ ਘਟਨਾਵਾਂ ਨੂੰ ਅੰਜ਼ਾਮ ਦੇਣ ਵਾਲੇ ਦੋਸ਼ੀ ਲੋਕਾਂ ਦੇ ਹੌਂਸਲੇ ਪਸਤ ਹੋਣਗੇ ਅਤੇ ਬੇਅਦਬੀ ਦੀਆਂ ਘਟਨਾਵਾਂ ਨੂੰ ਠੱਲ ਪਵੇਗੀ ਮੈਂ ਸਮੁੱਚੇ ਸਿੱਖ ਪੰਥ ਅਤੇ ਸ਼ਰਧਾਲੂ ਸੰਗਤਾਂ ਵੱਲੋਂ ਆਪ ਜੀ ਨੂੰ ਸਨਿਮਰ ਬੇਨਤੀ ਕਰਨੀ ਚਾਹੁੰਦਾ ਹਾਂ ਕੇ ਇਹ ਕਾਨੂੰਨ ਸਿਰਫ਼ ਪੰਜਾਬ ਸਟੇਟ ਵਿੱਚ ਹੀ ਲਾਗੂ ਹੋਵੇਗਾ ਪਰ ਅਜਿਹੇ ਕਨੂੰਨ ਦੀ ਪੂਰੇ ਦੇਸ਼ ਵਿੱਚ ਜਰੂਰਤ ਹੈ ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਨੇ ਸਿੱਖ ਪੰਥ ਨਾਲ ਸਬੰਧਿਤ ਚੰਗੇ ਕਾਰਜ਼ ਕੀਤੇ ਹਨ ਜਿਵੇਂ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲਣਾ, ਸਾਹਿਬਜ਼ਾਦਿਆਂ ਦਾ ਦਿਨ ਮਨਾਉਣਾ, ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਸ਼ਤਾਬਦੀ ਅਤੇ ਸ਼ਹੀਦੀ ਦਿਹਾੜਾ ਲਾਲ ਕਿਲੇ ਤੇ ਮਨਾਉਣਾ ਅਜਿਹੇ ਚੰਗੇ ਕਾਰਜ ਹਨ ਜਿਸਦੀ ਸਲਾਘਾ ਹੋਈ ਹੈ ਆਪ ਜੀ ਦੇਸ਼ ਤੇ ਰਾਜ ਕਰ ਰਹੀ ਭਾਰਤੀ ਜਨਤਾ ਪਾਰਟੀ ਦਾ ਅਹਿਮ ਹਿੱਸਾ ਅਤੇ ਭਾਰਤ ਸਰਕਾਰ ਵਿੱਚ ਮੰਤਰੀ ਹੋ ਅਤੇ ਹਰਿਆਣਾ ਦੇ ਮੁੱਖ ਮੰਤਰੀ ਹੁੰਦਿਆਂ ਵੀ ਆਪ ਜੀ ਨੇ ਸਿੱਖ ਗੁਰੂਆਂ ਦੀਆਂ ਸ਼ਤਾਬਦੀਆਂ ਮਨਾਈਆਂ ਸਨ ਇਸ ਲਈ ਮੈਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕੇ ਭਾਰਤ ਸਰਕਾਰ ਨਾਲ ਸਲਾਹ ਮਸ਼ਵਰਾ ਕਰਕੇ ਇੱਕ ਅਜਿਹਾ ਸਖ਼ਤ ਕਾਨੂੰਨ ਕੇਂਦਰ ਸਰਕਾਰ ਵੱਲੋਂ ਪਾਸ ਕਰਵਾਇਆ ਜਾਵੇ ਜੋ ਪੂਰੇ ਦੇਸ਼ ਵਿੱਚ ਲਾਗੂ ਹੋਵੇ ਜਿਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਬੇਅਦਬੀ ਕਰਨ ਅਤੇ ਕਰਾਉਣ ਵਾਲੇ ਨੂੰ ਸਖ਼ਤ ਜ਼ੁਰਮਾਨਾ ਅਤੇ ਸਜਾ ਦਿੱਤੀ ਜਾ ਸਕੇ ਇਹ ਵੀ ਬੇਨਤੀ ਹੈ ਕੇ ਹਰੇਕ ਧਰਮ ਦੇ ਗ੍ਰੰਥ ਸਤਿਕਾਰਯੋਗ ਹਨ ਉਨਾਂ ਦੇ ਸਤਿਕਾਰ ਲਈ ਵੀ ਕੇਂਦਰ ਸਰਕਾਰ ਇੱਕ ਵੱਖਰਾ ਕਾਨੂੰਨ ਪਾਸ ਕਰੇ ਤਾਂ ਕੇ ਕੋਈ ਵੀ ਵਿਅਕਤੀ ਅਜਿਹੀ ਘਟਨਾ ਨੂੰ ਅੰਜ਼ਾਮ ਨਾ ਦੇ ਸਕੇ ਅਜਿਹਾ ਸਖ਼ਤ ਕਨੂੰਨ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਵਿੱਚ ਸਹਾਈ ਹੋਵੇਗਾ ਮੈਨੂੰ ਪੂਰੀ ਆਸ ਹੈ ਕੇ ਆਪ ਜੀ ਮੇਰੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ ਅਜਿਹਾ ਯਤਨ ਜਰੂਰ ਕਰੋਗੇ ਆਪ ਜੀ ਦਾ ਧੰਨਵਾਦੀ ਹੋਵਾਂਗਾ।

# ਜ਼ਿਲ੍ਹੇ ਦੀਆਂ ਮੰਡੀਆਂ 'ਚ ਕਣਕ ਦੀ ਖ਼ਰੀਦ ਨਿਰਵਿਘਨ ਢੰਗ ਨਾਲ ਜਾਰੀ

ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**

ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਨਿਰਵਿਘਨ ਢੰਗ ਨਾਲ ਜਾਰੀ ਹੈ। ਉਨ੍ਹਾਂ ਦੱਸਿਆ ਕਿ ਐਤਵਾਰ ਸ਼ਾਮ ਤੱਕ 386256 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਸ ਵਿੱਚੋਂ ਵੱਖ-ਵੱਖ ਖ਼ਰੀਦ ਏਜੰਸੀਆਂ ਵੱਲੋਂ 385627 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਖ਼ਰੀਦ ਕੀਤੀ ਫ਼ਸਲ ਦੀ ਕਿਸਾਨਾਂ ਨੂੰ ਨਿਰਧਾਰਤ ਸਮੇਂ ਦੇ ਅੰਦਰ 936 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਏਜੰਸੀ ਵਾਰ ਖ਼ਰੀਦ ਦਾ ਵੇਰਵਾ ਦਿੰਦਿਆਂ ਵਾਲੀਆ ਨੇ ਦੱਸਿਆ ਕਿ ਪਨਗਰੇਨ ਵੱਲੋਂ 111494 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 103247 ਮੀਟ੍ਰਿਕ ਟਨ, ਪਨਸਪ ਵੱਲੋਂ 91576 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 49186 ਮੀਟ੍ਰਿਕ ਟਨ, ਐਫ.ਸੀ.ਆਈ. ਵੱਲੋਂ



29785 ਅਤੇ ਪ੍ਰਾਈਵੇਟ ਵਪਾਰੀਆਂ ਵੱਲੋਂ 339 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਲਿਫ਼ਟਿੰਗ ਵਿੱਚ ਹੋਰ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਖ਼ਰੀਦ ਉਪਰੰਤ ਮੰਡੀਆਂ 'ਚੋਂ ਨਿਰਧਾਰਿਤ ਸਮੇਂ ਦੇ ਅੰਦਰ ਫ਼ਸਲ ਦੀ ਚੁਕਾਈ ਯਕੀਨੀ ਬਣਾਈ ਜਾਵੇ। ਵਾਲੀਆ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਮੁੱਚੀ ਖ਼ਰੀਦ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹ ਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਵੱਲੋਂ ਮੰਡੀਆਂ ਵਿੱਚ ਲਿਆਂਦੀ ਫ਼ਸਲ ਦਾ ਇਕ-ਇਕ ਦਾਣਾ ਖ਼ਰੀਦਣ ਦੀ ਵਚਨਬੱਧ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੁਚਾਰੂ ਖ਼ਰੀਦ ਸੀਜ਼ਨ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ। ਓਧਰ, ਨਿਰਵਿਘਨ ਖ਼ਰੀਦ ਕਾਰਜਾਂ ਨੂੰ ਯਕੀਨੀ ਬਣਾਉਣ ਲਈ ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਦੇ ਅਧਿਕਾਰੀਆਂ ਵੱਲੋਂ ਮੰਡੀਆਂ ਦੇ ਲਗਾਤਾਰ ਦੌਰੇ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਬਾਹਰਲੇ ਰਾਜਾਂ ਤੋਂ ਕਣਕ ਦੀ ਅਣ ਅਧਿਕਾਰਤ ਸਪਲਾਈ ਨੂੰ ਰੋਕਣ ਲਈ ਚੌਕਸੀ ਵਜੋਂ ਨਾਕੇ ਵੀ ਲਾਏ ਜਾ ਰਹੇ ਹਨ।

●----- ਸਫ਼ਾ 1 ਦਾ ਬਾਕੀ -----●

### ਟਰੰਪ ਦੇ ਡਿਨਰ ਦੌਰਾਨ ਹੋਟਲ ਹਿਲਟਨ 'ਚ...

ਵਿਖੇ ਇੱਕ ਪ੍ਰੈਸ ਕਾਨਫਰੰਸ ਕਰਨਗੇ। ਦੱਸ ਦਈਏ ਕਿ 40 ਸਾਲ ਪਹਿਲਾਂ ਇਸੇ ਹੋਟਲ ਵਿੱਚ ਤਤਕਾਲੀ ਰਾਸ਼ਟਰਪਤੀ ਦੀ ਹੱਤਿਆ ਕਰ ਦਿੱਤੀ ਗਈ ਸੀ, ਤਾਂ ਇਹ ਸਪੱਸ਼ਟ ਹੈ ਕਿ ਇਹ ਇੱਕ ਵੱਡੀ ਸੁਰੱਖਿਆ ਚੁੱਕ ਹੈ। ਹਾਲਾਂਕਿ, ਟਰੰਪ ਨੇ ਸੀਕ੍ਰੇਟ ਸਰਵਿਸ ਦੀ ਗਲਤੀ ਨੂੰ ਖਾਰਜ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਬਹੁਤ ਵਧੀਆ ਕੰਮ ਕੀਤਾ ਹੈ। ਇਸ ਹਮਲੇ ਨੇ ਕਈ ਸਵਾਲ ਖੜ੍ਹੇ ਕੀਤੇ ਹਨ। ਬੰਦੂਕ ਵਾਲਾ ਕੋਈ ਵਿਅਕਤੀ ਉਸ ਹੋਟਲ ਵਿੱਚ ਕਿਵੇਂ ਪਹੁੰਚ ਸਕਦਾ ਹੈ ਜਿੱਥੇ ਟਰੰਪ ਮੌਜੂਦ ਸਨ? ਇਹ ਘਟਨਾ ਇੱਕ ਸਪੱਸ਼ਟ ਸੁਰੱਖਿਆ ਬ੍ਰੀਚ ਹੈ। ਕੀ ਟਰੰਪ ਹਮਲਾਵਰ ਦਾ ਨਿਸ਼ਾਨਾ ਸੀ, ਇਹ ਜਾਂਚ ਤੋਂ ਬਾਅਦ ਸਾਹਮਣੇ ਆਵੇਗਾ। ਐਫਬੀਆਈ ਦੇ ਇੱਕ ਬਿਆਨ ਅਨੁਸਾਰ, ਸ਼ੱਕੀ ਹਮਲਾਵਰ 30 ਸਾਲ ਦਾ ਹੈ ਅਤੇ ਕੈਲੀਫੋਰਨੀਆ ਦਾ ਰਹਿਣ ਵਾਲਾ ਹੈ। ਉਸ ਨੇ ਸੁਰੱਖਿਆ ਘੇਰਾ ਤੋੜਨ ਦੀ ਕੋਸ਼ਿਸ਼ ਕੀਤੀ। ਇਸ ਸਮੇਂ ਉਸ ਦੀ ਜਾਂਚ ਕੀਤੀ ਜਾ ਰਹੀ ਹੈ।

### ਸੀਕ੍ਰੇਟ ਸਰਵਿਸ ਨੇ ਮੇਰੀ ਜਾਨ ਬਚਾਈ : ਟਰੰਪ

ਸੰਭਾਵਨਾ ਸਭ ਤੋਂ ਵੱਧ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸ਼ੱਕੀ ਹਮਲਾਵਰ ਬਿਮਾਰ ਅਤੇ ਪਾਗਲ ਜਾਪਦਾ ਸੀ। ਟਰੰਪ ਨੇ ਕਿਹਾ ਕਿ ਇੱਕ ਅਫਸਰ ਨੂੰ ਗੋਲੀ ਲੱਗੀ ਸੀ, ਪਰ ਉਹ ਬਚ ਗਿਆ ਕਿਉਂਕਿ ਉਸ ਨੇ ਇੱਕ ਬਹੁਤ ਵਧੀਆ ਬੁਲੇਟਪਰੂਫ ਵੈਸਟ ਪਹਿਨੀ ਹੋਈ ਸੀ। ਘਟਨਾ ਸਥਾਨ 'ਤੇ ਹਫੜਾ-ਦਫੜੀ ਦੇ ਵਿਚਕਾਰ, ਸੀਕ੍ਰੇਟ ਸਰਵਿਸ ਦੇ ਕਰਮਚਾਰੀਆਂ ਨੇ ਤੁਰੰਤ ਅਮਰੀਕੀ ਰਾਸ਼ਟਰਪਤੀ ਨੂੰ ਘੇਰ ਲਿਆ, ਉਨ੍ਹਾਂ ਦੇ ਹਥਿਆਰ ਖਿੱਚੇ ਗਏ। ਸੀਕ੍ਰੇਟ ਸਰਵਿਸ ਦੇ ਕਰਮਚਾਰੀਆਂ ਨੇ ਟਰੰਪ ਨੂੰ ਤੁਰੰਤ ਘਟਨਾ ਸਥਾਨ ਤੋਂ ਹਟਾ ਦਿੱਤਾ ਅਤੇ ਉਸ ਨੂੰ ਪਿਛਲੇ ਪਰਦੇ ਰਾਹੀਂ ਬਾਹਰ ਕੱਢ ਦਿੱਤਾ, ਜਦੋਂ ਕਿ ਮੌਕੇ 'ਤੇ ਮੌਜੂਦ ਹੋਰ ਲੋਕ ਮੇਜ਼ਾਂ ਦੇ ਹੇਠਾਂ ਲੁਕ ਗਏ। ਜਦੋਂ ਗੋਲੀਬਾਰੀ ਹੋਈ ਤਾਂ ਟਰੰਪ ਦੇ ਮਨ ਵਿੱਚ ਕੀ ਚੱਲ ਰਿਹਾ ਸੀ। ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਸ਼ੁਰੂ ਵਿੱਚ ਲੱਗਿਆ ਸੀ ਕਿ ਕੋਈ ਟ?ਰੇ ਡਿੱਗ ਗਈ ਹੈ। ਉਨ੍ਹਾਂ ਇਹ ਵੀ ਨੋਟ ਕੀਤਾ ਕਿ ਆਵਾਜ਼ ਕਾਫ਼ੀ ਦੂਰੋਂ ਆ ਰਹੀ ਸੀ। ਹਾਲਾਂਕਿ, ਉਨ੍ਹਾਂ ਕਿਹਾ ਕਿ ਪਹਿਲੀ ਮਹਿਲਾ ਨੂੰ ਪੂਰੀ ਤਰ੍ਹਾਂ ਪਤਾ ਸੀ ਕਿ ਇਹ ਗੋਲੀਬਾਰੀ ਸੀ। ਸਿਹਤ ਅਤੇ ਮਨੁੱਖੀ ਸੇਵਾਵਾਂ ਦੇ ਸਕੱਤਰ ਰੌਬਰਟ ਐਫ. ਕੈਨੇਡੀ ਜੂਨੀਅਰ ਨੂੰ ਵੀ ਬਾਲਰੂਮ ਤੋਂ ਜਲਦੀ ਬਾਹਰ ਕੱਢਦੇ ਦੇਖਿਆ ਗਿਆ। ਉਨ੍ਹਾਂ ਦੇ ਚਾਚਾ, ਰਾਸ਼ਟਰਪਤੀ ਜੌਨ ਐਫ. ਕੈਨੇਡੀ, ਨੂੰ 1963 ਵਿੱਚ ਟੈਕਸਾਸ ਵਿੱਚ ਇੱਕ ਕਾਤਲ ਦੁਆਰਾ ਮਾਰ ਦਿੱਤਾ ਗਿਆ ਸੀ। ਸ਼ੱਕੀ, ਹਮਾਵਰ, ਕੈਲੀਫੋਰਨੀਆ ਵਿੱਚ ਇੱਕ ਅਧਿਆਪਕ ਹੈ ਅਤੇ ਉਸ ਨੂੰ ਮਹੀਨੇ ਦੇ ਅਧਿਆਪਕ ਦਾ ਪੁਰਸਕਾਰ ਵੀ ਮਿਲਿਆ ਹੈ। ਕੈਲੀਫੋਰਨੀਆ ਸੰਯੁਕਤ ਰਾਜ ਅਮਰੀਕਾ ਵਿੱਚ ਇੱਕ ਅਜਿਹੀ ਜਗ੍ਹਾ ਹੈ। ਜਿੱਥੇ ਲੋਕ ਰਾਸ਼ਟਰਪਤੀ ਟਰੰਪ ਦੀਆਂ ਨੀਤੀਆਂ ਨੂੰ ਨਾਪਸੰਦ ਕਰਦੇ ਹਨ। ਇਸ ਲਈ, ਸੰਯੁਕਤ ਰਾਜ ਅਮਰੀਕਾ ਦੇ ਅੰਦਰ ਟਰੰਪ ਦੀਆਂ ਨੀਤੀਆਂ ਦਾ ਅਜਿਹਾ ਵਿਰੋਧ ਉਸ ਲਈ ਸਮੱਸਿਆਵਾਂ ਪੈਦਾ ਕਰ ਸਕਦਾ ਹੈ।

### ਅਕਾਲੀ ਦਲ ਵਾਰਿਸ ਪੰਜਾਬ ਦਾ ਐਲਾਨ...

ਅੰਮ੍ਰਿਤਪਾਲ ਸਿੰਘ ਨੂੰ ਸੂਬੇ ਦੇ ਮੁੱਖ ਮੰਤਰੀ ਵਜੋਂ ਦੇਖਣਾ ਚਾਹੁੰਦੇ ਹਨ, ਜਿਨ੍ਹਾਂ ਨੇ ਨਸ਼ੇ ਦੀ ਗੰਭੀਰ ਸਮੱਸਿਆ ਸਣੇ ਹੋਰ ਸਮਾਜਿਕ ਮੁੱਦਿਆਂ ਖਿਲਾਫ ਜ਼ੋਰਦਾਰ ਤਰੀਕੇ ਨਾਲ ਅਵਾਜ਼ ਚੁੱਕੀ। ਜਿਸ ਕਾਰਨ ਵੱਡੀ ਗਿਣਤੀ ਵਿੱਚ ਲੋਕਾਂ ਨੇ ਉਨ੍ਹਾਂ ਦੇ ਹੱਕ ਵਿੱਚ ਵੋਟ ਪਾ ਕੇ ਸੰਸਦ ਮੈਂਬਰ ਬਣਾਇਆ। ਸਰਕਾਰਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਲੋਕਾਂ ਦਾ ਅਕਾਲੀ ਦਲ 'ਵਾਰਿਸ ਪੰਜਾਬ ਦੇ' ਪ੍ਰਤੀ ਲਗਾਤਾਰ ਸਮਰਥਨ ਵਧ ਰਿਹਾ ਹੈ।'

### ਆਪ ਆਗੂਆਂ ਅਤੇ ਵਰਕਰਾਂ ਵੱਲੋਂ 'ਪੰਜਾਬ...

ਨੇ ਮੰਗ ਕੀਤੀ ਕਿ ਇਨ੍ਹਾਂ ਸੰਸਦ ਮੈਂਬਰਾਂ ਦੀ ਰਾਜ ਸਭਾ ਮੈਂਬਰੀ ਤੁਰੰਤ ਰੱਦ ਕੀਤੀ ਜਾਵੇ। ਪਾਰਟੀ ਨੇ ਸਪੱਸ਼ਟ ਕੀਤਾ ਕਿ ਜਿਨ੍ਹਾਂ ਨੇ ਦਬਾਅ ਅਤੇ ਮੌਕਾਪ੍ਰਸਤੀ ਕਾਰਨ ਭਾਜਪਾ ਦਾ ਪੱਖ ਲਿਆ ਹੈ, ਉਨ੍ਹਾਂ ਨੂੰ ਪੰਜਾਬ ਦੇ ਲੋਕ ਕਦੇ ਵੀ ਸਵੀਕਾਰ ਨਹੀਂ ਕਰਨਗੇ। ਪੰਜਾਬ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਦਲਬਦਲੂਆਂ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਰਾਜ ਸਭਾ ਪਾਰਲੀਮੈਂਟ ਵਿੱਚ ਸੂਬੇ ਦੀ ਆਵਾਜ਼ ਬਣਨ ਲਈ ਹੁੰਦੀ ਹੈ। ਇਨ੍ਹਾਂ ਮੈਂਬਰਾਂ ਨੂੰ ਪੰਜਾਬ ਦੇ ਮੁੱਦੇ ਉਠਾਉਣ ਲਈ ਭੇਜਿਆ ਗਿਆ ਸੀ, ਪਰ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਬਜਾਏ ਉਹ ਭਾਜਪਾ ਨਾਲ ਜਾ ਮਿਲੇ। ਇਹ ਸ਼ਰਮਨਾਕ ਕਾਰਾ ਤਿੰਨ ਕਰੋੜ ਪੰਜਾਬੀਆਂ ਨਾਲ ਧੋਖਾ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਜਪਾ ਨੇ 'ਆਪ੍ਰੇਸ਼ਨ ਲੋਟਸ' ਤਹਿਤ ਈਡੀ ਅਤੇ ਸੀਬੀਆਈ ਦੀਆਂ ਧਮਕੀਆਂ ਦੇ ਕੇ ਇਨ੍ਹਾਂ ਆਗੂਆਂ ਨੂੰ ਜ਼ਬਰਦਸਤੀ

ਪਾਰਟੀ ਵਿੱਚ ਸ਼ਾਮਲ ਕੀਤਾ ਹੈ। ਮੰਤਰੀ ਲਾਲ ਚੰਦ ਕਟਾਰੂਚੱਕ ਨੇ ਵੀ ਇਸ ਕਦਮ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਸੰਸਦ ਮੈਂਬਰ 'ਆਪ' ਵਿਧਾਇਕਾਂ ਦੇ ਸਹਿਯੋਗ ਨਾਲ ਪੰਜਾਬ ਦੇ ਹਿੱਤਾਂ ਦੀ ਨੁਮਾਇੰਦਗੀ ਕਰਨ ਲਈ ਚੁਣੇ ਗਏ ਸਨ। ਪੰਜਾਬ ਦੀ ਆਵਾਜ਼ ਬੁਲੰਦ ਕਰਨ ਦੀ ਬਜਾਏ ਉਨ੍ਹਾਂ ਨੇ ਰਾਜ ਅਤੇ ਪਾਰਟੀ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਵਿਰੋਧੀ ਸਰਕਾਰਾਂ ਨੂੰ ਅਸਥਿਰ ਕਰਨ ਲਈ ਭਾਜਪਾ ਦੀਆਂ ਅਜਿਹੀਆਂ ਚਾਲਾਂ ਸਭ ਦੇ ਸਾਹਮਣੇ ਹਨ। ਲਹਿਰਾਗਾਗਾ ਵਿੱਚ ਪ੍ਰਦਰਸ਼ਨ ਦੌਰਾਨ ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਕਿਹਾ ਕਿ ਖਰੀਦੋ-ਫਰੋਖਤ ਦੀ ਰਾਜਨੀਤੀ ਭਾਜਪਾ ਦਾ ਇਤਿਹਾਸ ਰਹੀ ਹੈ। ਇਨ੍ਹਾਂ ਲੋਕਾਂ ਦੇ ਜਾਣ ਨਾਲ ਪੰਜਾਬ ਦੀ ਰਾਜਨੀਤੀ 'ਤੇ ਕੋਈ ਅਸਰ ਨਹੀਂ ਪਿਆ, ਸਗੋਂ ਇਨ੍ਹਾਂ ਦੇ ਅਸਲੀ ਚਿਹਰੇ ਲੋਕਾਂ ਸਾਹਮਣੇ ਆ ਗਏ ਹਨ। ਜੋ ਵੀ ਭਾਜਪਾ ਵਿੱਚ ਗਿਆ, ਉਸ ਨੂੰ ਬਾਅਦ ਵਿੱਚ ਪਛਤਾਉਣਾ ਪਿਆ। ਅਸੀਂ ਆਮ ਆਦਮੀ ਪਾਰਟੀ ਦੀ ਵਿਚਾਰਧਾਰਾ ਨਾਲ ਚਟਾਨ ਵਾਂਗ ਖੜ੍ਹੇ ਹਾਂ। ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਕਿਹਾ ਕਿ ਇਨ੍ਹਾਂ ਆਗੂਆਂ ਦੇ ਨਾਂ ਇਤਿਹਾਸ ਵਿੱਚ ਗੱਦਾਰਾਂ ਵਜੋਂ ਲਿਖੇ ਜਾਣਗੇ। 'ਆਪ' ਨੇ ਇਨ੍ਹਾਂ ਨੂੰ ਪਛਾਣ ਅਤੇ ਅਹੁਦੇ ਦਿੱਤੇ, ਪਰ ਇਹ ਉਸ ਭਰੋਸੇ ਨੂੰ ਬਰਕਰਾਰ ਰੱਖਣ ਵਿੱਚ ਨਾਕਾਮ ਰਹੇ। ਪੰਜਾਬ ਦੇ ਲੋਕ ਇਸ ਧੋਖੇ ਨੂੰ ਕਦੇ ਮੁਆਫ਼ ਨਹੀਂ ਕਰਨਗੇ ਅਤੇ ਅਜਿਹੇ ਆਗੂ ਸਿਆਸੀ ਤੌਰ 'ਤੇ ਅਲੱਗ-ਥਲੱਗ ਹੋ ਜਾਣਗੇ। ਵਿਧਾਇਕ ਮਨਿੰਦਰ ਸਿੰਘ ਗਿਆਸਪੁਰਾ ਨੇ ਕਿਹਾ ਕਿ ਇਹ ਸੰਸਦ ਮੈਂਬਰ ਸਿੱਧੇ ਤੌਰ 'ਤੇ ਜਨਤਾ ਦੁਆਰਾ ਨਹੀਂ ਚੁਣੇ ਗਏ ਸਨ, ਸਗੋਂ 'ਆਪ' ਨੂੰ ਮਿਲੇ ਜਨਾਦੇਸ਼ ਰਾਹੀਂ ਨਾਮਜ਼ਦ ਕੀਤੇ ਗਏ ਸਨ। ਉਨ੍ਹਾਂ ਨੇ ਲੋਕਾਂ ਦੇ ਵਿਸ਼ਵਾਸ ਦੀ ਦੁਰਵਰਤੋਂ ਕੀਤੀ ਹੈ। ਅਸੀਂ ਮੰਗ ਕਰਦੇ ਹਾਂ ਕਿ ਉਨ੍ਹਾਂ ਦੀ ਰਾਜ ਸਭਾ ਮੈਂਬਰੀ ਤੁਰੰਤ ਖ਼ਤਮ ਕੀਤੀ ਜਾਵੇ। 'ਆਪ' ਆਗੂਆਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਪਾਰਟੀ ਨੂੰ ਇਤਿਹਾਸਕ ਫਤਵਾ ਦਿੱਤਾ ਸੀ, ਜਿਸ ਤੋਂ ਬਾਅਦ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੱਤ ਮੈਂਬਰ ਰਾਜ ਸਭਾ ਲਈ ਚੁਣੇ ਗਏ ਸਨ। ਹਾਲਾਂਕਿ, ਉਨ੍ਹਾਂ ਵਿੱਚੋਂ ਛੇ ਸੰਸਦ ਮੈਂਬਰਾਂ ਨੇ ਹੁਣ ਨਿੱਜੀ ਹਿੱਤਾਂ ਲਈ ਅਤੇ ਕੇਂਦਰੀ ਏਜੰਸੀਆਂ ਦੇ ਦਬਾਅ ਅੱਗੇ ਝੁਕ ਕੇ ਗੈਰ-ਲੋਕਤੰਤਰੀ ਤਰੀਕੇ ਨਾਲ ਭਾਜਪਾ ਦਾ ਪੱਲਾ ਫੜ ਲਿਆ ਹੈ। ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਇੱਕ 'ਆਪ' ਵਰਕਰ ਨੇ ਕਿਹਾ ਕਿ ਜਿਨ੍ਹਾਂ ਨੇ ਪਾਰਟੀ ਛੱਡੀ ਹੈ, ਉਨ੍ਹਾਂ ਨੂੰ ਪੰਜਾਬ ਦੇ ਲੋਕ ਜਲਦੀ ਹੀ ਭੁਲਾ ਦੇਣਗੇ, ਜਿਵੇਂ ਪੁਰਾਣੇ ਦਲਬਦਲੂ ਸਿਆਸੀ ਗੁਮਨਾਮੀ ਵਿੱਚ ਚਲੇ ਗਏ ਸਨ। ਉਨ੍ਹਾਂ ਨੇ ਸਿਰਫ਼ ਪਾਰਟੀ ਨਾਲ ਹੀ ਨਹੀਂ, ਸਗੋਂ ਪੂਰੇ ਸੂਬੇ ਨਾਲ ਗੱਦਾਰੀ ਕੀਤੀ ਹੈ। 'ਆਪ' ਆਗੂਆਂ ਨੇ ਦੁਹਰਾਇਆ ਕਿ ਪਾਰਟੀ ਸੂਬਾ ਲੀਡਰਸ਼ਿਪ ਤੋਂ ਲੈ ਕੇ ਜ਼ਮੀਨੀ ਪੱਧਰ ਤੱਕ ਮਜ਼ਬੂਤ ਅਤੇ ਇੱਕਜੁੱਟ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੀਆਂ ਅਜਿਹੀਆਂ ਕਾਰਵਾਈਆਂ ਪਾਰਟੀ ਨੂੰ ਕਮਜ਼ੋਰ ਨਹੀਂ ਕਰ ਸਕਦੀਆਂ। ਉਨ੍ਹਾਂ ਨੇ ਇਸ ਪੂਰੇ ਘਟਨਾਕ੍ਰਮ ਨੂੰ ਭਾਜਪਾ ਦੇ 'ਆਪ੍ਰੇਸ਼ਨ ਲੋਟਸ' ਦਾ ਹਿੱਸਾ ਦੱਸਿਆ, ਜਿਸ ਦਾ ਮਕਸਦ ਪੰਜਾਬ ਵਿੱਚ 'ਆਪ' ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਵਿੱਚ ਰੁਕਾਵਟ ਪਾਉਣਾ ਹੈ।

### ਭਾਜਪਾ 2027 ਚੋਣਾਂ ਆਪਣੇ ਬਲਬੂਤੇ...



ਪ੍ਰੋਗਰਾਮ 'ਮਨ ਕੀ ਬਾਤ' ਨੂੰ ਇਕੱਠੇ ਸੁਣਿਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਮੌਜੂਦ ਵਰਕਰਾਂ ਨੂੰ ਸੰਬੋਧਨ ਕਰਦਿਆਂ ਅਸ਼ਵਨੀ ਸ਼ਰਮਾ ਨੇ ਪਾਰਟੀ ਦੀ ਆਉਣ ਵਾਲੀ ਰਣਨੀਤੀ ਬਾਰੇ ਖੁੱਲ੍ਹ ਕੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਹੁਣ ਪੰਜਾਬ ਵਿੱਚ ਖੁਦਮੁਖਤਿਆਰ ਤੌਰ 'ਤੇ ਮਜ਼ਬੂਤ ਹੋ ਚੁੱਕੀ ਹੈ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਆਪਣੇ ਬਲਬੂਤੇ ਲੜਨ ਲਈ ਤਿਆਰ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਆਉਣ ਵਾਲੀਆਂ ਨਗਰ ਕੌਂਸਲ ਅਤੇ ਨਗਰ ਨਿਗਮ ਚੋਣਾਂ ਵਿੱਚ ਵੀ ਭਾਜਪਾ ਆਪਣੇ ਚੋਣ ਨਿਸ਼ਾਨ 'ਤੇ ਹੀ ਉਮੀਦਵਾਰ ਖੜ੍ਹੇ ਕਰੇਗੀ। ਇਸ ਸੰਦਰਭ ਵਿੱਚ ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਹੁਣੇ ਤੋਂ ਹੀ ਚੋਣੀ ਤਿਆਰੀਆਂ ਵਿੱਚ ਜੁਟ ਜਾਣ। ਅਸ਼ਵਨੀ ਸ਼ਰਮਾ ਨੇ ਦਾਅਵਾ ਕੀਤਾ ਕਿ ਪੰਜਾਬ ਦੇ ਲੋਕ ਰਵਾਇਤੀ ਰਾਜਨੀਤਿਕ ਪਾਰਟੀਆਂ ਤੋਂ ਨਿਰਾਸ਼ ਹੋ ਚੁੱਕੇ ਹਨ ਅਤੇ ਭਾਜਪਾ ਦੀਆਂ ਲੋਕ-ਹਿਤੈਸ਼ੀ ਨੀਤੀਆਂ ਕਾਰਨ ਪਾਰਟੀ ਦੀ ਲੋਕਪ੍ਰਿਯਤਾ ਤੇਜ਼ੀ ਨਾਲ ਵੱਧ ਰਹੀ ਹੈ। ਉਨ੍ਹਾਂ ਵਿਸ਼ਵਾਸ ਜਤਾਇਆ ਕਿ ਭਾਜਪਾ ਆਉਣ ਵਾਲੀਆਂ ਚੋਣਾਂ ਵਿੱਚ ਵਿਧਾਨ ਸਭਾ ਅਤੇ ਸਥਾਨਕ ਪੱਧਰ ਦੋਵਾਂ 'ਤੇ ਵਧੀਆ ਪ੍ਰਦਰਸ਼ਨ ਕਰੇਗੀ। ਇਸ ਦੌਰਾਨ ਗੁਰਦਰਸ਼ਨ ਸਿੰਘ ਸੈਣੀ ਨੇ ਅਸ਼ਵਨੀ ਸ਼ਰਮਾ ਦਾ ਸਵਾਗਤ ਕਰਦੇ ਹੋਏ ਹਲਕੇ ਵਿੱਚ ਪਾਰਟੀ ਦੀਆਂ ਸਰਗਰਮੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਪ੍ਰੋਗਰਾਮ ਵਿੱਚ ਕਈ ਸਥਾਨਕ ਆਗੂਆਂ ਅਤੇ ਵਰਕਰਾਂ ਨੇ ਹਾਜ਼ਰੀ ਭਰੀ ਅਤੇ ਪਾਰਟੀ ਦੀ ਮਜ਼ਬੂਤੀ ਲਈ ਇਕਜੁੱਟ ਹੋ ਕੇ ਕੰਮ ਕਰਨ ਦਾ ਸੰਕਲਪ ਲਿਆ।

### 65-66 'ਆਪ' ਵਿਧਾਇਕਾਂ ਵੱਲੋਂ ਪਾਰਟੀ...

ਵਾਲਾ ਹੈ। ਇਹ ਭਗਵੰਤ ਮਾਨ ਹੈ, ਅਤੇ ਇਥੇ ਏਕਨਾਥ ਸ਼ਿੰਦੇ ਹੈ। ਉਹ ਜਹਾਜ਼ 'ਚ ਸਵਾਰ ਹੋਣ ਵਾਲੇ ਪਹਿਲੇ ਵਿਅਕਤੀ ਹੋਣਗੇ। ਜੋ ਕਹਿੰਦਾ ਹੈ ਕਿ ਉਹ ਰਾਸ਼ਟਰਪਤੀ ਨੂੰ ਮਿਲਣ ਲਈ ਸਾਰੇ ਵਿਧਾਇਕਾਂ ਨੂੰ ਆਪਣੇ ਨਾਲ ਲੈ ਜਾਵੇਗਾ, ਮੈਨੂੰ ਡਰ ਹੈ ਕਿ ਉਹ ਉਨ੍ਹਾਂ ਸਾਰਿਆਂ ਨੂੰ ਉੱਥੇ ਛੱਡ ਦੇਵੇਗਾ। ਦਸ 'ਚੋਂ ਸੱਤ ਸੰਸਦ ਮੈਂਬਰ ਉਨ੍ਹਾਂ ਦੇ ਸਨ, ਜੋ 'ਆਪ' ਛੱਡ ਕੇ ਭਾਜਪਾ 'ਚ ਸ਼ਾਮਲ ਹੋਏ। ਉਹ ਪੈਸੇ ਦੇ ਕੇ ਸੰਸਦ ਮੈਂਬਰ ਬਣੇ। ਹੁਣ, ਉਹ ਜਿੱਥੇ ਵੀ ਵੱਡਾ ਖਰੀਦਦਾਰ ਲੱਭਦੇ ਹਨ, ਉੱਥੇ ਚਲੇ ਗਏ ਹਨ। ਜਿਵੇਂ ਸਟਾਕ ਮਾਰਕੀਟ 'ਚ ਉਨ੍ਹਾਂ ਨੇ ਸਸਤੇ ਸ਼ੇਅਰ ਖਰੀਦੇ ਅਤੇ ਕੀਮਤ ਵਧਣ 'ਤੇ ਉਨ੍ਹਾਂ ਨੂੰ ਵੇਚ ਦਿੱਤਾ। ਹੁਣ, 65-66 ਜਾਣ ਵਾਲੇ ਹਨ।

### ਆਪ ਨੇ ਪੰਜਾਬ ਨਾਲ ਗੱਦਾਰੀ ਕਰਨ ਵਾਲੇ...

ਬਿਊਰੋ (ਸੀਬੀਆਈ) ਵਰਗੀਆਂ ਕੇਂਦਰੀ ਏਜੰਸੀਆਂ ਦੀ ਵਰਤੋਂ ਕਰਕੇ ਦਲ-ਬਦਲੀ ਦੀ ਰਾਜਨੀਤੀ ਵਿੱਚ ਮੁਹਾਰਤ ਹਾਸਲ ਕਰ ਲਈ ਹੈ। ਐਤਵਾਰ ਨੂੰ ਪਾਰਟੀ ਹੈੱਡਕੁਆਰਟਰ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਰਾਜ ਸਭਾ ਵਿੱਚ 'ਆਪ' ਆਗੂ ਸੰਜੇ ਸਿੰਘ ਨੇ ਦਾਅਵਾ ਕੀਤਾ ਕਿ ਕਪਿਲ ਸਿੱਬਲ ਅਤੇ ਪੀਡੀਟੀ ਅਚਾਰੀ ਸਮੇਤ ਪ੍ਰਮੁੱਖ ਸੰਵਿਧਾਨਕ ਮਾਹਿਰਾਂ ਅਤੇ ਸੀਨੀਅਰ ਵਕੀਲਾਂ ਨੇ ਸਪੱਸ਼ਟ ਕੀਤਾ ਹੈ ਕਿ 'ਆਪ' ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ ਦਾ ਫੈਸਲਾ ਕਰਨ ਵਾਲੇ ਸਾਰੇ ਸੱਤ ਸੰਸਦ ਮੈਂਬਰਾਂ ਦੀ ਮੈਂਬਰਸ਼ਿਪ ਖਤਮ ਹੋਣੀ ਨਿਸ਼ਚਿਤ ਹੈ। ਉਨ੍ਹਾਂ ਕਿਹਾ, "ਇੱਥੋਂ ਤੱਕ ਕਿ ਐਨਡੀਏ ਦੇ ਇੱਕ ਹਿੱਸੇ ਨਾਲ ਜੁੜੇ ਸੁਪਰੀਮ ਕੋਰਟ ਦੇ ਇੱਕ ਵਕੀਲ ਨੇ ਵੀ ਸ਼ਨੀਵਾਰ ਨੂੰ ਇੱਕ ਮੀਡੀਆ ਗੱਲਬਾਤ ਦੌਰਾਨ ਕਿਹਾ ਸੀ ਕਿ ਇਨ੍ਹਾਂ ਨੇਤਾਵਾਂ ਦੀ ਮੈਂਬਰਸ਼ਿਪ ਹਰ ਹਾਲ ਵਿੱਚ ਜਾਵੇਗੀ। ਸੀਨੀਅਰ 'ਆਪ' ਆਗੂ ਨੇ ਪੁਸ਼ਟੀ ਕੀਤੀ ਕਿ ਸਾਰੇ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਨ ਅਤੇ ਕਪਿਲ ਸਿੱਬਲ ਦੀ ਰਾਏ ਲੈਣ ਤੋਂ ਬਾਅਦ, ਮੈਂ ਰਾਜ ਸਭਾ ਦੇ ਚੇਅਰਮੈਨ ਅਤੇ ਦੇਸ਼ ਦੇ ਉਪ ਰਾਸ਼ਟਰਪਤੀ ਨੂੰ ਇੱਕ ਪਟੀਸ਼ਨ ਭੇਜੀ ਹੈ। ਇਸ ਪਟੀਸ਼ਨ ਵਿੱਚ ਬੇਨਤੀ ਕੀਤੀ ਗਈ ਹੈ ਕਿ ਸੰਵਿਧਾਨ ਦੀ ਦਸਵੀਂ ਅਨੁਸੂਚੀ ਦੇ ਉਪਬੰਧਾਂ ਤਹਿਤ ਇਨ੍ਹਾਂ ਸਾਰੇ ਸੱਤ ਮੈਂਬਰਾਂ ਦੀ ਮੈਂਬਰਸ਼ਿਪ ਪੂਰੀ ਤਰ੍ਹਾਂ ਖ਼ਤਮ ਕੀਤੀ ਜਾਵੇ। ਮੈਂ ਉਪ ਰਾਸ਼ਟਰਪਤੀ (ਚੇਅਰਮੈਨ) ਤੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਜਲਦੀ ਤੋਂ ਜਲਦੀ ਸੁਣਵਾਈ ਕੀਤੀ ਜਾਵੇ ਅਤੇ ਇਨਸਾਫ਼ ਭਰਿਆ ਫੈਸਲਾ ਦਿੱਤਾ ਜਾਵੇ। ਇਸ ਕਦਮ ਦੀ ਫੌਰੀ ਲੋੜ ਬਾਰੇ ਦੱਸਦਿਆਂ ਸੰਜੇ ਸਿੰਘ ਨੇ ਕਿਹਾ ਕਿ ਇਹ ਕਾਰਵਾਈ ਇਸ ਲਈ ਜ਼ਰੂਰੀ ਹੈ ਕਿਉਂਕਿ ਜਦੋਂ ਕੋਈ ਨੇਤਾ ਕਿਸੇ ਪਾਰਟੀ ਵੱਲੋਂ ਚੁਣਿਆ ਜਾਂਦਾ ਹੈ, ਤਾਂ ਬਾਅਦ ਵਿੱਚ ਈਡੀ, ਸੀਬੀਆਈ ਅਤੇ ਹੋਰ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰਕੇ ਉਸ ਨੂੰ ਤੋੜਿਆ ਜਾਂਦਾ ਹੈ, ਅਤੇ ਭਾਜਪਾ, ਜੋ ਇਸ ਖੇਡ ਵਿੱਚ ਮਾਹਿਰ ਹੈ, ਉਸ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰ ਲੈਂਦੀ ਹੈ। ਇਹ ਪੂਰੀ ਤਰ੍ਹਾਂ ਗਲਤ ਹੈ। ਇਹ ਲੋਕਤੰਤਰ ਨਾਲ ਬਹੁਤ ਵੱਡਾ ਧੋਖਾ ਹੈ। ਇਹ ਪੰਜਾਬ ਦੇ ਲੋਕਾਂ ਨਾਲ ਵੀ ਗੱਦਾਰੀ ਅਤੇ ਵਿਸ਼ਵਾਸਘਾਤ ਹੈ। ਇਸ ਦੇ ਨਾਲ ਹੀ ਇਹ ਦੇਸ਼ ਦੇ ਸੰਵਿਧਾਨ ਨਾਲ ਧੋਖਾ ਅਤੇ ਉਸ ਦਾ ਖੁੱਲ੍ਹੇਆਮ ਮਜ਼ਾਕ ਹੈ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਕੋਈ ਵਿਅਕਤੀ ਕਿਸੇ ਪਾਰਟੀ ਤੋਂ ਚੁਣਿਆ ਜਾਂਦਾ ਹੈ ਅਤੇ ਉਸ ਦੇ ਮੱਤਭੇਦ ਹਨ, ਤਾਂ ਉਸ ਨੂੰ ਉਸ ਪਾਰਟੀ ਤੋਂ ਅਸਤੀਫਾ ਦੇ ਕੇ ਉੱਥੇ ਜਾਣਾ ਚਾਹੀਦਾ ਹੈ ਜਿੱਥੇ ਉਸ ਦੀ ਵਿਚਾਰਧਾਰਾ ਮਿਲਦੀ ਹੋਵੇ। ਪਰ ਜਿਹੜੇ ਉਸੇ ਪਾਰਟੀ ਦੇ ਵਿਧਾਇਕਾਂ ਦੁਆਰਾ ਚੁਣੇ ਗਏ ਹਨ, ਉਹ ਅੱਜ ਉਸੇ ਪਾਰਟੀ ਦੇ ਖਿਲਾਫ ਬੋਲ ਰਹੇ ਹਨ। ਇਸ ਲਈ, ਮੈਨੂੰ ਪੂਰੀ ਉਮੀਦ ਅਤੇ ਭਰੋਸਾ ਹੈ ਕਿ ਚੇਅਰਮੈਨ ਇਸ ਪਟੀਸ਼ਨ 'ਤੇ ਜਲਦੀ ਫੈਸਲਾ ਲੈਣਗੇ ਅਤੇ ਉਨ੍ਹਾਂ ਦੀ ਮੈਂਬਰਸ਼ਿਪ ਰੱਦ ਕਰਨਗੇ। ਕਾਨੂੰਨੀ ਅਧਾਰ 'ਤੇ ਚਾਨਣਾ ਪਾਉਂਦੇ ਹੋਏ ਸੰਜੇ ਸਿੰਘ ਨੇ ਕਿਹਾ ਕਿ ਇਸ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਕਈ ਅਜਿਹੇ ਫੈਸਲੇ ਹਨ ਜੋ ਸਪੱਸ਼ਟ ਕਰਦੇ ਹਨ ਕਿ ਉਨ੍ਹਾਂ ਦੀ ਮੈਂਬਰਸ਼ਿਪ ਕਿਵੇਂ ਖਤਮ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ, ਸੰਵਿਧਾਨ ਦੀ ਦਸਵੀਂ ਅਨੁਸੂਚੀ ਸਪੱਸ਼ਟ ਤੌਰ 'ਤੇ ਕਹਿੰਦੀ ਹੈ ਕਿ ਭਾਰਤ ਦਾ ਸੰਵਿਧਾਨ ਅਜਿਹੀ ਕਿਸੇ ਵੀ ਸਿਆਸੀ ਤੋੜ-ਫੋੜ ਦੀ ਇਜਾਜ਼ਤ ਨਹੀਂ ਦਿੰਦਾ।

### ਬਠਿੰਡਾ ਪੁਲਿਸ ਵੱਲੋਂ ਨਾਜਾਇਜ਼ ਹਥਿਆਰ...

ਕਾਰਵਾਈ ਨਾਲ ਇੱਕ ਸੰਭਾਵਿਤ ਵੱਡੀ ਅਪਰਾਧਿਕ ਘਟਨਾ ਨੂੰ ਟਾਲ ਦਿੱਤਾ ਗਿਆ ਹੈ। ਫਿਲਹਾਲ ਪੁਲਿਸ ਵੱਲੋਂ ਮਾਮਲੇ ਦੀ ਹੋਰ ਜਾਂਚ ਕੀਤੀ ਜਾ ਰਹੀ ਹੈ ਅਤੇ ਇਸ ਸਬੰਧੀ ਹੋਰ ਖੁਲਾਸਿਆਂ ਦੀ ਸੰਭਾਵਨਾ ਹੈ।

### ਮੁੱਖ ਮੰਤਰੀ ਵੱਲੋਂ ਸਮਾਂ ਹੱਦ ਤੋਂ ਪਹਿਲਾਂ ਹੜ੍ਹ...

ਜਾਵੇਗਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ ਐਕਸ ਉੱਤੇ ਕਿਹਾ, "ਅੱਜ ਲੁਧਿਆਣਾ ਦੇ ਬੁੱਢੇ ਨਾਲੇ, ਕਾਲਾ ਸੰਘਿਆਂ ਡਰੇਨ ਅਤੇ ਸਤਲੁਜ ਦੇ ਧੁੱਸੀ ਬੰਨ੍ਹ ਦੀ ਸਫ਼ਾਈ ਸਬੰਧੀ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਹਾਜ਼ਰੀ ਵਿੱਚ ਜਲੰਧਰ ਅਤੇ ਲੁਧਿਆਣਾ ਦੇ ਕਮਿਸ਼ਨਰਾਂ ਅਤੇ ਡਿਪਟੀ ਕਮਿਸ਼ਨਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਪੋਸਟ ਵਿੱਚ ਕਿਹਾ ਗਿਆ ਕਿ ਅਧਿਕਾਰੀਆਂ ਨੂੰ ਸਤਲੁਜ ਅਤੇ ਹੋਰ ਮੌਸਮੀ ਨਦੀਆਂ ਦੇ ਕਮਜ਼ੋਰ ਬੰਨ੍ਹਾਂ ਨੂੰ ਮਜ਼ਬੂਤ ਕਰਨ ਅਤੇ ਬੁੱਢੇ ਨਾਲੇ ਲਈ ਐਸ.ਟੀ.ਪੀ. ਪ੍ਰਾਜੈਕਟਾਂ ਨੂੰ ਤੁਰੰਤ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ। ਆਉਣ ਵਾਲੇ ਦਿਨਾਂ ਵਿੱਚ ਮਹੱਤਵਪੂਰਨ ਸੁਧਾਰ ਦਿਖਾਈ ਦੇਣਗੇ। ਲੋਕਾਂ ਦੀ ਸਰਕਾਰ ਲੋਕਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ।

# 'ਆਪ' ਦੇ ਖਰੀਦੇ ਹੋਏ ਸੰਸਦ ਮੈਂਬਰ ਭੱਜੇ, ਇੱਕ ਧੋਖੇਬਾਜ ਪਾਰਟੀ ਨੂੰ ਮਿਲਿਆ ਧੋਖਾ: ਪਰਗਟ ਸਿੰਘ

ਜ਼ਿਕਰ ਪੰਜਾਬ

**ਜਲੰਧਰ/ਬਿਊਰੋ**

ਸਾਬਕਾ ਸਿੱਖਿਆ ਮੰਤਰੀ ਅਤੇ ਵਿਧਾਇਕ ਪਰਗਟ ਸਿੰਘ ਨੇ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ ਲਈ ਆਮ ਆਦਮੀ ਪਾਰਟੀ ਦੇ ਸੱਤ ਸੰਸਦ ਮੈਂਬਰਾਂ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਰਾਜਨੀਤੀ ਗੰਦੀ ਹੋ ਗਈ ਹੈ। ਹੁਣ ਸੱਤਾ ਦੀ ਲੜਾਈ ਵਿਚਾਰਧਾਰਕ ਤੋਂ ਰਾਜਨੀਤਿਕ ਵੱਲ ਬਦਲ ਗਈ ਹੈ। ਪਰਗਟ ਨੇ ਕਿਹਾ ਕਿ ਭਾਜਪਾ ਦੀ ਬੀ-ਟੀਮ ਦੇ ਮੈਂਬਰ ਮੁੱਖ ਟੀਮ ਵਿੱਚ ਵਾਪਸ ਆ ਗਏ ਹਨ। ਇਹ ਹੈਰਾਨੀ ਵਾਲੀ ਗੱਲ ਨਹੀਂ ਹੈ। ਉਨ੍ਹਾਂ ਨੇ ਚੁਟਕੀ ਲਈ ਕਿ



'ਧੋਖਾਧੜੀ ਪਾਰਟੀ' ਦੁਆਰਾ 'ਧੋਖਾ' ਕੀਤਾ ਜਾਣਾ ਕੋਈ ਵੱਡੀ ਗੱਲ ਨਹੀਂ ਹੈ। ਪਰਗਟ ਸਿੰਘ ਨੇ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਨੇ ਪੈਸੇ ਲਈ ਚੋਣਵੇਂ ਸੰਸਦ ਮੈਂਬਰਾਂ ਨੂੰ ਨਿਯੁਕਤ ਕੀਤਾ ਸੀ, ਜੋ ਹੁਣ ਭੱਜ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਰਾਜ ਸਭਾ ਮੈਂਬਰਾਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਦਾ ਪੰਜਾਬ 'ਤੇ ਕੋਈ ਅਸਰ ਨਹੀਂ ਪਵੇਗਾ, ਕਿਉਂਕਿ ਇੱਕ-ਦੋ ਨੂੰ ਛੱਡ ਕੇ, ਇਨ੍ਹਾਂ ਵਿੱਚੋਂ ਕਿਸੇ ਨੇ ਵੀ ਕਦੇ ਪੰਜਾਬ ਬਾਰੇ ਗੱਲ ਨਹੀਂ ਕੀਤੀ, ਨਾ ਹੀ ਉਨ੍ਹਾਂ ਨੇ ਕਦੇ ਰਾਜ ਸਭਾ ਵਿੱਚ ਪੰਜਾਬ ਦਾ ਕੋਈ ਮੁੱਦਾ ਉਠਾਇਆ। ਪਰਗਟ ਸਿੰਘ ਨੇ ਕਿਹਾ ਕਿ ਕਿਸਾਨਾਂ ਦੇ ਵਿਰੋਧ ਤੋਂ ਬਾਅਦ, ਭਾਜਪਾ ਨੂੰ ਅਹਿਸਾਸ ਹੋਇਆ ਕਿ ਉਹ ਪੰਜਾਬ ਵਿੱਚ ਆਪਣੀ ਥਾਂ ਨਹੀਂ ਬਣਾ ਸਕਦੀ, ਇਸ ਲਈ ਇਸ ਨੇ ਆਪਣੀ ਬੀ-ਟੀਮ, ਆਮ ਆਦਮੀ ਪਾਰਟੀ ਨੂੰ ਪੰਜਾਬ ਵਿੱਚ ਸੱਤਾ ਵਿੱਚ ਆਉਣ ਦਿੱਤਾ। ਭਾਜਪਾ ਜਾਣਦੀ ਸੀ ਕਿ ਉਹ ਪੰਜਾਬ ਤੋਂ ਕਾਫ਼ੀ ਸੰਸਦ ਮੈਂਬਰ ਪ੍ਰਾਪਤ ਨਹੀਂ ਕਰ ਸਕਦੀ, ਇਸ ਲਈ ਇਸ ਨੇ ਆਮ ਆਦਮੀ ਪਾਰਟੀ ਨੂੰ ਸੰਸਦ ਮੈਂਬਰ ਨਿਯੁਕਤ ਕਰਨ ਲਈ ਮਨਾ ਲਿਆ। ਉਨ੍ਹਾਂ ਕਿਹਾ ਕਿ ਭਾਜਪਾ ਇੱਕ ਧੋਣ ਵਾਲੀ ਮਸ਼ੀਨ ਹੈ ਜੋ ਸਭ ਤੋਂ ਦਾਗੀ ਨੇਤਾ ਨੂੰ ਵੀ ਬੇਦਾਗ ਕਰ ਦੇਂਦੀ ਹੈ। ਸਾਬਕਾ ਸਿੱਖਿਆ ਮੰਤਰੀ ਪਰਗਟ ਨੇ ਵੀ ਇਨ੍ਹਾਂ ਆਗੂਆਂ ਨੂੰ ਗੱਦਾਰ ਕਹਿਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਇਹ ਸੰਸਦ ਮੈਂਬਰ ਨਹੀਂ ਸਨ, ਸਗੋਂ ਆਮ ਆਦਮੀ ਪਾਰਟੀ ਅਤੇ ਮੁੱਖ ਮੰਤਰੀ ਖੁਦ ਗੱਦਾਰ ਸਨ, ਪੰਜਾਬ ਦੇ ਲੋਕਾਂ ਨੂੰ ਮੂਰਖ ਬਣਾ ਰਹੇ ਸਨ ਅਤੇ ਧੋਖਾ ਦੇ ਰਹੇ ਸਨ।

ਅਸ਼ਵਨੀ ਜੇਤਲੀ ਮਾਲਕ, ਐਡੀਟਰ/ਪ੍ਰਿੰਟਰ ਤੇ ਪਬਲਿਸ਼ਰ ਨੇ ਰੋਟਰੀ ਪ੍ਰਿੰਟਰਜ਼ ਤੋਂ ਛਪਵਾ ਕੇ ਦ.ਫਤਰ ਜ਼ਿਕਰ ਪੰਜਾਬ (ਸਪਤਾਹਿਕ) 7, ਮਾਣਕ ਇਨਕਲੇਵ, ਧਾਂਦਰਾ ਰੋਡ, ਲੁਧਿਆਣਾ ਤੋਂ ਪ੍ਰਕਾਸ਼ਿਤ ਕੀਤਾ।
Published, Printed & Owned by Ashwani Jaitly Published at 7, Manak Enclave, Dhandra Road, Ludhiana, Punjab State Printed at Rotary Printers, Kot Almgir, Ludhiana, Punjab State Editor- Ashwani Jaitly

ਸੰਪਾਦਕੀ

# ਦਲਬਦਲੀਆਂ ਦਾ ਦੌਰ

ਆਮ ਆਦਮੀ ਪਾਰਟੀ ਨੂੰ ਸ਼ੁੱਕਰਵਾਰ ਵਾਲੇ ਦਿਨ ਇਕ ਐਸਾ ਨੂੰ ਝਟਕਾ ਲੱਗਾ ਕਿ ਉਸਨੂੰ ਆਪਣੇ ਖੇਮੇ ਵਿਚੋਂ ਖਿਸਕੇ 7 ਰਾਜ ਸਭਾ ਮੈਂਬਰਾਂ ਨੂੰ ਬੇਸ਼ੁਕਰੇ ਅਤੇ ਗੱਦਾਰ ਕਹਿਣਾ ਪਿਆ। ਰਾਜ ਸਭਾ 'ਚ ਉਸਦੇ ਦਸਾਂ ਵਿੱਚੋ 7 ਸੰਸਦ ਮੈਂਬਰ ਨੇ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋ ਗਏ। ਇਸ ਰਾਜਨੀਤਿਕ ਭੂਚਾਲ ਨਾਲ ਪੰਜਾਬ ਦੀ ਸਿਆਸਤ ਗਰਮਾ ਗਈ ਹੈ।



ਰਾਘਵ ਚੱਢਾ, ਸੰਦੀਪ ਪਾਠਕ, ਐਲਪੀਯੂ ਵਾਲੇ ਅਸ਼ੋਕ ਮਿੱਤਲ, ਕ੍ਰਿਕਟਰ ਹਰਭਜਨ ਸਿੰਘ, ਟਰਾਈਡੈਂਟ ਵਾਲੇ ਰਾਜਿੰਦਰ ਗੁਪਤਾ, ਵਿਕਰਮਜੀਤ ਸਿੰਘ ਸਾਹਨੀ ਅਤੇ ਸਵਾਤੀ ਮਾਲੀਵਾਲ ਨੇ ਝਾੜੂ ਸੁੱਟ ਕੇ ਕਮਲ ਦਾ ਪੱਲਾ ਫੜਿਆ। ਇਹਨਾਂ 'ਚੋਂ 6 ਪੰਜਾਬ ਤੋਂ 2022 ਵਿਚ ਰਾਜ ਸਭਾ ਲਈ ਚੁਣੇ ਗਏ ਸਨ। ਰਾਜ ਸਭਾ ਵਿਚ ਆਮ ਆਦਮੀ ਪਾਰਟੀ ਦੇ ਦੋ ਤਿਹਾਈ ਮੈਂਬਰਾਂ ਵੱਲੋਂ ਇਹ 'ਇਨਕਲਾਬੀ', ਕਦਮ ਚੁੱਕੇ ਜਾਣ ਕਰਕੇ ਆਮ ਜਨਤਾ ਜਾਂ ਸਿਆਸੀ ਗਲਿਆਰਿਆਂ ਵਿਚ ਭਾਵੇਂ ਜਿੰਨੀ ਵੀ 'ਸਿਫ਼ਤ' ਜਾਂ ਆਲੋਚਨਾ ਹੋਵੇ, ਪਰ ਸੰਵਿਧਾਨ ਦੀਆਂ ਧਾਰਾਵਾਂ ਤਹਿਤ ਦੋ-ਤਿਹਾਈ ਗਿਣਤੀ ਪੂਰੀ ਹੋਣ ਕਰਕੇ ਇਹਨਾਂ 'ਤੇ ਦਲ-ਬਦਲੀ ਦਾ ਕਾਨੂੰਨ ਲਾਗੂ ਨਹੀਂ ਹੋਵੇਗਾ। ਆਮ ਆਦਮੀ ਪਾਰਟੀ ਦਾ 'ਦੋਸ਼' ਹੈ ਕਿ ਭਾਜਪਾ ਪੰਜਾਬ ਚੋਣਾਂ ਤੋਂ ਇੱਕ ਸਾਲ ਪਹਿਲਾਂ ਸੰਸਦ ਮੈਂਬਰਾਂ ਨੂੰ ਤੋੜ ਕੇ ਸਰਕਾਰ ਨੂੰ ਅਸਥਿਰ ਕਰਨਾ ਚਾਹੁੰਦੀ ਹੈ। ਆਪ ਦੀ ਇਹ ਟੀਸ ਵਾਜਬ ਹੋ ਸਕਦੀ ਹੈ, ਪਰ ਜਨਤਾ ਇਹ ਵੀ ਭਲੀਭਾਂਤ ਜਾਣਦੀ ਹੈ ਕਿ ਆਮ ਆਦਮੀ ਪਾਰਟੀ ਵੀ ਦੂਜੀਆਂ ਪਾਰਟੀਆਂ ਦੇ ਆਗੂਆਂ ਨੂੰ ਆਪਣੀ ਬੁੱਕਲ ਵਿਚ ਲੈਕੇ ਆਪਣੀ ਸਫ਼ ਮਜ਼ਬੂਤ ਕਰਦੀ ਰਹੀ ਹੈ ਤੇ ਦੂਜੀਆਂ ਪਾਰਟੀਆਂ ਨੂੰ ਖੋਰਾ ਲਾਉਂਦੀ ਰਹੀ ਹੈ। ਹੁਣ ਹਵਾ ਉਲਟ ਵਹਿ ਤੁਰੀ ਤਾਂ ਪਾਰਟੀ ਛੱਡ ਕੇ ਜਾਣ ਵਾਲਿਆਂ ਦੇ ਘਰਾਂ ਦੀਆਂ ਕੰਧਾਂ 'ਤੇ 'ਗੱਦਾਰ' ਲਿਖਣ ਅਤੇ ਮੀਡੀਆ ਬਿਆਨਾਂ ਵਿਚ ਉਹਨਾਂ ਨੂੰ ਗੱਦਾਰ ਕਹਿਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਬਈ ਸਿਆਸਤ ਵਿਚ 'ਆਇਆ ਰਾਮ ਗਿਆ ਰਾਮ' ਤਾਂ ਚਲਦਾ ਹੀ ਹੈ। ਖਾਸ ਕਰਕੇ ਚੋਣਾਂ ਦੇ ਦਿਨਾਂ ਵਿੱਚ ਦਲਬਦਲੀਆਂ ਦਾ ਦੌਰ ਅਕਸਰ ਵੇਖਣ ਨੂੰ ਮਿਲ ਜਾਂਦਾ ਹੈ, ਕਿਉਂਕਿ ਵਰਤਮਾਨ ਸਮੇਂ ਵਿੱਚ ਸਿਧਾਂਤਾਂ ਨਾਲੋਂ ਵੱਧ ਸੈਟਿੰਗ ਨੂੰ ਪਹਿਲ ਦਿੱਤੀ ਜਾਂਦੀ ਹੈ। ਇਸ ਲਈ ਜਦੋਂ ਜੈਸੇ ਕੋ ਤੈਸਾ ਮਿਲੇ ਤਾਂ ਖੌਰੂ ਪਾਉਣਾ ਜਾਇਜ਼ ਨਹੀਂ ਮੰਨਿਆਂ ਜਾਂਦਾ। ਇਹਨਾਂ ਸੱਤਾਂ ਰਾਜ ਸਭਾ ਮੈਂਬਰਾਂ ਦਾ ਭਾਜਪਾ ਜੁਆਇੰਨ ਕਰਨ ਦਾ ਕਾਰਨ ਭਾਵੇਂ ਕੋਈ ਵੀ ਹੋਵੇ, ਸਿਆਸੀ ਪੰਡਤਾਂ ਮੁਤਾਬਕ ਭਾਜਪਾ ਦਾ ਇਹ ਪੈਂਤੜਾ ਉਸ ਵੱਲੋਂ ਸਰਹੱਦੀ ਸੂਬੇ ਪੰਜਾਬ ਅੰਦਰ ਪੈਰ ਜਮਾਉਣ ਦਾ ਵੱਡਾ ਦਾਅ ਹੈ। ਕੁਝ ਰਾਜਨੀਤਿਕ ਵਿਸ਼ਲੇਸ਼ਕ ਮੰਨਦੇ ਹਨ ਕਿ 'ਇਹ ਤਾਂ ਹੋਣਾ ਹੀ ਸੀ। ਉਹ ਇਸਨੂੰ ਕੇਜਰੀਵਾਲ ਅਤੇ ਉਹਨਾਂ ਦੇ ਸਾਥੀਆਂ ਦੀ ਅਤਿ-ਕੇਂਦਰੀਕਰਨ ਨੀਤੀ ਕਾਰਨ ਹੋਇਆ ਮੰਨਦੇ ਹਨ ਤੇ ਇਹ ਵੀ ਮੰਨਦੇ ਹਨ ਕਿ 'ਆਪ' ਦੇ ਰਾਜ ਸਭਾ ਮੈਂਬਰਾਂ ਦਾ ਇੱਕੋ ਝਟਕੇ ਪਾਰਟੀ ਛੱਡ ਜਾਣਾ ਪਾਰਟੀ ਦੇ ਪਤਨ ਵੱਲ ਜਾਣ ਦਾ ਵੱਡਾ ਕਾਰਨ ਬਣੇਗਾ। ਇਸ ਘਟਨਾਕ੍ਰਮ ਕਾਰਨ ਬਣੇ ਸਮੀਕਰਨ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਲਈ ਵੱਡੀ ਚੁਣੌਤੀ ਹੈ। ਪੰਜਾਬ ਵਿਚ ਸੱਤਾ ਦੀ ਵਾਗਡੋਰ ਸੰਭਾਲ ਰਹੀ ਆਮ ਆਦਮੀ ਪਾਰਟੀ ਪਹਿਲਾਂ ਹੀ ਕਾਨੂੰਨ ਵਿਵਸਥਾ, ਨਸ਼ਿਆਂ ਅਤੇ ਗਵਰਨੈਂਸ ਦੇ ਮੁੱਦੇ ਉਪਰ ਘਿਰੀ ਹੋਈ ਹੈ। ਹੁਣ ਰਾਜ ਸਭਾ ਵਿਚ ਉਸ ਕੋਲ ਸਿਰਫ ਸੰਜੇ ਸਿੰਘ, ਐਨ.ਡੀ. ਗੁਪਤਾ ਅਤੇ ਸੰਤ ਬਲਬੀਰ ਸਿੰਘ ਸੀਚੇਵਾਲ ਹੀ ਬਚੇ ਹਨ। ਰਾਘਵ ਚੱਢਾ ਨੂੰ ਕੁਝ ਦਿਨ ਪਹਿਲਾਂ ਹੀ ਰਾਜ ਸਭਾ 'ਚ ਉਪ-ਨੇਤਾ ਦੇ ਅਹੁਦੇ ਤੋਂ ਹਟਾ ਕੇ ਅਸ਼ੋਕ ਮਿੱਤਲ ਨੂੰ ਲਾਇਆ ਗਿਆ ਸੀ, ਜੋ ਖੁਦ ਹੁਣ ਭਾਰਤੀ ਜਨਤਾ ਪਾਰਟੀ ਦੇ ਹੋ ਗਏ ਹਨ। ਕੁਝ ਦਿਨ ਪਹਿਲਾਂ ਹੀ ਉਹਨਾਂ ਵਿਰੁੱਧ ਈ. ਡੀ. ਛਾਪੇ ਨੇ ਵੀ ਸੁਰਖੀਆਂ ਬਟੋਰੀਆਂ ਸਨ ਤੇ ਹੁਣ ਉਹਨਾਂ ਵੱਲੋਂ ਪਾਰਟੀ ਬਦਲਣਾ ਸੁਰਖੀਆਂ ਵਿੱਚ ਹੈ। ਸੱਤ ਸੰਸਦ ਮੈਂਬਰਾਂ ਦੇ ਇਕੱਠਿਆਂ ਜਾਣ ਨਾਲ ਰਾਜ ਸਭਾ 'ਚ ਆਪ ਦਾ ਅਕਾਰ ਘੱਟ ਗਿਆ ਹੈ। ਪੰਜਾਬ 'ਚ 2027 ਦੀ ਚੋਣ ਤੋਂ ਪਹਿਲਾਂ ਇਹ ਆਮ ਆਦਮੀ ਪਾਰਟੀ ਲਈ ਵੱਡਾ ਸਿਆਸੀ ਨੁਕਸਾਨ ਹੈ, ਜਦਕਿ ਸੂਬੇ ਵਿਚ ਆਪਣਾ ਆਧਾਰ ਮਜ਼ਬੂਤ ਬਣਾਉਣ ਲਈ ਕਰਮਸ਼ੀਲ ਭਾਰਤੀ ਜਨਤਾ ਪਾਰਟੀ ਲਈ ਇਹ ਵਿਸਥਾਰ ਦਾ ਮੌਕਾ ਹੈ। ਆਉਣ ਵਾਲੇ ਦਿਨਾਂ 'ਚ ਪੰਜਾਬ ਦੀ ਸਿਆਸਤ 'ਚ ਹੋਰ ਉਥਲ-ਪੁਥਲ ਦੇਖਣ ਨੂੰ ਮਿਲ ਸਕਦੀ ਹੈ। ਜਿਵੇਂ ਕਿ ਕਿਆਸ ਅਰਾਈਆਂ ਹਨ ਕਿ ਕਈ ਹੋਰ ਵੱਡੇ ਨੇਤਾ ਓਧਰੋਂ ਏਧਰ ਜਾਂ ਏਧਰੋਂ ਓਧਰ ਟਪੂਸੀ ਮਾਰਨ ਲਈ ਉਤਾਵਲੇ ਹਨ। ਬੇਸ਼ੱਕ ਸਿਧਾਂਤਾਂ ਨਾਲੋਂ ਸੈਟਿੰਗਾਂ ਨੂੰ ਪਹਿਲ ਦੇਣ ਦਾ ਇਹ ਰੁਝਾਨ ਬਹੁਤਾ ਵਧੀਆ ਨਹੀਂ ਪਰ ਅਕਸਰ ਇਹ ਹੁੰਦਾ ਹੈ, ਕਿ

**'ਕੋਈ ਦਲ ਮਜ਼ਬੂਤ ਹੋ ਜਾਣਾ ਤੇ ਕੋਈ ਕਮਜ਼ੋਰ,**
**ਚੋਣਾਂ ਆਈਆਂ ਨੇੜੇ ਆਇਆ ਦਲਬਦਲੀ ਦਾ ਦੌਰ ....।'**

**- ਅਸ਼ਵਨੀ ਜੇਤਲੀ**

# ਭਾਰਤ ਨਿਊਜ਼ੀਲੈਂਡ ਐੱਫਟੀਏ: ਕਿਸਾਨਾਂ, ਨੌਜਵਾਨਾਂ, ਨੌਕਰੀਆਂ ਅਤੇ ਵਿਕਾਸ ਲਈ ਮਹਿਲਾਵਾਂ ਦੀ ਅਗਵਾਈ ਵਿੱਚ ਇੱਕ ਇਤਿਹਾਸਿਕ ਸਮਝੌਤਾ

ਜ਼ਿਕਰ ਪੰਜਾਬ

ਭਾਰਤ-ਨਿਊਜ਼ੀਲੈਂਡ ਮੁਕਤ ਵਪਾਰ ਸਮਝੌਤਾ (ਐੱਫਟੀਏ), ਜਿਸ 'ਤੇ ਸੋਮਵਾਰ ਨੂੰ ਹਸਤਾਖਰ ਕੀਤੇ ਜਾਣਗੇ, ਵਿਕਸਿਤ ਦੁਨੀਆ ਦੇ ਨਾਲ ਭਾਰਤ ਦੀ ਸ਼ਮੂਲੀਅਤ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਇਨ੍ਹਾਂ ਗਲੋਬਲ ਆਰਥਿਕ ਸਾਂਝੇਦਾਰੀਆਂ ਨੂੰ ਕਿਸਾਨਾਂ, ਮਹਿਲਾਵਾਂ, ਨੌਜਵਾਨਾਂ ਅਤੇ ਰੁਜ਼ਗਾਰ ਪੈਦਾ ਕਰਨ ਵਾਲੇ ਉਦਯੋਗਾਂ ਦੇ ਲਈ ਠੋਸ ਲਾਭ ਵਿੱਚ ਬਦਲਣ ਨਾਲ ਜੁੜੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਦ੍ਰਿਸ਼ਟੀਕੋਣ ਵਿੱਚ ਹੋਈ ਨਿਰਣਾਇਕ ਤਰੱਕੀ ਨੂੰ ਪ੍ਰਤੀਬਿੰਬਤ ਕਰਦਾ ਹੈ। ਇਹ ਐੱਫਟੀਏ ਪ੍ਰਮੁੱਖ ਵਿਕਸਿਤ ਅਰਥਵਿਵਸਥਾਵਾਂ, ਜਿਸ ਵਿੱਚ ਯੂਨਾਈਟੇਡ ਕਿੰਗਡਮ ਅਤੇ ਯੂਰੋਪੀਅਨ ਸੰਘ ਸ਼ਾਮਲ ਹਨ, ਦੇ ਨਾਲ ਹੋਏ ਕਈ ਇਤਿਹਾਸਿਕ ਵਪਾਰ ਸਮਝੌਤਿਆਂ ਦੇ ਬਾਅਦ ਹੋ ਰਿਹਾ ਹੈ। ਇਹ ਸਮਝੌਤੇ ਵਿਸ਼ਵਵਿਆਪੀ ਬਜ਼ਾਰਾਂ ਵਿੱਚ ਭਾਰਤ ਦੀ ਸਥਿਤੀ ਨੂੰ ਮਜ਼ਬੂਤ ਕਰਦੇ ਹਨ ਅਤੇ ਨਿਰਯਾਤਕਾਂ ਨੂੰ ਦੁਨੀਆ ਦੀਆਂ ਕੁਝ ਸਭ ਤੋਂ ਲਾਭਕਾਰੀ ਅਰਥਵਿਵਸਥਾਵਾਂ ਵਿੱਚ, ਇੱਥੋਂ ਤੱਕ ਕਿ ਵਰਤਮਾਨ ਵਿਸ਼ਵਵਿਆਪੀ ਅਨਿਸ਼ਚਿਤਤਾ ਅਤੇ ਉਥਲ-ਪੁਥਲ ਦਰਮਿਆਨ ਵੀ, ਮੁਕਾਬਲੇਬਾਜ਼ੀ ਅਧਾਰਿਤ ਵਾਧਾ ਪ੍ਰਦਾਨ ਕਰਦੇ ਹਨ।

**ਨਿਰਯਾਤ ਅਤੇ ਰੁਜ਼ਗਾਰ ਨੂੰ ਮਜ਼ਬੂਤ ਹੁਲਾਰਾ**

ਦੋਵਾਂ ਧਿਰਾਂ ਲਈ ਸਮਾਨ ਤੌਰ 'ਤੇ ਲਾਭਕਾਰੀ ਇਸ ਸਮਝੌਤੇ ਦੇ ਕੇਂਦਰ ਵਿੱਚ ਨਿਊਜ਼ੀਲੈਂਡ ਦੀ ਇਹ ਵਚਨਬੱਧਤਾ ਹੈ ਕਿ ਉਹ ਤੁਰੰਤ ਹੀ ਸਾਰੇ ਭਾਰਤੀ ਉਤਪਾਦਾਂ 'ਤੇ ਡਿਊਟੀ ਸਮਾਪਤ ਕਰ ਦੇਣਗੇ, ਜਿਸ ਨਾਲ ਉਸ ਬਜ਼ਾਰ ਵਿੱਚ ਇੱਕ ਮਹੱਤਵਪੂਰਨ ਰੁਕਾਵਟ ਦੂਰ ਹੋਵੇਗੀ, ਜਿੱਥੇ ਸਾਡੇ ਪ੍ਰਮੁੱਖ ਨਿਰਯਾਤ 'ਤੇ ਵਰਤਮਾਨ ਵਿੱਚ 10% ਡਿਊਟੀ ਲਗਾਈ ਜਾਂਦੀ ਹੈ। ਇਹ ਟੈਕਸਟਾਈਲ, ਕਾਲੀਨ, ਧਾਗੇ, ਕਪੜੇ, ਫੁਟਵੀਅਰ, ਬੈਗ, ਬੈਲਟ, ਵਾਹਨ ਕੰਪੋਨੈਂਟ, ਮਸ਼ੀਨਰੀ, ਉਪਕਰਣ, ਰਤਨ ਅਤੇ ਗਹਿਣੇ ਅਤੇ ਦਸਤਕਾਰੀ ਜਿਹੇ ਸ਼?ਰਮ-ਪ੍ਰਧਾਨ ਖੇਤਰਾਂ ਲਈ ਇੱਕ ਵੱਡਾ ਪ੍ਰੋਤਸਾਹਨ ਹੈ। ਰੁਜ਼ਗਾਰ ਦੇ ਮੌਕਿਆਂ ਦਾ ਸਿਰਜਣ ਕਰਨ ਵਾਲੇ ਇਹ ਉਦਯੋਗ ਭਾਰਤ ਦੇ ਐੱਮਐੱਸਐੱਮਈ ਈਕੋਸਿਸਟਮ ਦੀ ਰੀੜ੍ਹ ਦੀ ਹੱਡੀ ਹਨ ਅਤੇ ਇਨ੍ਹਾਂ ਨੂੰ ਕੀਮਤ ਮੁਕਾਬਲੇ ਅਤੇ ਬਜ਼ਾਰ ਪਹੁੰਚ ਤੋਂ ਲਾਭ ਮਿਲੇਗਾ। ਇਸ ਨਾਲ ਨਿਰਯਾਤ ਵਧੇਗਾ ਅਤੇ ਨਿਰਮਾਣ ਕੇਂਦਰਾਂ, ਕਾਰੀਗਰ ਭਾਈਚਾਰਿਆਂ ਅਤੇ ਛੋਟੇ ਉੱਦਮਾਂ ਵਿੱਚ ਵੱਡੇ ਪੈਮਾਨੇ 'ਤੇ ਰੁਜ਼ਗਾਰ ਸਿਰਜਣ ਨੂੰ ਹੁਲਾਰਾ ਮਿਲੇਗਾ।

ਇਹ ਸਮਝੌਤਾ ਉਸ ਵਿਆਪਕ ਦਰਸ਼ਨ ਨੂੰ ਪ੍ਰਤੀਬਿੰਬਤ ਕਰਦਾ ਹੈ, ਜੋ 2014 ਵਿੱਚ ਮੋਦੀ ਸਰਕਾਰ ਦੇ ਗਠਨ ਤੋਂ ਬਾਅਦ ਭਾਰਤ ਦੀ ਵਪਾਰ ਨੀਤੀ ਦਾ ਮਾਰਗਦਰਸ਼ਨ ਕਰ ਰਿਹਾ ਹੈ। ਇਹ ਸਮਾਵੇਸ਼, ਸਸ਼ਕਤੀਕਰਣ ਅਤ ਸਾਂਝੀ ਸਮ੍ਰਿੱਧੀ ਵਿੱਚ ਸ਼ਾਮਲ ਹੈ। ਵਪਾਰ ਨੂੰ ਰਾਸ਼ਟਰੀ ਪਰਿਵਰਤਨ ਦੇ ਉਪਕਰਣ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ, ਜੋ ਕਿਸਾਨਾਂ, ਵਰਕਰਾਂ, ਮਹਿਲਾਵਾਂ, ਨੌਜਵਾਨਾਂ ਅਤੇ ਵੰਚਿਤ ਭਾਈਚਾਰਿਆਂ ਨੂੰ ਲਾਭ ਪਹੁੰਚਾਉਂਦਾ ਹੈ।

**ਨਾਰੀ ਸ਼ਕਤੀ**

ਇਸ ਸਮਝੌਤੇ ਦੀ ਇੱਕ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਭਾਰਤ ਦਾ ਪਹਿਲਾ ਮਹਿਲਾ-ਅਗਵਾਈ ਵਾਲਾ ਐੱਫਟੀਏ ਹੈ। ਵਾਰਤਾ ਟੀਮ ਦੀ ਲਗਭਗ ਸਾਰੀਆਂ ਮੈਂਬਰ ਮਹਿਲਾਵਾਂ ਸਨ। ਇਨ੍ਹਾਂ ਵਿੱਚ ਮੁੱਖ ਵਾਰਤਾਕਾਰ, ਡਿਪਟੀ ਚੀਫ਼ ਵਾਰਤਾਕਾਰ, ਏਰੀਆ ਹੈੱਡ ਅਤੇ ਨਿਊਜ਼ੀਲੈਂਡ ਵਿੱਚ ਭਾਰਤ ਦੇ ਰਾਜਦੂਤ ਸ਼ਾਮਲ ਹਨ।

ਇਹ ਉਪਲਬਧੀ ਮੋਦੀ ਸਰਕਾਰ ਵਿੱਚ ਮਹਿਲਾਵਾਂ ਦੇ ਵਧਦੇ ਮਹੱਤਵ ਨੂੰ ਦਰਸਾਉਂਦੀ ਹੈ। ਇਹ ਸ਼ਾਸਨ, ਅਗਵਾਈ ਅਤੇ ਵੱਖ-ਵੱਖ ਖੇਤਰਾਂ ਵਿੱਚ ਫੈਸਲਾ ਲੈਣ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਵਧਾਉਣ ਦੇ ਵਿਆਪਕ ਯਤਨਾਂ ਦੇ ਅਨੁਸਾਰ ਹੈ ਅਤੇ ਰਾਸ਼ਟਰੀ ਵਿਕਾਸ ਦੇ ਸੰਚਾਲਕ ਵਜੋਂ ਨਾਰੀ ਸ਼ਕਤੀ ਦੇ ਵਿਚਾਰ ਨੂੰ ਮਜ਼ਬੂਤ ਕਰਦੀ ਹੈ।

**ਕਿਸਾਨ ਪਹਿਲਾਂ**



ਐੱਫਟੀਏ ਦੀ ਬੁਨਿਆਦ ਖੇਤੀਬਾੜੀ ਉਤਪਾਦਕਤਾ ਵਧਾਉਣ ਲਈ ਸਾਵਧਾਨੀਪੂਰਵਕ ਤਿਆਰ ਕੀਤੀ ਗਈ ਹੈ। ਨਿਊਜ਼ੀਲੈਂਡ ਕੀਵੀ, ਸੇਬ ਅਤੇ ਸ਼ਹਿਦ ਲਈ ਖੇਤੀਬਾੜੀ ਉਤਪਾਦਕਤਾ ਕਾਰਜ ਯੋਜਨਾਵਾਂ ਦਾ ਸਮਰਥਨ ਕਰੇਗਾ। ਇਨ੍ਹਾਂ ਪਹਿਲਕਦਮੀਆਂ ਵਿੱਚ ਬਿਹਤਰ ਬੀਜ ਸਮੱਗਰੀ, ਖੋਜ ਸਹਿਯੋਗ, ਕਿਸਾਨਾਂ ਦੇ ਲਈ ਸਮਰੱਥਾ ਨਿਰਮਾਣ, ਬਾਗਬਾਨੀ ਪ੍ਰਬੰਧਨ ਪ੍ਰਥਾਵਾਂ, ਵਾਢੀ ਤੋਂ ਬਾਅਦ ਸੁਧਾਰ, ਖੁਰਾਕ ਸੁਰੱਖਿਆ ਪ੍ਰਣਾਲੀ ਅਤੇ ਉੱਤਮਤਾ ਕੇਂਦਰਾਂ ਦੀ ਸਥਾਪਨਾ ਸ਼ਾਮਲ ਹੈ। ਸੇਬ ਉਤਪਾਦਕਾਂ ਅਤੇ ਟਿਕਾਊ ਮਧੂ ਮਖੀ ਪਾਲਣ ਅਤੇ ਤੌਰ-ਤਰੀਕਿਆਂ ਦੇ ਲਈ ਪ੍ਰੋਜੈਕਟਸ ਉਤਪਾਦਨ ਅਤੇ ਗੁਣਵੱਤਾ ਮਿਆਰਾਂ ਨੂੰ ਵਧਾਏਗੀ, ਜਿਸ ਨਾਲ ਖੇਤੀਬਾੜੀ ਸਮ੍ਰਿੱਧੀ ਵਿੱਚ ਵਾਧਾ ਹੋਵੇਗਾ।

ਇਸ ਦੇ ਨਾਲ ਹੀ, ਭਾਰਤ ਨੇ ਆਪਣੇ ਪ੍ਰਮੁੱਖ ਖੇਤੀਬਾੜੀ ਹਿਤਾਂ ਦੀ ਮਜ਼ਬੂਤੀ ਨਾਲ ਸੁਰੱਖਿਆ ਕੀਤੀ ਹੈ। ਡੇਅਰੀ ਉਤਪਾਦਾਂ (ਜਿਵੇਂ ਦੁੱਧ, ਕ੍ਰੀਮ, ਵਹੇ, ਦਹੀ ਅਤੇ ਪਨੀਰ); ਪਿਆਜ਼, ਛੋਲੇ, ਮਟਰ, ਮੱਕੀ, ਬਾਦਾਮ, ਚੀਨੀ ਅਤੇ ਕੁਝ ਖਾਸ ਤੇਲ ਅਤੇ ਵਸਾ ਜਿਹੀਆਂ ਸੰਵੇਦਨਸ਼ੀਲ ਵਸਤੂਆਂ ਨੂੰ ਡਿਊਟੀ ਛੋਟ ਤੋਂ ਬਾਹਰ ਰੱਖਿਆ ਗਿਆ ਹੈ। ਸਮਝੌਤਾ ਯਕੀਨੀ ਬਣਾਉਂਦਾ ਹੈ ਕਿ ਘਰੇਲੂ ਕਿਸਾਨ ਹਾਨੀਕਾਰਕ ਆਯਾਤ ਮੁਕਾਬਲੇਬਾਜ਼ੀ ਤੋਂ ਸੁਰੱਖਿਅਤ ਰਹਿਣ। ਕਿਸਾਨਾਂ ਅਤੇ ਮਛੇਰਿਆਂ ਦੇ ਹਿਤਾਂ ਦੀ ਰੱਖਿਆ ਕਰਨਾ ਸਾਰੇ ਵਪਾਰ ਵਾਰਤਾਵਾਂ ਵਿੱਚ ਭਾਰਤ ਦੇ ਦ੍ਰਿਸ਼ਟੀਕੋਣ ਦਾ ਕੇਂਦਰ ਰਿਹਾ ਹੈ।

**ਯੁਵਾ ਅਤੇ ਪੇਸ਼ੇਵਰ**

ਸਮਝੌਤੇ ਦਾ ਇੱਕ ਪ੍ਰਮੁੱਖ ਥੰਮ?ਹ ਵਿਦਿਆਰਥੀਆਂ ਅਤੇ ਕੁਸ਼ਲ ਪੇਸ਼ੇਵਰਾਂ ਲਈ ਵਧੀ ਹੋਈ ਆਵਾਜਾਈ ਦੀ ਸੁਵਿਧਾ ਹੈ, ਜੋ ਭਾਰਤ ਦੇ ਨੌਜਵਾਨਾਂ ਲਈ ਨਵੇਂ ਗਲੋਬਲ ਮਾਰਗ ਦਾ ਨਿਰਮਾਣ ਕਰਦੀ ਹੈ।

ਕਿਸੇ ਵੀ ਦੁਵੱਲੇ ਵਪਾਰ ਸਮਝੌਤੇ ਵਿੱਚ ਪਹਿਲੀ ਵਾਰ, ਨਿਊਜ਼ੀਲੈਂਡ ਨੇ ਭਾਰਤੀ ਵਿਦਿਆਰਥੀਆਂ ਦੀ ਆਵਾਜਾਈ ਅਤੇ ਅਧਿਐਨ ਦੇ ਬਾਅਦ ਕੰਮ ਕਰਨ ਦੇ ਮੌਕਿਆਂ ਲਈ ਇੱਕ ਢਾਂਚਾਗਤ ਲੈਂਸ ਫਾਰਮੈਟ ਪੇਸ਼ ਕੀਤਾ ਹੈ। ਭਾਰਤੀ ਵਿਦਿਆਰਥੀਆਂ 'ਤੇ ਕੋਈ ਸੰਖਿਆਤਮਕ ਸੀਮਾ ਨਹੀਂ ਹੈ। ਵਿਦਿਆਰਥੀਆਂ ਨੂੰ ਅਧਿਐਨ ਦੌਰਾਨ ਪ੍ਰਤੀ ਹਫ਼ਤਾ ਘੱਟ ਤੋਂ ਘੱਟ 20 ਘੰਟੇ ਕੰਮ ਕਰਨ ਦੀ ਇਜ਼ਾਜਤ ਦਿੱਤੀ ਜਾਵੇਗੀ, ਜਦੋਂ ਕਿ ਅਧਿਐਨ ਤੋਂ ਬਾਅਦ ਕੰਮ ਕਰਨ ਦੇ ਅਧਿਕਾਰ, ਐੱਸਟੀਈਐੱਮ ਗ੍ਰੈਜੂਏਟਾਂ ਲਈ ਤਿੰਨ ਵਰ੍ਹ?ਆਂ ਤੱਕ ਅਤੇ ਡਾਕਟਰ ਡਿਗਰੀ ਦੇ ਖੋਜਕਰਤਾਵਾਂ ਲਈ ਚਾਰ ਵਰ੍ਹ?ਆਂ ਤੱਕ ਵਧਾਏ ਗਏ ਹਨ।

ਸਮਝੌਤਾ ਕਿਸੇ ਵੀ ਸਮੇਂ 5,000 ਭਾਰਤੀ ਪੇਸ਼ੇਵਰਾਂ ਤੱਕ ਲਈ ਅਸਥਾਈ ਰੁਜ਼ਗਾਰ ਪ੍ਰਵੇਸ਼ ਵੀਜ਼ਾ ਮਾਰਗ ਪੇਸ਼ ਕਰਦਾ ਹੈ, ਜਿਸ ਦੇ ਤਹਿਤ ਆਈਟੀ, ਇੰਜੀਨੀਅਰਿੰਗ, ਸਿਹਤ ਸੰਭਾਲ, ਸਿੱਖਿਆ, ਨਿਰਮਾਣ ਅਤੇ ਯੋਗਾ, ਆਯੁਰਵੇਦ, ਭਾਰਤੀ ਪਕਵਾਨ ਅਤੇ ਸੰਗੀਤ ਸਿੱਖਿਆ ਜਿਹੇ ਚੁਣੇ ਹੋਏ ਰਵਾਇਤੀ ਖੇਤਰਾਂ ਵਿੱਚ ਤਿੰਨ ਵਰ੍ਹ?ਆਂ ਤੱਕ ਰਹਿਣ ਦੀ ਇਜ਼ਾਜਤ ਹੋਵੇਗੀ।

ਇਸ ਤੋਂ ਇਲਾਵਾ, ਇੱਕ ਵਰਕਿੰਗ ਹੌਲੀਡੇਅ ਵੀਜ਼ਾ ਯੋਜਨਾ ਹਰੇਕ ਵਰੇ 1,000 ਯੁਵਾ ਭਾਰਤੀਆਂ ਨੂੰ ਨਿਊਜ਼ੀਲੈਂਡ ਵਿੱਚ 12 ਮਹੀਨੇ ਤੱਕ ਰਹਿਣ ਅਤੇ ਕੰਮ ਕਰਨ ਦੀ ਇਜ਼ਾਜਤ ਦੇਵੇਗੀ, ਜਿਸ ਨਾਲ ਸੱਭਿਆਚਾਰਕ ਅਦਾਨ-ਪ੍ਰਦਾਨ ਅਤੇ ਗਲੋਬਲ ਅਨੁਭਵ ਨੂੰ ਮਜ਼ਬੂਤੀ ਮਿਲੇਗੀ।

**ਨਿਵੇਸ਼ ਅਤੇ ਨਵੀਨਤਾ**

ਨਿਊਜ਼ੀਲੈਂਡ ਨੇ ਭਾਰਤ ਵਿੱਚ 20 ਅਰਬ ਡਾਲਰ ਦੇ ਨਿਵੇਸ਼ ਲਈ ਵਚਨਬੱਧਤਾ ਜਤਾਈ ਹੈ। ਇਸ ਨਾਲ ਮੈਨੂਫੈਕਚਰਿੰਗ, ਬੁਨਿਆਦੀ ਢਾਂਚਾ, ਨਵਿਆਉਣਯੋਗ ਊਰਜਾ, ਡਿਜੀਟਲ ਸੇਵਾਵਾਂ, ਇਨੋਵੇਸ਼ਨ ਈਕੋਸਿਸਟਮ ਅਤੇ ਰੁਜ਼ਗਾਰ ਸਿਰਜਣ ਨੂੰ ਸਮਰਥਨ ਮਿਲਣ ਦੀ ਉਮੀਦ ਹੈ। ਜਵਾਬਦੇਹੀ ਯਕੀਨੀ ਬਣਾਉਣ ਲਈ ਇੱਕ 'ਪੁਨਰ ਸੰਤੁਲਨ ਸੈਕਸ਼ਨ' ਸ਼ਾਮਲ ਕੀਤਾ ਗਿਆ ਹੈ, ਜਿਸ ਨਾਲ ਭਾਰਤ ਨੂੰ ਇਹ ਅਧਿਕਾਰ ਮਿਲਦਾ ਹੈ ਕਿ ਜੇਕਰ ਨਿਵੇਸ਼ ਸਬੰਧੀ ਵਚਨਬੱਧਤਾਵਾਂ ਪੂਰੀਆਂ ਨਹੀਂ ਹੁੰਦੀਆਂ ਹਨ, ਤਾਂ ਉਹ ਸੁਧਾਰਾਤਮਕ ਕਦਮ ਚੁੱਕ ਸਕਦਾ ਹੈ। ਇਹ ਸਮਝੌਤਾ ਖੋਜ, ਤਕਨਾਲੋਜੀ ਟ?ਰਾਂਸਫਰ, ਕੌਸ਼ਲ ਵਿਕਾਸ ਅਤੇ ਨਵੀਨਤਾ ਅਧਾਰਿਤ ਖੇਤਰਾਂ ਵਿੱਚ ਸਹਿਯੋਗ ਨੂੰ ਵੀ ਹੁਲਾਰਾ ਦਿੰਦਾ ਹੈ, ਜਿਸ ਨਾਲ ਇਹ ਯਕੀਨੀ ਹੁੰਦਾ ਹੈ ਕਿ ਲੰਬੇ ਸਮੇਂ ਲਈ ਵਿਕਾਸ ਯੋਗ ਸਾਂਝੇਦਾਰੀਆਂ ਵਿੱਚ ਵਪਾਰ ਪੂਰਕ ਭੂਮਿਕਾ ਨਿਭਾਏਗਾ।

**ਵਪਾਰ ਰਣਨੀਤੀ**

ਭਾਰਤ ਨਿਊਜ਼ੀਲੈਂਡ ਐੱਫਟੀਏ ਵਿਕਸਿਤ ਅਰਥਵਿਵਸਥਾਵਾਂ ਦੇ ਨਾਲ ਸਾਂਝੇਦਾਰੀ ਕਰਨ ਦੀ ਸਪਸ਼ਟ ਅਤੇ ਭਰੋਸੇਮੰਦ ਵਪਾਰ ਰਣਨੀਤੀ ਨੂੰ ਪ੍ਰਤੀਬਿੰਬਤ ਕਰਦਾ ਹੈ, ਜੋ ਭਾਰਤ ਦੇ ਸ਼?ਰਮ ਪ੍ਰਧਾਨ ਖੇਤਰਾਂ ਦੇ ਲਈ ਸਾਰਥਕ ਬਜ਼ਾਰ ਪਹੁੰਚ ਦੀ ਸੁਵਿਧਾ ਦਿੰਦਾ ਹੈ ਅਤੇ ਘਰੇਲੂ ਸੰਵੇਦਨਸ਼ੀਲਤਾ ਦਾ ਸਨਮਾਨ ਕਰਦਾ ਹੈ।

ਅੱਜ ਭਾਰਤ ਤਾਕਤ ਅਤੇ ਭਰੋਸੇਯੋਗਤਾ ਦੀ ਸਥਿਤੀ ਦੇ ਨਾਲ ਗੱਲਬਾਤ ਕਰਦਾ ਹੈ। ਪਹਿਲਾਂ ਦੇ ਦਹਾਕਿਆਂ ਵਿੱਚ ਵਪਾਰ ਸਮਝੌਤਿਆਂ ਨੂੰ ਅਕਸਰ ਸੰਵੇਦਨਸ਼ੀਲ ਖੇਤਰਾਂ ਨੂੰ ਉੱਚਿਤ ਸੁਰੱਖਿਆ ਦਿੱਤੇ ਬਿਨਾਂ ਅੰਤਿਮ ਰੂਪ ਦਿੱਤਾ ਜਾਂਦਾ ਸੀ, ਇਸ ਦੇ ਉਲਟ ਮੌਜੂਦਾ ਗੱਲਬਾਤ ਯਕੀਨੀ ਬਣਾਉਂਦੀ ਹੈ ਕਿ ਖੇਤੀਬਾੜੀ, ਡੇਅਰੀ ਅਤੇ ਹੋਰ ਸੰਵੇਦਨਸ਼ੀਲ ਖੇਤਰ ਪੂਰੀ ਤਰ੍ਹਾਂ ਸੁਰੱਖਿਅਤ ਰਹਿਣ। ਜਿਵੇਂ-ਜਿਵੇਂ ਭਾਰਤ ਵਿਕਸਿਤ ਅਰਥਵਿਵਸਥਾਵਾਂ ਦੇ ਨਾਲ ਆਪਣੀ ਸ਼ਮੂਲੀਅਤ ਨੂੰ ਡੂੰਘਾ ਕਰ ਰਿਹਾ ਹੈ, ਵਿਕਸਿਤ ਦੁਨੀਆ ਦੇ ਨਾਲ ਹੋਏ ਵਪਾਰ ਸਮਝੌਤੇ ਇਸ ਤੱਥ ਦੀ ਸਸ਼ਕਤ ਉਦਾਹਰਣ ਪੇਸ਼ ਕਰਦੇ ਹਨ ਕਿ ਵਪਾਰ ਨੀਤੀ ਨੂੰ ਕਿਵੇਂ ਰਾਸ਼ਟਰੀ ਵਿਕਾਸ ਟੀਚਿਆਂ ਦੇ ਨਾਲ ਰੇਖਾਂਕਿਤ ਕੀਤਾ ਜਾ ਸਕਦਾ ਹੈ, ਜਿਸ ਨਾਲ ਵਿਕਸਿਤ ਭਾਰਤ 2047 ਦਾ ਟੀਚਾ ਹਾਸਲ ਕਰਨ ਦੀ ਦਿਸ਼ਾ ਵਿੱਚ ਸਮਾਵੇਸ਼ੀ ਵਾਧਾ ਅਤੇ ਲੰਬੇ ਸਮੇਂ ਦੀ ਆਰਥਿਕ ਮਜ਼ਬੂਤੀ ਯਕੀਨੀ ਹੁੰਦੀ ਹੈ।



**ਪੀਯੂਸ਼ ਗੋਇਲ**
**(ਲੇਖਕ ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਹਨ)**

# ਵਾਸ਼ਿੰਗਟਨ ਹਿਲਟਨ: ਇਤਿਹਾਸ ਆਪਣੇ ਆਪ ਨੂੰ ਦੂਹਰਾ ਰਿਹਾ ਹੈ ਜਾਂ ਅਮਰੀਕੀ ਲੋਕਤੰਤਰ ਦੀ ਕਮਜ਼ੋਰੀ?

ਸ਼ਨੀਵਾਰ ਰਾਤ ਨੂੰ ਵਾਸ਼ਿੰਗਟਨ ਦੇ ਮਸ਼ਹੂਰ ਵਾਸ਼ਿੰਗਟਨ ਹਿਲਟਨ ਵਿੱਚ ਹੋਈ ਗੋਲੀਬਾਰੀ ਨੇ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ। ਇਹ ਸਿਰਫ਼ ਇੱਕ ਸੁਰੱਖਿਆ ਘਟਨਾ ਨਹੀਂ ਸੀ, ਸਗੋਂ ਇੱਕ ਅਜਿਹਾ ਪਲ ਸੀ ਜਿਸਨੇ ਇਤਿਹਾਸ, ਰਾਜਨੀਤੀ ਅਤੇ ਲੋਕਤੰਤਰ ਨੂੰ ਇੱਕਠੇ ਕਰ ਦਿੱਤਾ। ਜਦੋਂ ਵ?ਹਾਈਟ ਹਾਊਸ ਪੱਤਰਕਾਰਾਂ ਦੇ ਡਿਨਰ ਦੌਰਾਨ ਅਚਾਨਕ ਗੋਲੀਬਾਰੀ ਦੀ ਆਵਾਜ਼ ਆਈ, ਤਾਂ ਇਹ ਮੌਜੂਦ ਹਜ਼ਾਰਾਂ ਲੋਕਾਂ ਲਈ ਇੱਕ ਬੁਰੇ ਸੁਪਨੇ ਤੋਂ ਘੱਟ ਨਹੀਂ ਸੀ। ਡੋਨਾਲਡ ਟਰੰਪ , ਮੇਲਾਨੀਆ ਟਰੰਪ ਅਤੇ ਜੇ.ਡੀ. ਵੈਂਸ ਵਰਗੇ ਚੋਟੀ ਦੇ ਨੇਤਾ ਮੌਜੂਦ ਸਨ। ਕੁਝ ਹੀ ਪਲਾਂ ਵਿੱਚ, ਤਿਉਹਾਰ ਦਾ ਮਾਹੌਲ ਡਰ ਅਤੇ ਹਫੜਾ-ਦਫੜੀ ਵਿੱਚ ਬਦਲ ਗਿਆ। ਅਮਰੀਕੀ ਗੁਪਤ ਸੇਵਾ ਦੀ ਤੁਰੰਤ ਕਾਰਵਾਈ ਨੇ ਸਥਿਤੀ ਨੂੰ ਕਾਬੂ ਵਿੱਚ ਕਰ ਲਿਆ, ਪਰ ਇਸ ਘਟਨਾ ਨੇ ਬਹੁਤ ਸਾਰੇ ਡੂੰਘੇ ਸਵਾਲ ਖੜ੍ਹੇ ਕੀਤੇ ਜਿਨ੍ਹਾਂ ਦੇ ਜਵਾਬ ਆਸਾਨ ਨਹੀਂ ਹਨ। ਇਸ ਘਟਨਾ ਬਾਰੇ ਸਭ ਤੋਂ ਹੈਰਾਨ ਕਰਨ ਵਾਲੀ ਅਤੇ ਡਰਾਉਣੀ ਗੱਲ ਇਹ ਹੈ ਕਿ ਇਹ ਪਹਿਲੀ ਵਾਰ ਨਹੀਂ ਵਾਪਰਿਆ ਹੈ। ਇਹ ਉਹੀ ਹੋਟਲ, ਜਿਸਨੂੰ ਕਈ ਵਾਰ ÷ਹਿਨਕਲੇ ਹਿਲਟਨ÷ ਵਜੋਂ ਜਾਣਿਆ ਜਾਂਦਾ ਹੈ, ਪਹਿਲਾਂ ਅਮਰੀਕੀ ਇਤਿਹਾਸ ਦੀਆਂ ਸਭ ਤੋਂ ਹਿੰਸਕ ਘਟਨਾਵਾਂ ਵਿੱਚੋਂ ਇੱਕ ਦਾ ਗਵਾਹ ਰਿਹਾ ਹੈ। 1981 ਵਿੱਚ, ਉਸ ਸਮੇਂ ਦੇ ਰਾਸ਼ਟਰਪਤੀ ਰੋਨਾਲਡ ਰੀਗਨ ਨੂੰ ਇਸੇ ਸਥਾਨ ਦੇ ਬਾਹਰ ਜੌਨ ਹਿਨਕਲੇ ਜੂਨੀਅਰ ਨੇ ਗੋਲੀ ਮਾਰ ਦਿੱਤੀ ਸੀ। ਉਸ ਹਮਲੇ ਵਿੱਚ, ਰੀਗਨ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਸੀ ਅਤੇ ਉਸਦੇ ਪ੍ਰੈਸ ਸਕੱਤਰ , ਜੇਮਜ਼ ਬ੍ਰੈਡੀ , ਸਥਾਈ ਅਪਾਹਜਤਾ ਦਾ ਸ਼ਿਕਾਰ ਹੋ ਗਏ ਸਨ। ਉਦੋਂ ਵੀ ਉਹੀ ਸਵਾਲ ਉੱਠੇ ਸਨ - ਸੁਰੱਖਿਆ ਵਿੱਚ ਕੁਤਾਹੀ ਕਿਵੇਂ ਹੋਈ? ਅਤੇ ਅੱਜ, ਲਗਭਗ 45 ਸਾਲਾਂ ਬਾਅਦ, ਉਹੀ ਸਵਾਲ ਸਾਡੇ ਸਾਹਮਣੇ ਦੁਬਾਰਾ ਆਉਂਦੇ ਹਨ। ਫਰਕ ਸਿਰਫ ਇਹ ਹੈ ਕਿ ਦੁਨੀਆ ਬਹੁਤ ਜ਼ਿਆਦਾ ਗੁੰਝਲਦਾਰ ਹੈ ਅਤੇ ਖਤਰਿਆਂ ਦੀ ਪ੍ਰਕਿਰਤੀ ਬਦਲ ਗਈ ਹੈ। ਮੌਜੂਦ ਲੋਕਾਂ ਦੇ ਅਨੁਸਾਰ, ਸਭ ਕੁਝ ਆਮ ਵਾਂਗ ਚੱਲ ਰਿਹਾ ਸੀ। ਹਾਸੇ, ਭਾਸ਼ਣ, ਮੀਡੀਆ ਅਤੇ ਰਾਜਨੀਤੀ ਦਾ ਮਿਸ਼ਰਣ - ਇਹ ਰਾਤ ਦਾ ਖਾਣਾ ਹਮੇਸ਼ਾ ਅਮਰੀਕੀ ਲੋਕਤੰਤਰ ਦੀ ਇੱਕ ਵਿਲੱਖਣ ਪਰੰਪਰਾ ਰਿਹਾ ਹੈ। ਪਰ ਅਚਾਨਕ ਹੋਈ ਗੋਲੀਬਾਰੀ ਨੇ ਇਸ ਪਰੰਪਰਾ ਨੂੰ ਹਿਲਾ ਦਿੱਤਾ। ਲੋਕ ਸੁਰੱਖਿਆ ਲਈ ਮੇਜ਼ਾਂ ਦੇ ਹੇਠਾਂ ਲੁਕਣ ਲੱਗ ਪਏ, ਘਬਰਾਹਟ ਫੈਲ ਗਈ, ਅਤੇ ਕੁਝ ਹੀ ਪਲਾਂ ਵਿੱਚ, ਸਾਰੀ ਸਥਿਤੀ ਕਾਬੂ ਤੋਂ ਬਾਹਰ ਹੁੰਦੀ ਜਾਪਦੀ ਸੀ। ਹਾਲਾਂਕਿ ਇਹ ਰਾਹਤ ਦੀ ਗੱਲ ਹੈ ਕਿ ਜਾਨ-ਮਾਲ ਦਾ ਕੋਈ ਵੱਡਾ ਨੁਕਸਾਨ ਨਹੀਂ ਹੋਇਆ, ਪਰ ਮਾਨਸਿਕ ਅਤੇ ਮਨੋਵਿਗਿਆਨਕ ਪ੍ਰਭਾਵ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਹ ਘਟਨਾ ਸਿਰਫ਼ ਸੁਰੱਖਿਆ ਵਿੱਚ ਕੁਤਾਹੀ ਨਹੀਂ ਹੈ, ਸਗੋਂ ਅਮਰੀਕੀ ਸਮਾਜ ਵਿੱਚ ਵਧ ਰਹੇ ਰਾਜਨੀਤਿਕ ਤਣਾਅ ਨੂੰ ਵੀ ਦਰਸਾਉਂਦੀ ਹੈ। ਪਿਛਲੇ ਕੁਝ ਸਾਲਾਂ ਵਿੱਚ ਅਮਰੀਕਾ ਵਿੱਚ ਵਿਚਾਰਧਾਰਕ ਧਰੁਵੀਕਰਨ ਤੇਜ਼ੀ ਨਾਲ ਵਧਿਆ ਹੈ। 6 ਜਨਵਰੀ ਦੇ ਕੈਪੀਟਲ ਦੰਗੇ ਵਰਗੀਆਂ ਘਟਨਾਵਾਂ ਨੇ ਦਿਖਾਇਆ ਹੈ ਕਿ ਰਾਜਨੀਤਿਕ ਮਤਭੇਦ ਹੁਣ ਬਹਿਸ ਅਤੇ ਚਰਚਾ ਤੱਕ ਸੀਮਤ ਨਹੀਂ ਹਨ। ਉਹਨਾਂ ਨੂੰ ਸੜਕਾਂ 'ਤੇ, ਸੰਸਥਾਵਾਂ ਵਿੱਚ, ਅਤੇ ਹੁਣ ਉੱਚ-ਪੱਧਰੀ ਸਮਾਗਮਾਂ ਵਿੱਚ ਵੀ ਖੁੱਲ੍ਹ ਕੇ ਪ੍ਰਗਟ ਕੀਤਾ ਜਾ ਰਿਹਾ ਹੈ। ਇਸ ਸੰਦਰਭ ਵਿੱਚ, ਵਾਸ਼ਿੰਗਟਨ ਹਿਲਟਨ ਘਟਨਾ ਇੱਕ ਅਲੱਗ-ਥਲੱਗ ਘਟਨਾ ਨਹੀਂ ਜਾਪਦੀ, ਸਗੋਂ ਇੱਕ ਵਿਸ਼ਾਲ ਰੁਝਾਨ ਦਾ ਹਿੱਸਾ ਜਾਪਦੀ ਹੈ।

ਇਸ ਪੂਰੇ ਦ੍ਰਿਸ਼ ਵਿੱਚ ਡੋਨਾਲਡ ਟਰੰਪ ਦੀ ਰਾਜਨੀਤੀ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਜਿੱਥੇ ਅਮਰੀਕਾ ਫਸਟ ਅਤੇ ਮੇਕ ਅਮਰੀਕਾ ਗ੍ਰੇਟ ਅਗੇਨ ਵਰਗੀਆਂ ਉਸਦੀਆਂ ਨੀਤੀਆਂ ਨੇ ਸਮਾਜ ਦੇ ਇੱਕ ਵੱਡੇ ਹਿੱਸੇ ਨੂੰ ਆਕਰਸ਼ਿਤ ਕੀਤਾ, ਉੱਥੇ ਹੀ ਉਨ੍ਹਾਂ ਨੇ ਸਮਾਜ ਦੇ ਇੱਕ ਹਿੱਸੇ ਵਿੱਚ ਅਸੰਤੁਸ਼ਟੀ ਅਤੇ ਵਿਰੋਧ ਵੀ ਪੈਦਾ ਕੀਤਾ। ਮੀਡੀਆ ਨਾਲ ਉਸਦਾ ਟਕਰਾਅ, ਜਾਅਲੀ ਖ਼ਬਰਾਂ ਵਰਗੇ ਸ਼ਬਦਾਂ ਦੀ ਵਰਤੋਂ ਅਤੇ ਰਾਜਨੀਤਿਕ ਵਿਰੋਧੀਆਂ ਵਿਰੁੱਧ ਉਸਦੀ ਕਠੋਰ ਭਾਸ਼ਾ - ਇਹਨਾਂ ਸਭ ਨੇ ਸਮਾਜਿਕ ਮਾਹੌਲ ਨੂੰ ਹੋਰ ਵਧਾ ਦਿੱਤਾ ਹੈ। ਇਸ ਲਈ, ਜਦੋਂ ਕੋਈ ਹਿੰਸਕ ਘਟਨਾ ਵਾਪਰਦੀ ਹੈ, ਤਾਂ ਇਹ ਕਿਸੇ ਇੱਕ ਵਿਅਕਤੀ ਦਾ ਕੰਮ ਨਹੀਂ ਜਾਪਦਾ, ਸਗੋਂ ਇੱਕ ਵਿਸ਼ਾਲ ਸਮਾਜਿਕ ਅਤੇ ਰਾਜਨੀਤਿਕ ਵਾਤਾਵਰਣ ਦਾ ਨਤੀਜਾ ਹੁੰਦਾ ਹੈ ਜਿਸ ਵਿੱਚ ਅਸਹਿਮਤੀ ਨੂੰ ਅਕਸਰ ਦੁਸ਼ਮਣੀ ਵਜੋਂ ਸਮਝਿਆ ਜਾਂਦਾ ਹੈ। ਸੁਰੱਖਿਆ ਬਾਰੇ ਸਵਾਲ ਉੱਠਣਾ ਸੁਭਾਵਿਕ ਹੈ। ਯੂਐਸ ਸੀਕਰੇਟ ਸਰਵਿਸ ਨੂੰ ਦੁਨੀਆ ਦੀਆਂ ਸਭ ਤੋਂ ਸਮਰੱਥ ਸੁਰੱਖਿਆ ਏਜੰਸੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। 1981 ਦੀ ਘਟਨਾ ਤੋਂ ਬਾਅਦ, ਮਹੱਤਵਪੂਰਨ ਸੁਧਾਰ ਕੀਤੇ ਗਏ ਹਨ - ਅਤਿ-ਆਧੁਨਿਕ ਤਕਨਾਲੋਜੀ ਦੀ ਵਰਤੋਂ, ਵਧੇਰੇ ਸਿਖਲਾਈ ਪ੍ਰਾਪਤ ਸੁਰੱਖਿਆ ਕਰਮਚਾਰੀ, ਅਤੇ ਉੱਨਤ ਨਿਗਰਾਨੀ ਪ੍ਰਣਾਲੀਆਂ। ਹਾਲਾਂਕਿ, ਅਜਿਹੀਆਂ ਘਟਨਾਵਾਂ ਦੇ ਵਾਪਰਨ ਤੋਂ ਪਤਾ ਲੱਗਦਾ ਹੈ ਕਿ ਭੀੜ-ਭੜੱਕੇ ਵਾਲੇ ਜਨਤਕ ਸਮਾਗਮਾਂ ਵਿੱਚ ਜੋਖਮਾਂ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਕੀਤਾ ਜਾ ਸਕਦਾ। ਅੱਜ, ਧਮਕੀਆਂ ਸਿਰਫ਼ ਰਵਾਇਤੀ ਹਥਿਆਰਾਂ ਤੋਂ ਹੀ ਨਹੀਂ, ਸਗੋਂ ਮਾਨਸਿਕ ਅਸਥਿਰਤਾ, ਔਨਲਾਈਨ ਕੱਟੜਪੰਥੀ ਅਤੇ ਨਿੱਜੀ ਨਿਰਾਸ਼ਾ ਵਰਗੇ ਕਾਰਕਾਂ ਤੋਂ ਵੀ ਪੈਦਾ ਹੁੰਦੀਆਂ ਹਨ। ਇਸ ਵਰਤਾਰੇ ਦਾ ਇੱਕ ਹੋਰ ਮਹੱਤਵਪੂਰਨ ਪਹਿਲੂ ਡਿਜੀਟਲ ਯੁੱਗ ਅਤੇ ਸੋਸ਼ਲ ਮੀਡੀਆ ਦੀ ਭੂਮਿਕਾ ਹੈ। ਅੱਜ, ਵਿਚਾਰ ਬਹੁਤ ਤੇਜ਼ ਰਫ਼ਤਾਰ ਨਾਲ ਫੈਲਦੇ ਹਨ। ਗਲਤ ਜਾਣਕਾਰੀ, ਸਾਜ਼ਿਸ਼ ਸਿਧਾਂਤ ਅਤੇ ਕੱਟੜਪੰਥੀ ਵਿਚਾਰਧਾਰਾਵਾਂ ਥੋੜ੍ਹੇ ਸਮੇਂ ਵਿੱਚ ਲੱਖਾਂ ਲੋਕਾਂ ਤੱਕ ਪਹੁੰਚਦੀਆਂ ਹਨ। ਜਦੋਂ ਕਿ 1981 ਵਿੱਚ ਜੌਨ ਹਿਨਕਲੇ ਜੂਨੀਅਰ 'ਤੇ ਫਿਲਮਾਂ ਦੇ ਪ੍ਰਭਾਵ ਦੀ ਚਰਚਾ ਕੀਤੀ ਗਈ ਸੀ, ਅੱਜ ਡਿਜੀਟਲ ਦੁਨੀਆ ਅਤੇ ਸੋਸ਼ਲ ਮੀਡੀਆ ਨੂੰ ਹਮਲਾਵਰਾਂ 'ਤੇ ਵਧੇਰੇ ਪ੍ਰਭਾਵ ਵਜੋਂ ਦੇਖਿਆ ਜਾਂਦਾ ਹੈ।

ਇਹ ਤਬਦੀਲੀ ਸੁਰੱਖਿਆ ਏਜੰਸੀਆਂ ਲਈ ਨਵੀਆਂ ਚੁਣੌਤੀਆਂ ਪੇਸ਼ ਕਰਦੀ ਹੈ, ਕਿਉਂਕਿ ਸਮੇਂ ਸਿਰ ਖਤਰਿਆਂ ਦੀ ਪਛਾਣ ਕਰਨਾ ਅਤੇ ਰੋਕਣਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮੁਸ਼ਕਲ ਹੋ ਗਿਆ ਹੈ। ਇਸ ਘਟਨਾ ਦੇ ਪ੍ਰਭਾਵ ਨੂੰ ਵਿਸ਼ਵ ਪੱਧਰ 'ਤੇ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸੰਯੁਕਤ ਰਾਜ ਅਮਰੀਕਾ ਨੂੰ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਲੋਕਤੰਤਰ ਮੰਨਿਆ ਜਾਂਦਾ ਹੈ, ਅਤੇ ਉੱਥੇ ਹੋਣ ਵਾਲੀਆਂ ਘਟਨਾਵਾਂ ਦੂਜੇ ਦੇਸ਼ਾਂ ਲਈ ਇੱਕ ਸੰਕੇਤ ਵਜੋਂ ਕੰਮ ਕਰਦੀਆਂ ਹਨ। ਭਾਰਤ ਵਰਗੇ ਦੇਸ਼ਾਂ ਲਈ, ਜਿੱਥੇ ਵੱਡੇ ਪੱਧਰ 'ਤੇ ਰਾਜਨੀਤਿਕ ਅਤੇ ਸਮਾਜਿਕ ਸਮਾਗਮ ਆਯੋਜਿਤ ਕੀਤੇ ਜਾਂਦੇ ਹਨ, ਇਹ ਇੱਕ ਚੇਤਾਵਨੀ ਹੈ। ਸੁਰੱਖਿਆ ਪ੍ਰਣਾਲੀਆਂ ਨੂੰ ਸਿਰਫ਼ ਤਕਨੀਕੀ ਤੌਰ 'ਤੇ ਮਜ਼ਬੂਤ ??ਕਰਨਾ ਕਾਫ਼ੀ ਨਹੀਂ ਹੈ; ਇਹ ਸਮਾਜਿਕ ਸਦਭਾਵਨਾ, ਸੰਵਾਦ ਅਤੇ ਆਪਸੀ ਵਿਸ਼ਵਾਸ ਨੂੰ ਉਤਸ਼ਾਹਿਤ ਕਰਨ ਲਈ ਵੀ ਜ਼ਰੂਰੀ ਹੈ। ਇਹ ਘਟਨਾ ਇੱਕ ਡੂੰਘਾ ਸਵਾਲ ਵੀ ਉਠਾਉਂਦੀ ਹੈ - ਕੀ ਲੋਕਤੰਤਰ ਸੱਚਮੁੱਚ ਸੁਰੱਖਿਅਤ ਹੈ? ਲੋਕਤੰਤਰ ਸਿਰਫ਼ ਚੋਣਾਂ ਅਤੇ ਸੰਸਥਾਵਾਂ ਬਾਰੇ ਨਹੀਂ ਹੈ, ਸਗੋਂ ਇੱਕ ਵਿਚਾਰਧਾਰਾ ਹੈ ਜੋ ਅਸਹਿਮਤੀ ਨੂੰ ਅਪਣਾਉਂਦੀ ਹੈ ਅਤੇ ਸੰਵਾਦ ਨੂੰ ਤਰਜੀਹ ਦਿੰਦੀ ਹੈ। ਜਦੋਂ ਸਮਾਜ ਵਿੱਚ ਸੰਵਾਦ ਦੀ ਥਾਂ ਟਕਰਾਅ ਲੈ ਲੈਂਦਾ ਹੈ, ਤਾਂ ਲੋਕਤੰਤਰ ਦੀਆਂ ਨੀਹਾਂ ਕਮਜ਼ੋਰ ਹੋਣ ਲੱਗਦੀਆਂ ਹਨ। ਵਾਸ਼ਿੰਗਟਨ ਹਿਲਟਨ ਘਟਨਾ ਇਸ ਸੰਭਾਵੀ ਕਮਜ਼ੋਰੀ ਵੱਲ ਇਸ਼ਾਰਾ ਕਰਦੀ ਹੈ। ਇਸ ਦੇ ਸਮਾਜਿਕ ਪ੍ਰਭਾਵ ਡੂੰਘੇ ਹਨ। ਮੀਡੀਆ, ਜੋ ਕਿ ਇਸ ਘਟਨਾ ਦਾ ਕੇਂਦਰ ਹੈ, ਖੁਦ ਇਸ ਘਟਨਾ ਦਾ ਹਿੱਸਾ ਬਣ ਗਿਆ।

ਪੱਤਰਕਾਰਾਂ, ਜੋ ਅਧਿਕਾਰੀਆਂ ਨੂੰ ਸਵਾਲ ਕਰਨ ਅਤੇ ਲੋਕਤੰਤਰ ਨੂੰ ਮਜ਼ਬੂਤ ??ਕਰਨ ਲਈ ਉੱਥੇ ਸਨ, ਨੂੰ ਅਚਾਨਕ ਇੱਕ ਸੰਕਟ ਦਾ ਸਾਹਮਣਾ ਕਰਨਾ ਪਿਆ। ਇਹ ਸਥਿਤੀ ਸਾਨੂੰ ਸੋਚਣ ਲਈ ਮਜਬੂਰ ਕਰਦੀ ਹੈ ਕਿ ਕੀ ਪ੍ਰੈਸ ਦੀ ਆਜ਼ਾਦੀ ਅਤੇ ਇਸਦੀ ਭੂਮਿਕਾ ਪ੍ਰਤੀ ਸਮਾਜ ਵਿੱਚ ਵੱਧ ਰਹੀ ਅਸਹਿਣਸ਼ੀਲਤਾ ਵੀ ਅਜਿਹੀਆਂ ਘਟਨਾਵਾਂ ਨੂੰ ਜਨਮ ਦੇ ਰਹੀ ਹੈ। ਅੰਤ ਵਿੱਚ, ਇਹ ਘਟਨਾ ਸਿਰਫ਼ ਅਮਰੀਕਾ ਲਈ ਹੀ ਨਹੀਂ, ਸਗੋਂ ਪੂਰੀ ਦੁਨੀਆ ਲਈ ਇੱਕ ਚੇਤਾਵਨੀ ਹੈ। ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ, ਪਰ ਹਰ ਵਾਰ ਇਹ ਇੱਕ ਨਵਾਂ ਸੁਨੇਹਾ ਵੀ ਦਿੰਦਾ ਹੈ। 1981 ਦੀ ਘਟਨਾ ਤੋਂ ਬਾਅਦ ਸੁਰੱਖਿਆ ਵਿੱਚ ਸੁਧਾਰ ਕੀਤੇ ਗਏ ਸਨ; 2026 ਦੀ ਇਸ ਘਟਨਾ ਲਈ ਸੰਭਾਵਤ ਤੌਰ 'ਤੇ ਹੋਰ ਵੀ ਵਿਆਪਕ ਤਬਦੀਲੀਆਂ ਦੀ ਲੋੜ ਹੋਵੇਗੀ। ਪਰ ਸਭ ਤੋਂ ਮਹੱਤਵਪੂਰਨ ਤਬਦੀਲੀ ਤਕਨਾਲੋਜੀ ਜਾਂ ਸੁਰੱਖਿਆ ਵਿੱਚ ਨਹੀਂ ਹੋਣੀ ਚਾਹੀਦੀ, ਸਗੋਂ ਸਾਡੀ ਸੋਚ ਵਿੱਚ ਹੋਣੀ ਚਾਹੀਦੀ ਹੈ। ਜਦੋਂ ਤੱਕ ਸਮਾਜ ਵਿੱਚ ਸਹਿਣਸ਼ੀਲਤਾ, ਸੰਵਾਦ ਅਤੇ ਆਪਸੀ ਸਤਿਕਾਰ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਂਦਾ, ਅਜਿਹੀਆਂ ਘਟਨਾਵਾਂ ਨੂੰ ਪੂਰੀ ਤਰ੍ਹਾਂ ਰੋਕਣਾ ਮੁਸ਼ਕਲ ਹੋਵੇਗਾ। ਵਾਸ਼ਿੰਗਟਨ ਹਿਲਟਨ ਵਿਖੇ ਇਹ ਰਾਤ ਸਿਰਫ਼ ਇੱਕ ਘਟਨਾ ਨਹੀਂ ਹੈ, ਸਗੋਂ ਇੱਕ ਸ਼ੀਸ਼ਾ ਹੈ - ਜਿਸ ਵਿੱਚ ਅਸੀਂ ਲੋਕਤੰਤਰ ਦੀਆਂ ਤਾਕਤਾਂ ਅਤੇ ਕਮਜ਼ੋਰੀਆਂ ਦੋਵਾਂ ਨੂੰ ਸਪੱਸ਼ਟ ਤੌਰ 'ਤੇ ਦੇਖ ਸਕਦੇ ਹਾਂ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਲੋਕਤੰਤਰ ਨੂੰ ਸਿਰਫ਼ ਕਾਨੂੰਨ ਅਤੇ ਸੁਰੱਖਿਆ ਏਜੰਸੀਆਂ ਦੁਆਰਾ ਨਹੀਂ, ਸਗੋਂ ਇਸਦੇ ਨਾਗਰਿਕਾਂ ਦੀ ਸੋਚ, ਵਿਵਹਾਰ ਅਤੇ ਕਦਰਾਂ-ਕੀਮਤਾਂ ਦੁਆਰਾ ਵੀ ਸੁਰੱਖਿਅਤ ਕੀਤਾ ਜਾ ਸਕਦਾ ਹੈ। ਜੇਕਰ ਅਸੀਂ ਇਸ ਸੰਦੇਸ਼ ਨੂੰ ਸਮਝਦੇ ਹਾਂ, ਤਾਂ ਸ਼ਾਇਦ ਇਤਿਹਾਸ ਨੂੰ ਭਵਿੱਖ ਵਿੱਚ ਆਪਣੇ ਆਪ ਨੂੰ ਦੁਹਰਾਉਣ ਦੀ ਲੋੜ ਨਹੀਂ ਪਵੇਗੀ।

**ਡਾ. ਪ੍ਰਿਯੰਕਾ ਸੌਰਭ**
**(ਡਾ. ਪ੍ਰਿਯੰਕਾ ਸੌਰਭ, ਪੀਐਚਡੀ (ਰਾਜਨੀਤੀ ਵਿਗਿਆਨ), ਇੱਕ ਕਵੀ ਅਤੇ ਸਮਾਜਿਕ ਚਿੰਤਕ ਹਨ।)**

# ਜੁਗਾੜੂ ਰੇੜੀਆਂ ਵਾਲੇ ਸ਼ਰੇਆਮ ਕਰ ਰਹੇ ਸੜਕੀ ਨਿਯਮਾਂ ਦੀ ਉਲੰਘਣਾ

ਜ਼ਿਕਰ ਪੰਜਾਬ

ਦਿਨ ਪ੍ਰਤੀ ਦਿਨ ਸੜਕਾਂ ਤੇ ਬੇਖੌਫ਼ ਦੌੜਦੀਆਂ ਜੁਗਾੜੂ ਰੇਹੜੀਆਂ ਦੇਖੀ ਜਾ ਸਕਦੀਆਂ ਹਨ। ਹੱਦ ਨਾਲੋਂ ਵੱਧ ਸਮਾਨ ਓਵਰਲੋਡ ਕਰਕੇ ਜਿਵੇਂ ਵੱਡੇ ਵੱਡੇ ਲੋਹੇ ਦੇ ਗਾਰਡਰ, ਲੋਹੇ ਜਾਂ ਸਟੀਲ ਦੇ ਗੇਟ, ਚੈਨਲ ਹੋਰ ਢੋਆ ਢੋਆਈ ਦਾ ਸਮਾਨ, ਕਰਿਆਨਾ ਨੈਸ਼ਨਲ ਹਾਈਵੇ ਤੇ ਲੈ ਕੇ ਜਾਂਦੇ ਦੇਖੇ ਜਾ ਸਕਦੇ ਹਨ। ਜਦੋਂ 2022 ਵਿੱਚ ਆਪ ਸਰਕਾਰ ਸੱਤਾ ਵਿੱਚ ਆਈ ਸੀ ਤਾਂ ਉਨ੍ਹਾਂ ਨੇ ਇੱਕ ਤਰ੍ਹਾਂ ਨਾਲ ਇਹਨਾਂ ਤੇ ਪਾਬੰਦੀ ਲਗਾ ਦਿੱਤੀ ਸੀ। ਫਿਰ ਇਹਨਾਂ ਦੀ ਹੜਤਾਲ ਤੋਂ ਬਾਅਦ ਇਹਨਾਂ ਦੀ ਯੂਨੀਅਨਾਂ ਵੱਲੋਂ ਸਰਕਾਰ ਕੋਲ ਆਪਣੀ ਮੰਗ ਰੱਖੀ ਗਈ, ਸਰਕਾਰ ਨੇ ਫਿਰ ਇਸ ਨੂੰ ਇਸ ਪਾਬੰਦੀ ਨੂੰ ਹਟਾ ਦਿੱਤਾ। ਅਕਸਰ ਅਸੀਂ ਸਾਰੇ ਹੀ ਆਪਣੇ ਨਿੱਜੀ ਕੰਮਾਂ ਲਈ ਸੜਕਾਂ ਤੇ ਜਾਂਦੇ ਹਾਂ ਕਈ ਵਾਰ ਲੰਮਾ ਪੈਂਡਾ ਤੈਅ ਕਰਦੇ ਹਾਂ ਪੰਜ ਛੇ ਕਿਲੋਮੀਟਰ ਤੇ ਹੀ ਕੋਈ ਨਾ ਕੋਈ ਜੁਗਾੜੂ ਰੇੜੀ ਮਿਲ ਜਾਂਦੀ ਹੈ। ਸੜਕਾਂ ਤੇ ਅਸੀਂ ਇਹਨਾਂ ਨੂੰ ਬੇਖੌਫ਼ ਦੌੜਦੇ ਦੇਖ ਸਕਦੇ ਹਨ, ਜੋ ਰਾਹਗੀਰਾਂ ਲਈ ਦਿਨ ਪ੍ਰਤਿ ਦਿਨ ਮੁਸੀਬਤ ਬਣਦੇ ਜਾ ਰਹੇ ਹਨ ਹਰ ਰੋਜ਼ ਕਿਸੇ ਨਾ ਕਿਸੇ ਥਾਂ ਹੋਈ ਦੁਰਘਟਨਾ ਜੁਗਾੜੂ ਰੇੜੀ ਨਾਲ ਵਾਪਰ ਰਹੀ ਹੈ। ਬੇਕਸੂਰ ਲੋਕਾਂ ਦੀ ਦੁਰਘਟਨਾ ਵਿੱਚ ਜਾਨ ਵੀ ਜਾ ਰਹੀ ਹੈ ਖਬਰਾਂ ਅਕਸਰ ਅਸੀਂ ਆਮ ਅਖਬਾਰਾਂ ਵਿੱਚ ਪੜ੍ਹਦੇ ਹਾਂ ਵੱਡੀ ਮਾਤਰਾ ਵਿੱਚ ਸਮਾਨ ਭਰ ਕੇ ਜਿਵੇਂ ਸਰੀਆ ਬਾਹਰ ਤੱਕ ਉਹ ਸੜਕ ਤੇ ਘੜੀਸਦਾ ਦੇਖਿਆ ਜਾ ਸਕਦਾ ਹੈ ਜੁਗਾੜੂ ਰੇੜੀਆਂ ਤੇ ਨਾ ਤਾਂ ਕੋਈ ਰਿਫਲੈਕਟਰ ਲਗਾਇਆ ਜਾਂਦਾ ਹੈ ਤੇ ਨਾ ਹੀ ਕੋਈ ਝੰਡੀ (ਲਾਲ ਕਿਸਮ ਦੀ) ਜਿਸ ਤਰ੍ਹਾਂ ਕਿ ਉਹ ਸੁਚੇਤ ਕਰਦੀ ਹੈ ਪਿੱਛੇ ਆਉਣ ਵਾਲੇ ਵਹੀਕਲ ਨੂੰ, ਉਹ ਵੀ ਨਹੀਂ ਦੇਖੀ ਜਾ ਸਕਦੀ। ਜੁਗਾੜੂ ਰੇੜੀ ਤੇ ਕੋਈ ਨੰਬਰ ਪਲੇਟ ਵੀ ਨਹੀਂ ਹੁੰਦੀ ਹੈ ਤੇ ਇਹਨਾਂ ਨੂੰ ਚਲਾਉਣ ਵਾਲਿਆਂ ਕੋਲ ਕੋਈ ਲਾਈਸੈਂਸ ਤੱਕ ਵੀ ਨਹੀਂ ਹੁੰਦਾ ਹੈ ਕਈ ਥਾਵਾਂ ਤੇ ਤਾਂ ਟ੍ਰੈਫਿਕ ਇੰਚਾਰਜ ਇਹਨਾਂ ਨੂੰ ਰੋਕ ਕੇ ਇਹਨਾਂ ਦੀ ਗੱਡੀਆਂ ਜਬਤ ਵੀ ਕਰ ਰਹੇ ਹਨ। ਕਿਸੇ ਥਾਂ ਤੇ ਕਿਸੇ ਜੁਗਾੜੂ ਰੇੜੀ ਤੇ ਮੋਟਰਸਾਈਕਲ ਦਾ ਨੰਬਰ ਲੱਗਿਆ ਹੋਇਆ ਸੀ, ਉਹ ਵੀ ਜਾਲੀ ਨਿਕਲਿਆ ਕਿਉਂਕਿ ਲਗਾਤਾਰ ਹਾਦਸਿਆਂ ਵਿੱਚ ਵਾਧਾ ਹੋ ਰਿਹਾ ਹੈ ਤੇ ਕਈ ਥਾਵਾਂ ਤੇ ਤਾਂ ਟ੍ਰੈਫਿਕ ਮੁਲਾਜ਼ਮਾਂ ਦੇ ਸਾਹਮਣੇ ਤੋਂ ਹੀ ਇਹ ਓਵਰਲੋਡ ਹੋਈ ਜੁਗਾੜੂ ਰੇੜੀ ਕੱਢ ਲੈਂਦੇ ਹਨ ਤੇ ਉਹ ਇਹਨੂੰ ਰੋਕਦੇ ਵੀ ਨਹੀਂ ਹਨ। ਦਸ ਕੁ ਦਿਨ ਪਹਿਲਾਂ ਖਬਰ ਪੜੀ ਕਿ ਜੁਗਾੜੂ ਰੇੜੀ ਤੇ ਬੱਸ ਵਿਚਾਲੇ ਟੱਕਰ ਹੋ ਗਈ। ਬੱਸ ਡਰਾਈਵਰ ਦੀ ਸਮਝਦਾਰੀ ਕਰਨ ਵੱਡਾ ਹਾਦਸਾ ਹੋਣ ਤੋਂ ਬਚ ਗਿਆ। ਜੁਗਾੜੂ ਰੇੜੀ ਗੈਰ ਕਾਨੂੰਨੀ ਢੰਗ ਨਾਲ ਤਿਆਰ ਕੀਤੇ ਜਾ ਰਹੇ ਹਨ ਦਿਹਾਤੀ ਖੇਤਰਾਂ ਵਿੱਚ ਇਨ੍ਹਾਂ ਦੀ ਜ਼ਿਆਦਾ ਭਰਮਾਰ ਹੈ। ਅੱਜ ਕੱਲ ਜੋ ਆਮ ਤਿੰਨ ਪਹੀਆ ਰੇੜੀ ਹੁੰਦੀ ਸੀ, ਉਹ ਤਾਂ ਹੁਣ ਕਿੱਥੇ ਵੀ ਦੇਖਣ ਨੂੰ ਨਹੀਂ ਮਿਲਦੀ ਹੈ, ਮੋਟਰਸਾਈਕਲ ਦੇ ਅਗਲੇ ਹਿੱਸੇ ਨਾਲ ਇਹ ਜੁਗਾੜੂ ਰੇੜੀ ਤਿਆਰ ਹੋ ਰਹੀ ਹੈ। ਜਦੋਂ ਅਸੀਂ ਆਪਣੇ ਘਰ ਦਾ ਕੋਈ ਸਮਾਨ ਲੈਣ ਲਈ ਹਾਰਡਵੇਅਰ ਦੀ ਦੁਕਾਨ ਜਾਂ ਕਰਿਆਨੇ ਦੀ ਦੁਕਾਨ ਤੇ ਜਾਂਦੇ ਹਨ ਉੱਥੇ ਇਹ ਦੁਕਾਨਾਂ ਦੇ ਬਾਹਰ ਖੜੀਆਂ ਹੁੰਦੀਆਂ ਹਨ ਪੂਰੀ ਤਰ੍ਹਾਂ ਗੱਡੀ ਨੂੰ ਓਵਰਲੋਡ ਕਰਕੇ ਫਿਰ ਇਹ ਸਮਾਨ ਪਹੁੰਚਾ ਜਾਂਦੇ ਹਨ। ਕਈ ਵਾਰ ਤਾਂ ਇਹ ਗਲਤ ਸਾਈਡ ਤੋਂ ਜਾ ਰਹੇ ਹੁੰਦੇ ਹਨ, ਇਦਾਂ ਦੇ ਵੀ ਇੱਕ ਦੋ ਹਾਦਸੇ ਮਹੀਨੇ ਵਿੱਚ ਆਮ ਸੁਣਨ ਨੂੰ ਮਿਲਦੇ ਹਨ। ਇਹਨਾਂ ਨੂੰ ਲੋਕਾਂ ਦੀ ਜਾਨਾਂ ਦੀ ਕੋਈ ਪਰਵਾਹ ਨਹੀਂ ਹੈ। ਜੁਗਾੜੂ ਰੇੜਾ ਆਮ ਲੋਕਾਂ ਦੀ ਜਾਨ ਜੋਖ਼ਮ 'ਚ ਪਾਉਣ ਦਾ ਕਾਰਨ ਬਣਿਆ ਹੈ। ਪਿਛਲੇ ਹੀ ਦਿਨੇ ਹੁਸ਼ਿਆਰਪੁਰ ਵਿੱਚ ਇੱਕ ਜੁਗਾੜੂ ਰੇੜੀ ਪੈਟਰੋਲ ਪੰਪ ਤੋਂ ਤੇਲ ਪਵਾ ਕੇ ਗਲਤ ਦਿਸ਼ਾ ਵੱਲ ਜਾ ਰਿਹਾ ਸੀ ਉਸ ਜੁਗਾੜੂ ਰੇੜੀ ਵਿੱਚ ਉਸ ਦਾ ਪਰਿਵਾਰ ਸੀ। ਰੇੜੀ 'ਚ ਪੰਜ ਬੰਦੇ ਸਵਾਰ ਸਨ, ਜਦੋਂ ਉਹ ਇੱਕਦਮ ਨੈਸ਼ਨਲ ਹਾਈਵੇ ਤੇ ਚੜਿਆ ਤਾਂ ਸਾਹਮਣੇ ਤੋਂ ਆ ਰਿਹਾ ਟਰੱਕ ਨਾਲ ਟਕਰਾ ਗਿਆ ਗੰਭੀਰ ਸੱਟਾਂ ਲੱਗੀਆਂ ਚਲੋ ਜਾਨ ਦਾ ਬਚਾਅ ਹੋ ਗਿਆ ਇੱਕ ਹੋਰ ਹਾਦਸਾ ਗੁਰਦਾਸਪੁਰ ਵਿੱਚ ਵਾਪਰਿਆ ਉਸ ਵਿੱਚ ਇੱਕ ਜੁਗਾੜੂ ਰੇੜੀ ਵਾਲੇ ਨੇ ਲੱਕੜਾਂ ਹੱਦ ਨਾਲੋਂ ਵੱਧ ਓਵਰਲੋਡ ਕੀਤੀ ਹੋਈ ਸੀ ਪੁਲਿਸ ਨਾਕੇ ਦੇ ਡਰ ਤੋਂ ਉਹ ਗਲਤ ਦਿਸ਼ਾ ਵਿੱਚ ਚੱਲ ਰਿਹਾ ਸੀ ਜੁਗਾੜੂ ਰੇੜੀ ਇੰਨੀ ਤੇਜ਼ ਸੀ ਕਿ ਉਹ ਸਿੱਧੀ ਟੈਂਪੂ ਟਰੈਵਲ ਵਿੱਚ ਜਾ ਵੱਜੀ। ਟੈਂਪੂ ਟਰੈਵਲ ਵਿੱਚ ਅੱਗੇ ਬੈਠੀ ਪੰਜ ਯਾਤਰੀਆਂ ਦੀ ਮੌਤ ਹੋਈ ਜੁਗਾੜੂ ਰੇੜੀ ਦਾ ਮਾਲਕ ਰੇੜੀ ਨੂੰ ਛੱਡ ਕੇ ਭਗੋੜਾ ਹੋ ਗਿਆ ਇੱਕ ਹੋਰ ਦਰਦਨਾਕ ਘਟਨਾ ਸਾਹਮਣੇ ਆਈ, ਜਿਸ ਵਿੱਚ ਜੁਗਾੜੂ ਰੇਹੜੀ ਕਰਿਆਨੇ ਦੇ ਸਮਾਨ ਨਾਲ ਓਵਰਲੋਡ ਹੋਈ ਸਕੂਲੀ ਬੱਸ ਨਾਲ ਟਕਰਾ ਗਈ ਚਲੋ ਕਿਸੇ ਦੀ ਜਾਨ ਦਾ ਨੁਕਸਾਨ ਨਹੀਂ ਹੋਇਆ ਓਵਰਲੋਡਿੰਗ ਤੇ ਸੜਕ ਸੁਰੱਖਿਆ ਨਿਯਮਾਂ ਦੀ ਅਣਦੇਖੀ ਕਰਨਾ ਜੋਖ਼ਮ ਭਰਿਆ ਹੋ ਸਕਦਾ ਹੈ ਜੁਗਾੜੂ ਰੇਹੜੀ ਤੇ ਸਮਾਨ ਓਵਰਲੋਡ ਹੋਇਆ ਦੂਰ ਤੱਕ ਫੈਲਿਆ ਹੁੰਦਾ ਹੈ। ਪਿੱਛੇ ਆ ਰਹੇ ਦੋ ਪਹੀਆ ਸਾਧਨਾਂ ਨੂੰ ਕੁਝ ਵੀ ਨਹੀਂ ਦਿਖਾਈ ਦਿੰਦਾ, ਜਿਸ ਕਾਰਨ ਹਾਦਸੇ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਕਈ ਵਾਰ ਤਾਂ ਜੁਗਾੜੂ ਰੇੜੀਆਂ ਐਮਰਜੈਂਸੀ ਸੇਵਾਵਾਂ ਨੂੰ ਵੀ ਪ੍ਰਭਾਵਿਤ ਕਰ ਦਿੰਦੀਆਂ ਹਨ ਅਕਸਰ ਜਦੋਂ ਕਣਕ ਦੀ ਕਟਾਈ ਦਾ ਸੀਜਨ ਹੁੰਦਾ ਹੈ ਤਾਂ ਕਈ ਥਾਵਾਂ ਤੇ ਅੱਗ ਲੱਗ ਜਾਂਦੀ ਹੈ। ਪਿੱਛੇ ਜੇ ਖਬਰ ਪੜੀ ਕਿ ਕਿਸੇ ਪਿੰਡ ਵਿੱਚ ਕਣਕ ਨੂੰ ਅੱਗ ਲੱਗ ਗਈ ,ਜਦੋਂ ਫਾਇਰ ਬ੍ਰਿਗੇਡ ਦੀ ਗੱਡੀ ਆ ਰਹੀ ਸੀ ਤਾਂ ਰਸਤੇ ਵਿੱਚ ਜੁਗਾੜੂ ਰੇੜੀ ਓਵਰਲੋਡ ਸੀ ਕਿਸੇ ਕਾਰਨ ਉਹ ਪਲਟੀ ਹੋਈ ਸੀ, ਜਿਸ ਕਾਰਨ ਸਮੇਂ ਸਿਰ ਐਂਬੂਲੈਂਸ ਨਾ ਪੁੱਜ ਸਕੀ ,ਕਾਫੀ ਜਿਆਦਾ ਫ਼ਸਲ ਪ੍ਰਭਾਵਿਤ ਹੋਈ। ਸੋਚਣ ਵਾਲੀ ਗੱਲ ਹੈ ਕਿ ਜਦੋਂ ਕੋਈ ਜੁਗਾੜੂ ਰੇਹੜੀ ਨਾਲ ਹਾਦਸਾ ਵਾਪਰ ਜਾਂਦਾ ਹੈ ਤਾਂ ਉਸ ਲਈ ਕੌਣ ਜਿੰਮੇਵਾਰ ਹੁੰਦਾ ਹੈ ਜੁਗਾੜੂ ਰੇਹੜੀ ਚਲਾਉਣ ਵਾਲੇ ਕੋਲ ਦਸਤਾਵੇਜ਼ ਵੀ ਨਹੀਂ ਹੁੰਦੇ ਹਨ। ਕੋਈ ਖਾਸ ਕਿਸਮ ਦੀ ਇਹਨਾਂ ਨੂੰ ਸਿਖਲਾਈ ਵੀ ਨਹੀਂ ਹੁੰਦੀ। ਅਕਸਰ ਪੁਲਿਸ ਪ੍ਰਸ਼ਾਸਨ ਤੋਂ ਲੋਕ ਮੰਗ ਕਰਦੇ ਹਨ ਕਿ ਇਹਨਾਂ ਦੇ ਚਲਾਨ ਕੱਟੇ ਜਾਣ ਦੇਖੋ! ਰੋਟੀ ਤਾਂ ਹਰ ਇੱਕ ਨੂੰ ਖਾਣੀ ਹੈ ,ਪਰ ਅਜਿਹੀ ਕਮਾਈ ਨਾ ਕਰੀਏ ਕਿ ਜੋ ਲੋਕਾਂ ਲਈ ਖਤਰਾ ਹੋਵੇ ਠੀਕ ਹੈ ਤੁਸੀਂ ਕਾਰੋਬਾਰ ਕਰ ਰਹੇ ਹੋ, ਜੁਗਾੜੂ ਰੇੜੀ ਚਲਾਉਣ ਵਾਲੇ ਨੂੰ ਵੀ ਲੋਕਾਂ ਦੀ ਸੁਰੱਖਿਆ ਦਾ ਧਿਆਨ ਰੱਖਣਾ ਚਾਹੀਦਾ ਹੈ ਸਮਾਨ ਉਨਾ ਹੀ ਓਵਰਲੋਡ ਕਰੀਏ ਤਾਂ ਜੋ ਮੰਜ਼ਿਲ ਤੱਕ ਉਸ ਨੂੰ ਸਹੀ ਸ ਲ ਾ ਮ ਤ ਪਹੁੰਚਾਇਆ ਜਾ ਸਕੇ, ਕਿਸੇ ਲਈ ਉਹ ਖਤਰਾ ਵੀ ਨਾ ਬਣੇ ਹਰ ਇਨਸਾਨ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ।





**ਸੰਜੀਵ ਸਿੰਘ ਸੈਣੀ**
**ਸੰਪਰਕ : 78889-66168**

# ਪੰਚਾਇਤ ਤੋਂ ਸੰਸਦ ਤੱਕ: ਨਾਰੀ ਲੀਡਰਸ਼ਿਪ, ਡਿਜੀਟਲ ਸੁਸ਼ਾਸਨ ਅਤੇ ਵਿਕਸਿਤ ਭਾਰਤ ਦਾ ਸੰਕਲਪ

ਜ਼ਿਕਰ ਪੰਜਾਬ

ਜਦੋਂ ਕੋਈ ਰਾਸ਼ਟਰ ਆਪਣੀਆਂ ਜੜ੍ਹਾਂ ਨੂੰ ਸਿੰਜਦਾ ਹੈ, ਤਾਂ ਉਸ ਦੀਆਂ ਟਾਹਣੀਆਂ ਅਸਮਾਨ ਛੂਹਦੀਆਂ ਹਨ। ਭਾਰਤ ਦੀਆਂ ਉਹ ਜੜ੍ਹਾਂ ਉਸ ਦੀਆਂ ਪੰਚਾਇਤਾਂ ਹਨ ਅਤੇ ਉਨ੍ਹਾਂ ਪੰਚਾਇਤਾਂ ਦੀ ਆਤਮਾ ਅੱਜ ਉਸ ਦੀਆਂ ਮਹਿਲਾਵਾਂ ਹਨ। 24 ਅਪ੍ਰੈਲ 1993 ਨੂੰ 73ਵੀਂ ਸੰਵਿਧਾਨਕ ਸੋਧ ਰਾਹੀਂ ਜਦੋਂ ਪਿੰਡਾਂ ਦੀ ਸਰਕਾਰ ਨੂੰ ਸੰਵਿਧਾਨਕ ਮਾਨਤਾ ਮਿਲੀ, ਤਾਂ ਭਾਰਤੀ ਲੋਕਤੰਤਰ ਨੇ ਇੱਕ ਨਵਾਂ ਅਧਿਆਇ ਲਿਖਿਆ। ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਦੀ ਦੂਰਦਰਸ਼ੀ ਅਗਵਾਈ ਹੇਠ ਪੰਚਾਇਤੀ ਰਾਜ ਨੂੰ ਨਵੀਂ ਊਰਜਾ ਅਤੇ ਦਿਸ਼ਾ ਮਿਲੀ ਹੈ। ਉਨ੍ਹਾਂ ਨੇ ਇਹ ਯਕੀਨੀ ਬਣਾਇਆ ਕਿ ਸੱਤਾ ਸਿਰਫ਼ ਦਿੱਲੀ ਦੇ ਗਲਿਆਰਿਆਂ ਤੱਕ ਸੀਮਤ ਨਾ ਰਹੇ, ਸਗੋਂ ਦੇਸ਼ ਦੇ ਅੰਤਿਮ ਪਿੰਡ ਦੀ ਦਹਿਲੀਜ਼ ਤੱਕ ਪਹੁੰਚੇ। 'ਵਿਕਸਿਤ ਭਾਰਤ 2047' ਦਾ ਵਿਜ਼ਨ 2.5 ਲੱਖ ਤੋਂ ਵੱਧ ਗ੍ਰਾਮ ਪੰਚਾਇਤਾਂ ਦੀ ਮਜ਼ਬੂਤ ਨੀਂਹ 'ਤੇ ਅਧਾਰਿਤ ਹੈ, ਜੋ ਦੇਸ਼ ਦੀ ਲਗਭਗ 64 ਫ਼ੀਸਦੀ ਆਬਾਦੀ ਦੀ ਜੀਵਨ ਰੇਖਾ ਹਨ।

**ਲੋਕਤੰਤਰ ਦੀ ਪਾਠਸ਼ਾਲਾ: ਨਾਰੀ ਲੀਡਰਸ਼ਿਪ ਦਾ ਉਦੈ**

ਰਾਸ਼ਟਰੀ ਪੰਚਾਇਤੀ ਰਾਜ ਦਿਵਸ 2026 ਇੱਕ ਵਿਸ਼ੇਸ਼ ਮਾਣ ਦੇ ਨਾਲ ਮਨਾਇਆ ਜਾ ਰਿਹਾ ਹੈ। ਨਾਰੀ ਸ਼ਕਤੀ ਵੰਦਨ ਸੰਮੇਲਨ ਵਿੱਚ ਮਾਣਯੋਗ ਪ੍ਰਧਾਨ ਮੰਤਰੀ ਜੀ ਨੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਦੇਸ਼ ਵਿੱਚ ਮਹਿਲਾ ਲੀਡਰਸ਼ਿਪ ਦੀ ਸਭ ਤੋਂ ਵੱਡੀ ਪਾਠਸ਼ਾਲਾ ਦੱਸਿਆ - ਇਹ ਉਸ ਹਕੀਕਤ ਦੀ ਪ੍ਰਵਾਨਗੀ ਸੀ ਜੋ ਅੱਜ ਗ੍ਰਾਮੀਣ ਭਾਰਤ ਵਿੱਚ ਰੋਜ਼ਾਨਾ ਵਾਪਰ ਰਹੀ ਹੈ। ਦੇਸ਼ ਭਰ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਚੁਣੇ ਹੋਏ ਨੁਮਾਇੰਦਿਆਂ ਦੀ ਕੁੱਲ ਸੰਖਿਆ 32 ਲੱਖ ਤੋਂ ਵੱਧ ਹੈ। ਵਰਤਮਾਨ ਵਿੱਚ ਉਪਲਬਧ ਅੰਕੜਿਆਂ ਦੇ ਅਨੁਸਾਰ, 24,41,781 ਚੁਣੇ ਹੋਏ ਨੁਮਾਇੰਦਿਆਂ ਵਿੱਚੋਂ 12,14,885 ਮਹਿਲਾਵਾਂ ਹਨ, ਜੋ ਕੁੱਲ ਦਾ ਲਗਭਗ 49.75 ਫ਼ੀਸਦੀ ਹਨ। 21 ਰਾਜਾਂ ਅਤੇ 2 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਮਹਿਲਾਵਾਂ ਲਈ 50 ਫ਼ੀਸਦੀ ਤੱਕ ਰਾਖਵਾਂਕਰਨ ਲਾਗੂ ਕੀਤਾ ਹੈ। ਪਿਛਲੇ ਚਾਰ ਸਾਲਾਂ ਵਿੱਚ ਸਮੂਹਿਕ ਤੌਰ 'ਤੇ 33.50 ਲੱਖ ਮਹਿਲਾ ਨੁਮਾਇੰਦਿਆਂ ਨੂੰ ਲੀਡਰਸ਼ਿਪ ਅਤੇ ਸੁਸ਼ਾਸਨ 'ਤੇ ਵਿਸ਼ੇਸ਼ ਸਿਖਲਾਈ ਦਿੱਤੀ ਗਈ ਹੈ - ਅਤੇ 2025-26 ਵਿੱਚ ਹੀ 9.37 ਲੱਖ ਮਹਿਲਾ ਨੁਮਾਇੰਦਿਆਂ ਨੂੰ ਸਿਖਲਾਈ ਦਿੱਤੀ ਗਈ, ਜੋ ਪਿਛਲੇ ਸਾਲ ਦੀ ਤੁਲਨਾ ਵਿੱਚ 47.7 ਫ਼ੀਸਦੀ ਦਾ ਵਾਧਾ ਹੈ।

**ਸਸ਼ਕਤ ਪੰਚਾਇਤ ਨੇਤ੍ਰੀ ਅਭਿਆਨ ਅਤੇ ਨਾਰੀ ਸ਼ਕਤੀ ਵੰਦਨ ਅਧਿਨਿਯਮ**

'ਸਸ਼ਕਤ ਪੰਚਾਇਤ ਨੇਤ੍ਰੀ ਅਭਿਆਨ' ਮਹਿਲਾ ਚੁਣੇ ਹੋਏ ਨੁਮਾਇੰਦਿਆਂ ਨੂੰ ਉਨ੍ਹਾਂ ਦੀਆਂ ਸੰਵਿਧਾਨਕ ਜ਼ਿੰਮੇਵਾਰੀਆਂ, ਅਧਿਕਾਰਾਂ ਅਤੇ ਲੀਡਰਸ਼ਿਪ ਸਮਰੱਥਾਵਾਂ ਪ੍ਰਤੀ ਸੁਚੇਤ ਅਤੇ ਸਮਰੱਥ ਬਣਾਉਂਦਾ ਹੈ। 'ਮਹਿਲਾ-ਹਿਤੈਸ਼ੀ ਗ੍ਰਾਮ ਪੰਚਾਇਤ' ਅਤੇ 'ਨਿਰਭੈ ਰਹੋ' ਵਰਗੀਆਂ ਪਹਿਲਕਦਮੀਆਂ ਮਹਿਲਾਵਾਂ ਨੂੰ ਜ਼ਮੀਨੀ ਲੋਕਤੰਤਰ ਵਿੱਚ ਸੁਰੱਖਿਅਤ ਅਤੇ ਸਸ਼ਕਤ ਭਾਗੀਦਾਰੀ ਲਈ ਪ੍ਰੇਰਿਤ ਕਰ ਰਹੀਆਂ ਹਨ। 'ਨਿਰਭੈ ਰਹੋ' ਨਿਰਭਿਆ ਫ਼ੰਡ ਦੇ ਅਧੀਨ ਸੰਚਾਲਿਤ ਹੈ ਅਤੇ ਇਹ ਕਾਨੂੰਨੀ ਜਾਗਰੂਕਤਾ, ਸਮਾਜਿਕ ਸੰਵੇਦਨਸ਼ੀਲਤਾ ਅਤੇ ਤਕਨੀਕੀ ਸਸ਼ਕਤੀਕਰਨ ਨੂੰ ਏਕੀਕ੍ਰਿਤ ਕਰਦੇ ਹੋਏ ਗ੍ਰਾਮੀਣ ਸ਼ਾਸਨ ਵਿੱਚ ਮਹਿਲਾਵਾਂ ਅਤੇ ਬੱਚੀਆਂ ਲਈ ਅਨੁਕੂਲ ਵਾਤਾਵਰਣ ਸਿਰਜ ਰਹੀ ਹੈ। ਨਾਰੀ ਸ਼ਕਤੀ ਵੰਦਨ ਅਧਿਨਿਯਮ - ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਮਹਿਲਾਵਾਂ ਲਈ 33 ਫ਼ੀਸਦੀ ਰਾਖਵਾਂਕਰਨ ਦਾ ਪ੍ਰਬੰਧ ਕਰਦੇ ਹੋਏ - ਭਾਰਤੀ ਲੋਕਤੰਤਰ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ ਸਥਾਈ ਅਤੇ ਸਸ਼ਕਤ ਰੂਪ ਵਿੱਚ ਸਥਾਪਿਤ ਕਰਦਾ ਹੈ। ਪੰਚਾਇਤਾਂ ਦੀ ਪਾਠਸ਼ਾਲਾ ਵਿੱਚ ਤਿਆਰ ਮਹਿਲਾ ਲੀਡਰਸ਼ਿਪ ਹੀ ਵਿਧਾਨ ਸਭਾਵਾਂ ਅਤੇ ਸੰਸਦ ਵਿੱਚ ਬਦਲਾਅ ਦੀ ਵਾਹਕ ਬਣੇਗੀ।

**ਸੋਲ੍ਹਵਾਂ ਵਿੱਤ ਕਮਿਸ਼ਨ: ਸਰੋਤਾਂ ਵਿੱਚ ਬੇਮਿਸਾਲ ਵਾਧਾ**

ਵਿੱਤੀ ਸਸ਼ਕਤੀਕਰਨ ਕਿਸੇ ਵੀ ਸੰਸਥਾ ਦੀ ਕਾਰਜਕੁਸ਼ਲਤਾ ਦੀ ਆਤਮਾ ਹੁੰਦੀ ਹੈ। 16ਵੇਂ ਵਿੱਤ ਕਮਿਸ਼ਨ ਨੇ 2026 ਤੋਂ 2031 ਦੀ ਮਿਆਦ ਲਈ ਗ੍ਰਾਮੀਣ ਸਥਾਨਕ ਇਕਾਈਆਂ ਨੂੰ 4.35 ਲੱਖ ਕਰੋੜ ਰੁਪਏ ਦੀ ਇਤਿਹਾਸਕ ਵੰਡ ਕੀਤੀ ਹੈ - ਜੋ 15ਵੇਂ ਵਿੱਤ ਕਮਿਸ਼ਨ ਦੀ ਤੁਲਨਾ ਵਿੱਚ 84 ਫ਼ੀਸਦੀ ਵੱਧ ਹੈ। ਵਿੱਤੀ ਸਾਲ 2026-27 ਵਿੱਚ ਹੀ 1.40 ਲੱਖ ਕਰੋੜ ਰੁਪਏ ਦੀ ਗ੍ਰਾਂਟ ਅਲਾਟ ਕੀਤੀ ਗਈ ਹੈ। ਇਹ ਵਿੱਤੀ ਮਜ਼ਬੂਤੀ ਪੰਚਾਇਤਾਂ ਨੂੰ ਨਾ ਸਿਰਫ਼ ਖ਼ਰਚ ਕਰਨ ਦੀ ਸਮਰੱਥਾ ਦਿੰਦੀ ਹੈ, ਸਗੋਂ ਉਨ੍ਹਾਂ ਨੂੰ ਵਿਕਾਸ ਦੇ ਏਜੰਡੇ ਨੂੰ ਖ਼ੁਦ ਨਿਰਧਾਰਿਤ ਕਰਨ ਦਾ ਆਤਮ-ਵਿਸ਼ਵਾਸ ਵੀ ਪ੍ਰਦਾਨ ਕਰਦੀ ਹੈ। ਸਵੈ-ਸਰੋਤ ਮਾਲੀਆ ਨੀਤੀ ਅਤੇ ਪ੍ਰਦਰਸ਼ਨ-ਅਧਾਰਿਤ ਗ੍ਰਾਂਟ ਨੇ ਪੰਚਾਇਤਾਂ ਵਿੱਚ ਜਵਾਬਦੇਹੀ ਅਤੇ ਮੁਕਾਬਲੇਬਾਜ਼ੀ - ਦੋਵਾਂ ਨੂੰ ਇੱਕੋ ਸਮੇਂ ਉਤਸ਼ਾਹਿਤ ਕੀਤਾ ਹੈ।

**ਪੇਸਾ ਰੈਂਕਿੰਗ: ਅਨੁਸੂਚਿਤ ਖੇਤਰਾਂ ਵਿੱਚ ਸਵੈ-ਸ਼ਾਸਨ ਦੀ ਨਵੀਂ ਪਹਿਲ**

ਪੰਚਾਇਤੀ ਰਾਜ ਮੰਤਰਾਲੇ ਨੇ ਪਹਿਲੀ ਵਾਰ 25 ਜਨਵਰੀ 2026 ਨੂੰ ਸਾਲ 2024-25 ਲਈ ਪੰਚਾਇਤ (ਅਨੁਸੂਚਿਤ ਖੇਤਰਾਂ ਤੱਕ ਵਿਸਤਾਰ) ਐਕਟ, 1996 (ਪੇਸਾ) ਦੇ ਅਧੀਨ ਰਾਜਾਂ ਦੇ ਪ੍ਰਦਰਸ਼ਨ ਦੀ ਰਾਜਵਾਰ ਰੈਂਕਿੰਗ ਜਾਰੀ ਕੀਤੀ। ਇਸ ਦਾ ਉਦੇਸ਼ ਸਿਹਤਮੰਦ ਮੁਕਾਬਲੇਬਾਜ਼ੀ ਨੂੰ ਹੁਲਾਰਾ ਦੇਣਾ, ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਮਜ਼ਬੂਤ ਕਰਨਾ ਅਤੇ ਅਨੁਸੂਚਿਤ ਖੇਤਰਾਂ ਵਿੱਚ ਗ੍ਰਾਮ ਸਭਾ ਅਧਾਰਿਤ ਸਵੈ-ਸ਼ਾਸਨ ਨੂੰ ਮਜ਼ਬੂਤ ਕਰਨਾ ਹੈ।

ਇਸ ਰੈਂਕਿੰਗ ਵਿੱਚ ਮਹਾਰਾਸ਼ਟਰ, ਮੱਧ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ 'ਫ਼ਰੰਟ ਰਨਰ' ਸ਼੍ਰੇਣੀ ਵਿੱਚ ਰਹੇ; ਰਾਜਸਥਾਨ, ਛੱਤੀਸਗੜ੍ਹ ਅਤੇ ਤੇਲੰਗਾਨਾ 'ਪਰਫੌਰਮਰ' ਸ਼੍ਰੇਣੀ ਵਿੱਚ ਰੱਖੇ ਗਏ ਹਨ, ਜਦਕਿ ਆਂਧਰਾ ਪ੍ਰਦੇਸ਼ ਅਤੇ ਗੁਜਰਾਤ 'ਅਸਪਾਇਰਿੰਗ' ਸ਼੍ਰੇਣੀ ਵਿੱਚ ਸ਼ਾਮਲ ਹਨ। ਇਹ ਰੈਂਕਿੰਗ ਦਸ ਪੇਸਾ ਰਾਜਾਂ - ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਗੁਜਰਾਤ, ਹਿਮਾਚਲ ਪ੍ਰਦੇਸ਼, ਝਾਰਖੰਡ, ਮੱਧ ਪ੍ਰਦੇਸ਼, ਮਹਾਰਾਸ਼ਟਰ, ਓਡੀਸ਼ਾ, ਰਾਜਸਥਾਨ ਅਤੇ ਤੇਲੰਗਾਨਾ - ਦੀ ਪ੍ਰਗਤੀ, ਸਮਰੱਥਾ ਅਤੇ ਸੰਭਾਵਨਾਵਾਂ ਨੂੰ ਉਜਾਗਰ ਕਰਦੀ ਹੈ। ਸਹਿਕਾਰੀ ਸੰਘਵਾਦ ਦੀ ਭਾਵਨਾ ਦੇ ਅਨੁਰੂਪ, ਮੰਤਰਾਲਾ ਪੇਸਾ ਦੇ ਪ੍ਰਭਾਵਸ਼ਾਲੀ ਲਾਗੂਕਰਨ ਲਈ ਰਾਜਾਂ ਨਾਲ ਨਿਰੰਤਰ ਤਾਲਮੇਲ ਅਤੇ ਸਹਿਯੋਗ ਕਰ ਰਿਹਾ ਹੈ।

**ਸਭਾਸਾਰ ਅਤੇ ਏਆਈ-ਸਮਰੱਥ ਸ਼ਾਸਨ: ਲੋਕ-ਭਾਸ਼ਾ ਵਿੱਚ ਲੋਕਤੰਤਰ ਦੀ ਆਵਾਜ਼**

ਪੰਚਾਇਤੀ ਰਾਜ ਮੰਤਰਾਲੇ ਨੇ ਆਰਟੀਫੀਸ਼ਿਅਲ ਇੰਟੈਲੀਜੈਂਸ ਨੂੰ ਸ਼ਾਸਨ ਦੇ ਕੇਂਦਰ ਵਿੱਚ ਲਿਆ ਕੇ ਇੱਕ ਨਵੀਂ ਕ੍ਰਾਂਤੀ ਦਾ ਆਗਾਜ਼ ਕੀਤਾ ਹੈ। 14 ਅਗਸਤ 2025 ਨੂੰ ਲਾਂਚ ਹੋਇਆ 'ਸਭਾਸਾਰ' ਹੁਣ 23 ਭਾਰਤੀ ਭਾਸ਼ਾਵਾਂ ਵਿੱਚ ਗ੍ਰਾਮ ਸਭਾ ਦੀ ਕਾਰਵਾਈ ਦਰਜ ਕਰਦਾ ਹੈ। 1,11,486 ਗ੍ਰਾਮ ਪੰਚਾਇਤਾਂ ਇਸ ਦੀ ਵਰਤੋਂ ਕਰ ਚੁੱਕੀਆਂ ਹਨ - ਭਾਸ਼ਾ ਹੁਣ ਭਾਗੀਦਾਰੀ ਦੇ ਰਾਹ ਵਿੱਚ ਰੁਕਾਵਟ ਨਹੀਂ ਰਹੀ।

**ਸਵਾਮਿਤਵ ਯੋਜਨਾ: ਸੰਪਤੀ ਅਧਿਕਾਰਾਂ ਤੋਂ ਆਰਥਿਕ ਸਸ਼ਕਤੀਕਰਨ**

ਸਵਾਮਿਤਵ ਯੋਜਨਾ ਨੇ ਡ?ਰੋਨ ਸਰਵੇਖਣ ਰਾਹੀਂ 3.30 ਲੱਖ ਪਿੰਡਾਂ ਵਿੱਚ ਸਰਵੇ ਪੂਰਾ ਕਰਕੇ 3.13 ਕਰੋੜ ਤੋਂ ਵੱਧ ਸੰਪਤੀ ਕਾਰਡ ਤਿਆਰ ਕੀਤੇ ਹਨ। ਇਹ ਗ੍ਰਾਮੀਣ ਪਰਿਵਾਰਾਂ ਨੂੰ ਬੈਂਕ ਕਰਜ਼ਿਆਂ ਅਤੇ ਰਸਮੀ ਵਿੱਤੀ ਪ੍ਰਣਾਲੀ ਨਾਲ ਜੋੜ ਰਿਹਾ ਹੈ, ਸੰਪਤੀ ਨੂੰ ਆਰਥਿਕ ਸੰਪਦਾ ਵਿੱਚ ਬਦਲਣ ਦਾ ਮੌਕਾ ਦੇ ਰਿਹਾ ਹੈ, ਜ਼ਮੀਨ ਅਤੇ ਸੰਪਤੀ ਨਾਲ ਜੁੜੇ ਵਿਵਾਦਾਂ ਨੂੰ ਘੱਟ ਕਰ ਰਿਹਾ ਹੈ, ਅਤੇ ਗ੍ਰਾਮ ਪੰਚਾਇਤਾਂ ਲਈ ਇੱਕ ਸਥਾਈ ਅਤੇ ਪਾਰਦਰਸ਼ੀ ਮਾਲੀਆ ਸਰੋਤ ਵਜੋਂ ਉੱਭਰ ਰਿਹਾ ਹੈ।

**ਸੰਸਥਾਗਤ ਸਮਰੱਥਾ ਨਿਰਮਾਣ**

ਰਾਸ਼ਟਰੀ ਗ੍ਰਾਮ ਸਵਰਾਜ ਅਭਿਆਨ ਦੇ ਅਧੀਨ 2022-23 ਤੋਂ ਹੁਣ ਤੱਕ ਸਮੂਹਿਕ ਰੂਪ ਵਿੱਚ 1.62 ਕਰੋੜ ਤੋਂ ਵੱਧ ਚੁਣੇ ਹੋਏ ਨੁਮਾਇੰਦਿਆਂ ਅਤੇ ਅਹੁਦੇਦਾਰਾਂ ਨੂੰ ਸਿਖਲਾਈ ਦਿੱਤੀ ਗਈ ਹੈ - ਸਿਰਫ਼ 2025-26 ਵਿੱਚ 45.24 ਲੱਖ ਲੋਕ ਸਿਖਲਾਈ ਪ੍ਰਾਪਤ ਹੋਏ। ਆਈਆਈਐੱਮ ਅਤੇ ਆਈਆਈਟੀ ਦੇ ਨਾਲ ਸਾਂਝੇਦਾਰੀ ਵਿੱਚ ਲੀਡਰਸ਼ਿਪ ਵਿਕਾਸ ਪ੍ਰੋਗਰਾਮ ਚਲਾਏ ਜਾ ਰਹੇ ਹਨ। 'ਮੇਰੀ ਪੰਚਾਇਤ, ਮੇਰਾ ਅਧਿਕਾਰ' ਅਭਿਆਨ ਦੇ ਤਹਿਤ 2.15 ਲੱਖ ਪੰਚਾਇਤਾਂ ਨੇ 954 ਸੇਵਾਵਾਂ ਦਾ ਸਿਟੀਜ਼ਨ ਚਾਰਟਰ ਤਿਆਰ ਕੀਤਾ ਹੈ।

**ਵਿਕਸਿਤ ਭਾਰਤ 2047: ਪਿੰਡ ਤੋਂ ਉੱਠੇਗੀ ਨਵੀਂ ਸਵੇਰ**

'ਵਿਕਸਿਤ ਭਾਰਤ 2047' ਦਾ ਟੀਚਾ ਸਿਰਫ਼ ਆਰਥਿਕ ਵਿਕਾਸ ਨਹੀਂ - ਇਹ ਸਮਾਜਿਕ ਨਿਆਂ, ਵਾਤਾਵਰਣਕ ਸੰਤੁਲਨ ਅਤੇ ਸਮਾਵੇਸ਼ੀ ਪ੍ਰਗਤੀ ਦਾ ਵਿਆਪਕ ਦ੍ਰਿਸ਼ਟੀਕੋਣ ਹੈ। 21 ਰਾਜਾਂ ਵਿੱਚ 50 ਫ਼ੀਸਦੀ ਮਹਿਲਾ ਭਾਗੀਦਾਰੀ, 3 ਲੱਖ ਕਰੋੜ ਦਾ ਡਿਜੀਟਲ ਲੈਣ-ਦੇਣ, 23 ਭਾਸ਼ਾਵਾਂ ਵਿੱਚ ਗ੍ਰਾਮ ਸਭਾ ਦੀ ਆਵਾਜ਼, 16ਵੇਂ ਵਿੱਤ ਕਮਿਸ਼ਨ ਦੀ ਇਤਿਹਾਸਕ ਵੰਡ ਅਤੇ ਸਸ਼ਕਤ ਪੰਚਾਇਤ ਨੇਤਰੀ ਅਭਿਆਨ - ਇਹ ਸਭ ਮਿਲ ਕੇ ਵਿਕਸਿਤ ਭਾਰਤ ਦੀ ਨੀਂਹ ਦੀਆਂ ਇੱਟਾਂ ਹਨ। ਰਾਸ਼ਟਰੀ ਪੰਚਾਇਤੀ ਰਾਜ ਦਿਵਸ ਦੇ ਇਸ ਮੌਕੇ 'ਤੇ ਦੇਸ਼ ਦੀਆਂ ਉਨ੍ਹਾਂ 14 ਲੱਖ ਤੋਂ ਵੱਧ ਮਹਿਲਾ ਨੁਮਾਇੰਦਿਆਂ ਨੂੰ ਸਾਦਰ ਪ੍ਰਣਾਮ, ਜੋ ਰੋਜ਼ਾਨਾ ਆਪਣੇ ਪਿੰਡ ਅਤੇ ਦੇਸ਼ ਨੂੰ ਬਿਹਤਰ ਬਣਾਉਣ ਵਿੱਚ ਜੁਟੀਆਂ ਹੋਈਆਂ ਹਨ। ਇਹੀ ਨਾਰੀ ਸ਼ਕਤੀ ਹੈ, ਇਹੀ ਨਵੇਂ ਭਾਰਤ ਦੀ ਤਿਆਰੀ ਹੈ।



**ਪ੍ਰੋ. ਐੱਸ. ਪੀ. ਸਿੰਘ ਬਘੇਲ**
**(ਲੇਖਕ ਕੇਂਦਰੀ ਪੰਚਾਇਤੀ ਰਾਜ ਦੇ ਰਾਜ ਮੰਤਰੀ ਹਨ)**

# ਯੰਤਰ ਦੀ ਚਮਕ ਦੱਸੇਗੀ ਸਰੀਰ 'ਚ ਨਿਕੋਟੀਨ ਦੀ ਮਾਤਰਾ

ਜ਼ਿਕਰ ਪੰਜਾਬ

ਭਾਰਤ ਸਰਕਾਰ ਦੇ ਇੰਸਟੀਚਿਊਟ ਆਫ ਨੈਨੋ-ਸਾਇੰਸ ਐਂਡ ਟੈਕਨਾਲੋਜੀ (ਆਈ ਐੱਨ ਐੱਸ ਟੀ), ਮੋਹਾਲੀ ਨੇ ਇੱਕ ਨਵਾਂ ਮੈਟੀਰੀਅਲ ਤਿਆਰ ਕੀਤਾ ਹੈ ਜੋ ਫਲੋਰੋਮੈਟਰਿਕ ਸੈਂਸਿੰਗ ਰਾਹੀਂ ਮਨੁੱਖੀ ਸਰੀਰ ਵਿੱਚ ਨਿਕੋਟੀਨ ਅਤੇ ਕੋਟੀਨਿਨ ਦੀ ਮਾਤਰਾ ਦਾ ਪਤਾ ਲਗਾ ਸਕਦਾ ਹੈ। ਫਲੋਰੋਮੈਟਰਿਕ ਸੈਂਸਿੰਗ ਇੱਕ ਤਕਨੀਕ ਹੈ ਜੋ ਫਲੋਰੋਸੈਂਟ ਨਿਕਾਸ ਦੀ ਵਰਤੋਂ ਕਰਕੇ ਵੱਖ-ਵੱਖ ਪੈਰਾਮੀਟਰ ਮਾਪਦੀ ਹੈ। ਮੌਜੂਦਾ ਮਾਮਲੇ ਵਿੱਚ, ਇਹ ਮੈਟੀਰੀਅਲ, ਜੋ ਸੈਂਸਰ ਵਜੋਂ ਕੰਮ ਕਰਦਾ ਹੈ, ਜਦੋਂ ਨਿਕੋਟੀਨ ਜਾਂ ਕੋਟੀਨਿਨ ਨਾਲ ਸੰਪਰਕ ਵਿੱਚ ਆਉਂਦਾ ਹੈ ਤਾਂ 'ਲਾਈਟ-ਅੱਪ' ਹੋ ਜਾਂਦਾ ਹੈ, ਜਿਸ ਨਾਲ ਇਹ ਸਿਹਤ ਖੇਤਰ ਵਿੱਚ ਤੰਬਾਕੂ ਸੰਪਰਕ ਦਾ ਤੇਜ਼ੀ ਨਾਲ ਪਤਾ ਲਗਾਉਣ ਅਤੇ ਸਮੇਂ ਸਿਰ ਕਾਰਵਾਈ ਕਰਨ ਲਈ ਲਾਭਕਾਰੀ ਹੈ। ਆਮ ਤੌਰ 'ਤੇ ਇਹ ਮੈਟੀਰੀਅਲ ਬਹੁਤ ਘੱਟ ਚਮਕਦਾ ਹੈ, ਪਰ ਜਦੋਂ ਇਹ ਸੈਂਸਰ ਰਾਹੀਂ ਇਨ੍ਹਾਂ ਹਾਨੀਕਾਰਕ ਰਸਾਇਣਾਂ ਨਾਲ ਸੰਪਰਕ ਵਿੱਚ ਆਉਂਦਾ ਹੈ, ਤਾਂ ਇਹ ਤੇਜ਼ ਚਮਕਣ ਲੱਗ ਪੈਂਦਾ ਹੈ। ਇਸ ਨਾਲ ਪਤਾ ਲਗਾਉਣਾ ਮੌਜੂਦਾ ਤਰੀਕਿਆਂ ਨਾਲੋਂ ਕਾਫੀ ਆਸਾਨ ਅਤੇ ਤੇਜ਼ ਹੋ ਜਾਂਦਾ ਹੈ। ਨਵੀਂ ਤਕਨੀਕ ਨਾਲ ਛੋਟੀ ਤੋਂ ਛੋਟੀ ਮਾਤਰਾ ਵੀ ਤੇਜ਼ੀ ਅਤੇ ਸਹੀ ਢੰਗ ਨਾਲ ਪਛਾਣੀ ਜਾ ਸਕਦੀ ਹੈ, ਜੋ ਸਿਹਤ ਸੇਵਾਵਾਂ ਅਤੇ ਖੋਜ ਲਈ ਬਹੁਤ ਮਹੱਤਵਪੂਰਨ ਹੈ।

ਇਹ ਮੈਟੀਰੀਅਲ ਇੱਕ ਆਇਰਨ-ਅਧਾਰਤ ਮੈਟਲ-ਆਰਗੈਨਿਕ ਫਰੇਮਵਰਕ (ਐੱਫ ਈ-ਐੱਮ ਓ ਐੱਫ) ਹੈ, ਜਿਸਦਾ ਸਧਾਰਣ ਅਰਥ ਹੈ ਕਿ ਇਹ ਲੋਹੇ ਅਤੇ ਆਰਗੈਨਿਕ ਅਣੂਆਂ ਤੋਂ ਬਣਿਆ ਇੱਕ ਬਹੁਤ ਹੀ ਸੂਖਮ ਢਾਂਚਾ ਹੈ। ਇਹ ਢਾਂਚਾ ਮਨੁੱਖੀ ਵਾਲ ਨਾਲੋਂ ਹਜ਼ਾਰਾਂ ਗੁਣਾ ਛੋਟਾ ਹੁੰਦਾ ਹੈ ਅਤੇ ਇਸ ਵਿੱਚ ਬਹੁਤ ਛੋਟੀਆਂ ਮੋਰੀਆਂ ਹੁੰਦੀਆਂ ਹਨ ਜੋ ਹੋਰ ਅਣੂਆਂ ਨੂੰ ਫੜਨ ਅਤੇ ਉਨ੍ਹਾਂ ਨਾਲ ਕਿਰਿਆਸ਼ੀਲ ਹੋਣ ਦੀ ਸਮਰੱਥਾ ਰੱਖਦੀਆਂ ਹਨ। ਆਈ ਐੱਨ ਐੱਸ ਟੀ ਦੀ ਵਿਗਿਆਨੀ ਮੋਨਿਕਾ ਸਿੰਘ, ਜਿਨ੍ਹਾਂ ਨੇ ਆਪਣੇ ਖੋਜ ਵਿਦਿਆਰਥਣ ਅਰਸ਼ਮਿੰਦਰ ਕੌਰ ਨਾਲ ਮਿਲ ਕੇ ਇਹ ਤਕਨੀਕ ਵਿਕਸਤ ਕੀਤੀ ਹੈ, ਨੇ ਕਿਹਾ ਕਿ ਇਹ ਹਾਲੇ ਇਨ-ਵਿਟਰੋ ਪੜਾਅ 'ਤੇ ਹੈ ਪਰ ਜੀਵ ਵਿਗਿਆਨਕ ਪ੍ਰਣਾਲੀਆਂ ਵਿੱਚ ਵਰਤੋਂ ਲਈ ਸੁਰੱਖਿਅਤ ਪਾਈ ਗਈ ਹੈ। ਪ੍ਰਯੋਗਾਂ ਵਿੱਚ ਇਹ ਸਾਬਤ ਹੋਇਆ ਕਿ ਇਹ ਬਾਇਓਕੰਪੈਟੀਬਲ ਹੈ, ਜਿਸਦਾ ਅਰਥ ਹੈ ਕਿ ਇਹ ਜੀਵਿਤ ਕੋਸ਼ਿਕਾਵਾਂ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ। ਇਹ ਇੱਕ ਵੱਡੀ ਪ੍ਰਾਪਤੀ ਹੈ ਕਿਉਂਕਿ ਇਸ ਨਾਲ ਕੋਸ਼ਿਕਾ ਪੱਧਰ 'ਤੇ ਰੀਅਲ-ਟਾਈਮ ਮਾਨੀਟਰਿੰਗ ਸੰਭਵ ਹੁੰਦੀ ਹੈ। ਉਨ੍ਹਾਂ ਨੇ ਕਿਹਾ ਕਿ ਲੰਬੇ ਸਮੇਂ ਵਿੱਚ ਇਹ ਤਕਨੀਕ ਖ਼ੂਨ ਦੇ ਸੈਂਪਲ ਰਾਹੀਂ ਵੀ ਸਰੀਰ ਵਿੱਚ ਨਿਕੋਟੀਨ ਅਤੇ ਕੋਟੀਨਿਨ ਦੀ ਪ੍ਰਤੀਸ਼ਤ ਮਾਤਰਾ ਦਾ ਪਤਾ ਲਗਾਉਣ ਲਈ ਵਰਤੀ ਜਾ ਸਕੇਗੀ।

ਇਸ ਮੈਟੀਰੀਅਲ ਦਾ ਇੱਕ ਹੋਰ ਮਹੱਤਵਪੂਰਨ ਫਾਇਦਾ ਇਹ ਹੈ ਕਿ ਇਹ ਪਾਣੀ ਵਿੱਚ ਅਤੇ ਵੱਖ-ਵੱਖ ਹਾਲਾਤ ਵਿੱਚ ਵੀ ਚੰਗੀ ਤਰ੍ਹਾਂ ਕੰਮ ਕਰਦਾ ਹੈ। ਇਹ ਸਰੀਰ ਵਿੱਚ ਮੌਜੂਦ ਹੋਰ ਆਮ ਪਦਾਰਥਾਂ ਨਾਲ ਪ੍ਰਭਾਵਿਤ ਨਹੀਂ ਹੁੰਦਾ, ਜਿਸਦਾ ਮਤਲਬ ਹੈ ਕਿ ਇਹ ਸਹੀ ਨਤੀਜੇ ਦਿੰਦਾ ਹੈ। ਕਈ ਵਾਰ ਵਰਤੋਂ ਤੋਂ ਬਾਅਦ ਵੀ ਇਹ ਮੈਟੀਰੀਅਲ ਪ੍ਰਭਾਵਸ਼ਾਲੀ ਤਰੀਕੇ ਨਾਲ ਕੰਮ ਕਰਦਾ ਰਹਿੰਦਾ ਹੈ, ਜਿਸ ਨਾਲ ਇਹ ਦੁਬਾਰਾ ਵਰਤਣਯੋਗ ਅਤੇ ਲਾਗਤ-ਪ੍ਰਭਾਵੀ ਬਣਦਾ ਹੈ।

ਇਹ ਖੋਜ ਖਾਸ ਤੌਰ 'ਤੇ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਪਹਿਲੀ ਵਾਰ ਇਸ ਤਰ੍ਹਾਂ ਦੇ ਮੈਟੀਰੀਅਲ ਦੀ ਵਰਤੋਂ ਕੋਟੀਨਿਨ ਦੀ ਵਿਆਪਕ ਫਲੋਰੋਸੈਂਸ ਨਾਲ ਪਛਾਣ ਲਈ ਕੀਤੀ ਗਈ ਹੈ। ਇਹ ਸਧਾਰਣ ਟੈਸਟਿੰਗ ਕਿਟਾਂ ਦੇ ਵਿਕਾਸ ਲਈ ਨਵੀਆਂ ਸੰਭਾਵਨਾਵਾਂ ਖੋਲ੍ਹਦਾ ਹੈ, ਜੋ ਸਿਗਰਟਨੋਸ਼ੀ ਕਰਨ ਵਾਲਿਆਂ ਲਈ ਅਤੇ ਦੂਜੇ ਹੱਥ ਦੇ ਧੂੰਏਂ ਦੇ ਸੰਪਰਕ ਦੀ ਨਿਗਰਾਨੀ ਲਈ ਲਾਭਕਾਰੀ ਹੋ ਸਕਦੀਆਂ ਹਨ।

ਵਿਗਿਆਨੀ ਦਾ ਮੰਨਣਾ ਹੈ ਕਿ ਭਵਿੱਖ ਵਿੱਚ ਇਹ ਤਕਨੀਕ ਡਾਕਟਰਾਂ, ਖੋਜਾਰਥੀਆਂ ਅਤੇ ਸਿਹਤ ਕਰਮਚਾਰੀਆਂ ਨੂੰ ਤੰਬਾਕੂ ਸੰਪਰਕ ਦਾ ਤੇਜ਼ੀ ਨਾਲ ਪਤਾ ਲਗਾਉਣ ਅਤੇ ਸਮੇਂ ਸਿਰ ਕਾਰਵਾਈ ਕਰਨ ਵਿੱਚ ਮਦਦ ਕਰੇਗੀ। ਇਹ ਲੋਕ ਸਿਹਤ ਮੁਹਿੰਮਾਂ ਨੂੰ ਵੀ ਸਹਿਯੋਗ ਦੇ ਸਕਦੀ ਹੈ ਕਿਉਂਕਿ ਇਹ ਆਸਾਨ ਅਤੇ ਕਿਫਾਇਤੀ ਟੈਸਟਿੰਗ ਢੰਗ ਮੁਹੱਈਆ ਕਰ ਸਕਦੀ ਹੈ। ਕੁੱਲ ਮਿਲਾ ਕੇ, ਇਹ ਨਵੀਨਤਮ ਮੈਟੀਰੀਅਲ ਬਿਹਤਰ ਸਿਹਤ ਨਿਗਰਾਨੀ ਅਤੇ ਧੂੰਆਂ ਰਹਿਤ ਸਮਾਜ ਵੱਲ ਇੱਕ ਉਮੀਦ ਭਰਿਆ ਕਦਮ ਹੈ, ਕਿਉਂਕਿ ਹਰ ਸਾਲ ਦੁਨੀਆ ਭਰ ਵਿੱਚ ਲੱਖਾਂ ਲੋਕ ਤੰਬਾਕੂ ਕਾਰਨ ਹੋਣ ਵਾਲੀਆਂ ਬਿਮਾਰੀਆਂ ਨਾਲ ਆਪਣੀ ਜ਼ਿੰਦਗੀ ਗੁਆ ਬੈਠਦੇ ਹਨ।



**ਰਾਜੇਸ਼ ਚੰਦਰ ਬਾਲੀ**
**(ਲੇਖਕ ਭਾਰਤੀ ਸੂਚਨਾ ਸੇਵਾ ਅਧਿਕਾਰੀ ਹਨ ਅਤੇ ਵਰਤਮਾਨ ਵਿੱਚ ਅਕਾਸ਼ਵਾਣੀ, ਜਲੰਧਰ ਵਿੱਚ ਸਹਾਇਕ ਨਿਦੇਸ਼ਕ, ਨਿਊਜ਼-ਕਮ-ਰੀਜਨਲ ਨਿਊਜ਼ ਹੈੱਡ ਵਜੋਂ ਤਾਇਨਾਤ ਹਨ।)**

# ਹਾਏ ! ਸਿਲੰਡਰ

ਜ਼ਿਕਰ ਪੰਜਾਬ

ਵਿਸ਼ਵੀਕਰਨ ਦੇ ਨਾਲ ਪੂਰਾ ਸੰਸਾਰ ਪਿੰਡ ਦੇ ਵਿੱਚ ਤਬਦੀਲ ਹੋ ਗਿਆ, ਹਰ ਘਟਨਾ ਦਾ ਅਸਰ ਪੂਰੇ ਸੰਸਾਰ ਦੇ ਵਿੱਚ ਪੈਣਾ ਸੁਭਾਵਿਕ ਹੈ, ਫਿਰ ਵੀ ਇਹ ਤਾਂ ਜੰਗ ਹੈ, ਉਹ ਵੀ ਸੰਸਾਰ ਦੀ ਵੱਡੀ ਸ਼ਕਤੀ ਅਮਰੀਕਾ ਅਤੇ ਇਜਰਾਈਲ ਦੀ ਇਰਾਨ ਦੇ ਨਾਲ, ਇਹ ਕਿਵੇਂ ਹੋ ਸਕਦਾ ਕਿ ਜੰਗ ਦਾ ਅਸਰ ਸੰਸਾਰ ਦੇ ਕੋਨੇ-ਕੋਨੇ ਵਿੱਚ ਕਿਵੇਂ ਨਾ ਦਿਖੇ, ਪਰ ਜੋ ਹਾਲਾਤ ਅੱਜ ਭਾਰਤ ਦੇ ਵਿੱਚ ਗੈਸ ਦੀ ਕਿੱਲਤ ਕਾਰਨ ਪੈਦਾ ਹੋਏ ਹਨ, ਇਹਨਾਂ ਹਾਲਾਤਾਂ ਨੇ ਵੱਡੇ ਤੋਂ ਲੈ ਕੇ ਛੋਟੇ ਕਿਸਾਨ-ਮਜ਼ਦੂਰ ਤੱਕ ਬਹੁਤ ਵੱਡਾ ਅਸਰ ਪਾਇਆ ਹੈ, ਅਮੀਰ ਲੋਕਾ ਕੋਲ ਹੋਰ ਬਹੁਤ ਸਾਧਨ ਹਨ, ਪੈਸਾ ਹੈ, ਪੈਸੇ ਦੇ ਜ਼ੋਰ ਨਾਲ ਹਰ ਚੀਜ਼ ਖਰੀਦੀ ਜਾ ਸਕਦੀ ਹੈ, ਪਰ ਜੋ ਹਾਲਤ ਅੱਜ ਗਰੀਬ ਕਿਸਾਨ - ਮਜ਼ਦੂਰ ਦੀ ਹੈ, ਚੁੱਲੇ ਠੰਡੇ ਹਨ, ਸਬਜ਼ੀ ਦਾ ਬਦਲ ਪਿਆਜ ਦੀ ਚਟਨੀ ਹੋ ਸਕਦੀ ਹੈ, ਰੋਟੀ ਦਾ ਬਦਲ ਚਾਵਲ ਹੋ ਸਕਦੇ ਹਨ, ਪਰ ਚਾਵਲਾਂ ਦੇ ਲਈ ਵੀ ਅੱਗ ਦੀ ਜਰੂਰਤ ਹੈ, ਅੱਗ ਬਾਲਣ ਦੇ ਲਈ ਸਮੁੱਚਾ ਕਿਸਾਨ - ਮਜ਼ਦੂਰ ਵਰਗ ਗੈਸ ਸਿਲੰਡਰਾਂ ਤੇ ਨਿਰਭਰ ਹੈ।ਪਰ ਸਿਲੰਡਰ ਪ੍ਰਾਪਤ ਕਰਨਾ ਖਾਲਾ ਜੀ ਦਾ ਵਾੜਾ ਨਹੀਂ, ਇਥੋਂ ਤੱਕ ਕਿ ਗੈਸ ਸਿਲੰਡਰ ਕਿਸੇ ਵੀ ਹਾਲਤ ਬਲੈਕ ਦੇ ਵਿੱਚ ਵੀ ਨਹੀਂ ਮਿਲ ਰਹੇ। ਸਿਲੰਡਰਾਂ ਦਾ ਮੁੱਲ ਕਰੋਨਾ ਕਾਲ ਸਮੇਂ ਤੋਂ ਪੈਣਾਂ ਸ਼ੁਰੂ ਹੋਇਆ, ਉਸ ਸਮੇਂ ਮਰੀਜ਼ਾਂ ਨੂੰ ਆਕਸੀਜਨ ਦੇ ਸਿਲੰਡਰ ਲੱਭਿਆ ਨਹੀਂ ਮਿਲ ਰਹੇ ਸਨ, ਆਕਸੀਜਨ ਦੀ ਘਾਟ ਕਾਰਨ ਬਹੁਤ ਸਾਰੇ ਲੋਕਾਂ ਨੂੰ ਮੌਤ ਦੇ ਮੂੰਹ ਦੇ ਵਿੱਚ ਜਾਣਾ ਪਿਆ, ਉਸ ਸਮੇਂ ਵੀ ਸਿਲੰਡਰ ਅਮੀਰ ਲੋਕਾਂ ਦੀ ਪਹੁੰਚ ਵਿੱਚ ਸਨ, ਕਿਉਂਕਿ ਕਾਲਾ ਬਜਾਰੀ ਕਾਰਨ, ਅਮੀਰ ਲੋਕ ਆਪਣੇ ਮਰੀਜਾਂ ਦੇ ਲਈ ਡਾਕਟਰਾਂ ਨਾਲ ਗੰਢ ਤੁੱਪ ਕਰਕੇ ਆਕਸੀਜਨ ਦੇ ਸਿਲੰਡਰਾਂ ਦਾ ਪ੍ਰਬੰਧ ਕਰ ਲੈਂਦੇ ਸਨ। ਪ੍ਰੰਤੂ ਕਿਸਾਨ - ਮਜ਼ਦੂਰ ਵਰਗ ਨੇ ਆਕਸੀਜਨ ਦੀ ਘਾਟ ਦੀ ਬਹੁਤ ਮਾਰ ਝੱਲੀ, ਜਿਵੇਂ ਕਹਿੰਦੇ ਹਨ ਕਿ ਗਰੀਬਾਂ ਦੀ ਤਾਂ ਕੁਦਰਤ ਹੈ, ਉਸ ਸਮੇਂ ਸਾਡੇ ਰੁੱਖਾਂ ਨੇ ਆਕਸੀਜਨ ਦੇਣ ਦਾ ਸਾਥ ਨਿਭਾਇਆ ਅਤੇ ਹੁਣ ਰੁੱਖਾਂ ਦੇ ਸੁੱਕੇ ਡੱਕੇ ਮਜ਼ਦੂਰਾਂ ਦੇ ਚੁੱਲਿਆਂ ਦੇ ਵਿੱਚ ਅੱਗ ਬਾਲਣ ਦਾ ਜਰੀਆ ਬਣ ਰਹੇ ਹਨ। ਕੁਦਰਤ ਬਹੁਤ ਵੱਡੀ ਚੀਜ਼ ਹੈ, ਜੇਕਰ ਅਸੀਂ ਬਦਾਮ ਨਹੀਂ ਖਾ ਸਕਦੇ, ਤਾਂ ਕੁਦਰਤ ਨੇ ਬਦਾਮ ਦੇ ਗੁਣ ਮੂੰਗਫਲੀ ਦੇ ਵਿੱਚ ਪੈਦਾ ਕੀਤੇ ਹਨ, ਮੂੰਗਫਲੀ ਹਰ ਇੱਕ ਇਨਸਾਨ ਦੀ ਪਹੁੰਚ ਵਿੱਚ ਹੈ। ਕਦੇ ਲੇਖ ਪੜਦੇ ਸੀ, ਹਾਏ ਨੌਕਰੀ, ਸਹੀ ਗੱਲ ਹੈ ਕਿ ਨੌਕਰੀਆਂ, ਅੱਜ ਬੇਰੁਜ਼ਗਾਰੀ ਦੇ ਯੁੱਗ ਦੇ ਵਿੱਚ ਪ੍ਰਾਪਤ ਕਰਨੀਆਂ ਬਹੁਤ ਔਖੀਆਂ ਹਨ, ਕਿਉਂਕਿ ਦੁਨੀਆ ਪੜ੍ਹ ਲਿਖ ਗਈ, ਪਰ ਸਰਕਾਰਾਂ ਕੋਲ ਨੌਕਰੀਆਂ ਦੇ ਸਰੋਤ ਬਹੁਤ ਘੱਟ ਹਨ, ਵੱਡੀਆਂ ਵੱਡੀਆਂ ਡਿਗਰੀਆਂ ਵਾਲੇ ਲੋਕ ਚੌਥਾ ਦਰਜਾ ਨੌਕਰੀ ਲਈ ਆਪਣੇ ਫਾਰਮ ਅਪਲਾਈ ਕਰਦੇ ਹਨ, ਪਰ ਅੱਜ ਗੈਸ ਸਿਲੰਡਰ ਪ੍ਰਾਪਤ ਕਰਨਾ, ਨੌਕਰੀ ਤੋਂ ਵੱਡਾ ਮਸਲਾ ਬਣ ਗਿਆ, ਵੱਡੀਆਂ ਵੱਡੀਆਂ ਲਾਈਨਾਂ, ਰਾਤਾਂ ਦੇ ਖੜੇ ਲੋਕ, ਉਡੀਕਦਿਆਂ ਥੱਕ ਜਾਂਦੇ ਹਨ, ਚੁੱਲੇ ਠੰਡੇ ਪਏ ਹਨ, ਜਦੋਂ ਸ਼ਾਮ ਨੂੰ ਘਰ ਆ ਕੇ ਘਰ ਦਾ ਮੁਖੀ ਨਿਰਾਸਾ ਭਰਿਆ ਸੁਨੇਹਾ ਦਿੰਦੇ ਹਨ ਕਿ ਸਿਲੰਡਰ ਨਹੀਂ ਮਿਲਿਆ, ਤਾਂ ਇੰਝ ਲੱਗਦਾ ਕਿ ਸਾਡੇ ਨਾਲੋਂ ਤਾਂ ਪਾਕਿਸਤਾਨ ਦਾ ਸਿਸਟਮ ਵਧੀਆ ਹੈ, ਕਹਿੰਦੇ ਹਨ ਕਿ ਉੱਥੇ ਘਰ ਘਰ ਗੈਸ ਦੀ ਪਾਇਪ ਜਾਂਦੀ ਹੈ, ਸਿਲੰਡਰਾਂ ਦਾ ਜੱਬ ਹੀ ਨਹੀਂ, ਖਰਾਬ ਮੌਸਮ ਦੇ ਵਿੱਚ, ਬਾਲਣ ਵੀ ਗਿੱਲਾ ਹੋ ਗਿਆ,



ਪਾਥੀਆਂ ਗਿੱਲੀਆਂ, ਦੱਸੋ ਸੁਆਣੀਆਂ ਕਿਵੇਂ ਖਾਣਾ ਤਿਆਰ ਕਰਨਗੀਆਂ, ਛੋਟੇ ਛੋਟੇ ਬੱਚੇ ਰੋਟੀ ਦੀ ਬੁਰਕੀ ਨੂੰ ਤਰਸਦੇ, ਉਡੀਕ ਦੇ,ਭੁੱਖੇ ਸੌ ਜਾਂਦੇ ਹਨ, ਸਵੇਰ ਨੂੰ ਉਹੀ ਹਾਲਾਤ, ਬੱਚੇ ਕਹਿੰਦੇ, ਪਰਮਾਤਮਾ ਇਹ ਜੰਗ ਲਾਉਣ ਵਾਲੇ ਪਾਪੀਆਂ ਨੂੰ, ਤੂੰ ਖਤਮ ਕਿਉਂ ਨਹੀਂ ਕਰਦਾ, ਇਹਨਾਂ ਨੂੰ ਸਾਡੇ ਵਰਗੇ ਮਿੱਤਰਤਾ ਵਾਲੇ ਸਾਫ ਦਿਲ ਦੇਦੇ, ਲੜਨ ਦੇ ਨਾਲੋਂ, ਖੇਡਣ ਅਤੇ ਪਿਆਰ ਕਰਨ ਨੂੰ ਤਰਜੀਹ ਦੇਣ, ਹਉਮੈ ਅਤੇ ਹੰਕਾਰ ਦੀਆਂ ਕੰਧਾਂ ਟੁੱਟ ਕੇ, ਪਿਆਰ ਦੇ ਰਿਸ਼ਤੇ ਬਣਨ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਕਥਨ ਅਨੁਸਾਰ, ਕਿਰਤ ਕਰੋ, ਨਾਮ ਜਪੋ, ਵੰਡ ਛਕੋ, ਅਨੁਸਾਰ ਜੀਵਨ ਬਸਰ ਕਰਨ ਵਾਲਾ, ਸੰਸਾਰ ਬਣੇ, ਨਾਨਕ ਨਾਮ ਚੜਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ ਹੋਵੇ, ਆਸ ਹੈ ਕਿ ਜਲਦੀ ਇਹ ਗੈਸ ਦੀ ਕਿੱਲਤ ਖਤਮ ਹੋਵੇ, ਚੁੱਲੇ ਬਲਣ, ਹਰ ਇੱਕ ਨੂੰ ਭੋਜਨ ਨਸੀਬ ਹੋਵੇ। ਪਰਮਾਤਮਾ ਕਰੇ ਇਹ ਜੰਗ ਨਾਂ ਦਾ ਸ਼ਬਦ ਹੀ ਖਤਮ ਹੋ ਜਾਵੇ, ਹੱਦਾਂ ਸਰਹੱਦਾਂ ਟੱਪ ਕੇ ਲੋਕੀ ਇੱਕ ਦੂਜੇ ਨੂੰ ਮਿਲਣ, ਇਨਸਾਨ ਵੀ ਪ੍ਰਕਿਰਤੀ ਦੇ ਜੀਵ ਹਨ, ਜੇਕਰ ਪੰਛੀ ਆਜ਼ਾਦ ਘੁੰਮ ਸਕਦੇ ਹਨ, ਯੂਰਪ ਤੋਂ ਸਾਇਬੇਰੀਆ ਦੀਆਂ ਕੂੰਜਾਂ ਹਰੀ ਕੇ ਪੱਤਣ ਆ ਸਕਦੀਆਂ ਹਨ, ਤਾਂ ਸਾਨੂੰ ਵੀ ਤੰਗ ਦਿਲ ਵਾਲੀ ਸੋਚ ਛੱਡ ਕੇ ਸੰਸਾਰ ਵਾਦੀ ਸੋਚ ਤਹਿਤ ਪ੍ਰੇਮ ਪਿਆਰ ਦਾ ਜੀਵਨ ਬਸਰ ਕਰਨਾ ਚਾਹੀਦਾ, ਚੰਗੀ ਸੋਚ ਗ੍ਰਹਿਣ ਕਰਨ ਦੀ ਜਰੂਰਤ ਹੈ, ਅੰਤ ਦੇ ਵਿੱਚ ਮੈਨੂੰ ਪੰਜਾਬੀ ਦੇ ਮਕਬੂਲ ਸਾਇਰ ਗੁਰਤੇਜ ਕੁਹਾਰ ਵਾਲੇ ਦਾ ਲਿਖਿਆ ਸ਼ੇਅਰ ਚੇਤੇ ਆ ਗਿਆ..

**ਜੰਗਾਂ ਵਿੱਚ ਛੱਡਣਾ ਪੈਂਦਾ, ਹਉਮੈ ਦੇ ਭੇੜਾਂ ਨੂੰ,**
**ਆਜੋ ਹੁਣ ਬਹਿ ਕੇ ਲਿਪੀਏ, ਅੰਦਰਲੀਆਂ ਤੇੜਾਂ ਨੂੰ,**
**ਰੇਸ਼ਮ ਦੇ ਟੁੱਟੇ ਧਾਗੇ, ਜੋੜਨ ਦਾ ਵੇਲਾ ਹੈ,**
**ਥੋੜੀ ਹੀ ਦੂਰ ਗਿਆਂ ਨੂੰ, ਮੋੜਨ ਦਾ ਵੇਲਾ ਹੈ।**

**ਪ੍ਰਿੰਸੀਪਲ ਹਰਸੰਤ ਸਿੰਘ ਢੀਂਡਸਾ**
**ਸੰਪਰਕ : 98781-97000**

# ਇਰਾਨੀ ਮਿੱਟੀ ਦੀ ਇੱਟ . . . !

ਜ਼ਿਕਰ ਪੰਜਾਬ

ਅਮਰੀਕਾ-ਇਜਰਾਇਲ ਅਤੇ ਈਰਾਨ ਵਿਚਾਲੇ ਚੱਲ ਰਹੇ ਤਣਾਅ ਭਰੇ ਸੰਘਰਸ਼ ਨੇ ਵਿਸ਼ਵ ਭਰ ਵਿਚ ਮਹਿੰਗਾਈ ਦੀ ਲਹਿਰ ਉਠਾਈ ਹੈ, ਪਰ ਪੰਜਾਬ ਵਿਚ ਇਸਦਾ ਰੂਪ ਬਿਲਕੁਲ ਵੱਖਰਾ ਅਤੇ ਭਿਆਨਕ ਹੋ ਗਿਆ ਹੈ। ਇੱਥੇ ਭੱਠਾ ਮਾਲਕਾਂ ਨੇ ਲੁੱਟ ਦਾ ਇੱਕ ਨਵਾਂ ਆਤੰਕ ਮਚਾ ਦਿੱਤਾ ਹੈ। ਇਸ ਵਿਚ ਕੋਈ ਦੋ ਰਾਏ ਨਹੀਂ ਹੈ ਕਿ ਅੰਤਰਰਾਸ਼ਟਰੀ ਸੰਘਰਸ਼ ਕਾਰਨ ਤੇਲ, ਗੈਸ ਅਤੇ ਆਯਾਤੀ ਵਸਤੂਆਂ ਦੀਆਂ ਕੀਮਤਾਂ ਵਧਣੀਆਂ ਸਮਝ ਵਿਚ ਆਉਂਦੀਆਂ ਹਨ, ਪਰ ਇੱਥੇ ਤਾਂ ਸਥਾਨਕ ਉਤਪਾਦਨ ਵਾਲੀ ਚੀਜ਼ ਉੱਤੇ ਵੀ ਲੁੱਟ ਵਧਾ ਦਿੱਤੀ ਗਈ ਹੈ। ਪਿਛਲੇ ਸਾਲ ਜਿਹੜੀ ਇੱਟ 6000 ਤੋਂ 6500 ਰੁਪਏ ਪ੍ਰਤੀ ਹਜ਼ਾਰ ਮਿਲਦੀ ਸੀ, ਉਹ ਅੱਜ 9000 ਤੋਂ 9500 ਰੁਪਏ ਪ੍ਰਤੀ ਹਜ਼ਾਰ ਤੱਕ ਪਹੁੰਚ ਗਈ ਹੈ। ਇਹ ਵਾਧਾ ਸਿਰਫ਼ ਮਹਿੰਗਾਈ ਨਹੀਂ, ਬਲਕਿ ਇੱਕ ਯੋਜਨਾਬੱਧ ਲੁੱਟ ਹੈ। ਸਭ ਤੋਂ ਵੱਡੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਇੱਟਾਂ ਸੂਬੇ ਦੀ ਆਪਣੀ ਮਿੱਟੀ ਤੋਂ ਬਣਦੀਆਂ ਹਨ। ਇਹ ਮਿੱਟੀ ਕਿਤੇ ਈਰਾਨ ਤੋਂ ਆਯਾਤ ਤਾਂ ਨਹੀਂ ਕੀਤੀ ਜਾ ਰਹੀ? ਕੀ ਹੁਣ ਬਣਨ ਵਾਲੀਆਂ ਇੱਟਾਂ ਇਰਾਨੀ ਮਿੱਟੀ ਤੋਂ ਤਿਆਰ ਹੋ ਰਹੀਆਂ ਹਨ? ਇਹ ਸਵਾਲ ਉੱਠਣਾ ਲਾਜ਼ਮੀ ਹੈ ਕਿਉਂਕਿ ਲੋਕਲ ਉਤਪਾਦਨ ਉੱਤੇ ਅਜਿਹਾ ਅਚਾਨਕ ਅਤੇ ਵੱਡਾ ਵਾਧਾ ਕਿਸੇ ਵੀ ਤਰ੍ਹਾਂ ਦੇ ਤਰਕ ਵਿਚ ਨਹੀਂ ਆਉਂਦਾ। ਇੱਕ ਆਮ ਮੱਧ ਵਰਗੀ ਪਰਿਵਾਰ ਲਈ ਆਪਣਾ ਛੋਟਾ ਜਿਹਾ ਘਰ ਬਣਾਉਣਾ ਇੱਕ ਸੁਪਨਾ ਹੁੰਦਾ ਹੈ। ਉਹ ਸਾਲਾਂ ਤੱਕ ਘਰ ਬਣਾਉਣ ਲਈ ਪੈਸੇ ਜੋੜਦਾ ਹੈ, ਉਮੀਦਾਂ ਰੱਖਦਾ ਹੈ। ਪਰ ਭੱਠਾ ਮਾਲਕਾਂ ਨੇ ਇਸ ਸੁਪਨੇ ਨੂੰ ਵੀ ਤੋੜ ਕੇ ਰੱਖ ਦਿੱਤਾ ਹੈ। ਇੱਕ ਆਮ ਘਰ ਲਈ ਲੱਖਾਂ ਰੁਪਏ ਵਾਧੇ ਦਾ ਬੋਝ ਮਕਾਨ ਬਣਾਉਣ ਵਾਲੇ ਪਰਿਵਾਰਾਂ ਉੱਤੇ ਆ ਗਿਆ ਹੈ ਜਿਸਦਾ ਨਤੀਜਾ ਇਹ ਹੈ ਕਿ ਬਹੁਤ ਸਾਰੇ ਲੋਕ ਘਰ ਬਣਾਉਣ ਦਾ ਖਿਆਲ ਹੀ ਛੱਡ ਰਹੇ ਹਨ। ਇਸ ਲੁੱਟ ਤੋਂ ਵੀ ਵੱਧ ਚਿੰਤਾਜਨਕ ਗੱਲ ਇਹ ਹੈ ਕਿ ਇਹਨਾਂ ਭੱਠਾ ਮਾਲਕਾਂ ਨੂੰ ਨਾ ਤਾਂ ਸਰਕਾਰ ਦਾ ਡਰ ਹੈ ਅਤੇ ਨਾ ਹੀ ਪ੍ਰਸ਼ਾਸਨ ਦਾ ਦਾ ਡਰ ਹੈ। ਉਹ ਬੇਖੌਫ ਇਸ ਲੁੱਟ ਨੂੰ ਜਾਰੀ ਰੱਖ ਰਹੇ ਹਨ। ਕਿਤੇ ਨਾ ਕਿਤੇ ਇਹ ਲੱਗਦਾ ਹੈ ਕਿ ਇਹ ਸਭ ਮਿਲੀ ਭੁਗਤ ਨਾਲ ਚੱਲ ਰਿਹਾ ਹੈ। ਜੇਕਰ ਸਰਕਾਰੀ ਤੰਤਰ ਚੁੱਪ ਰਿਹਾ ਹੈ ਤਾਂ ਇਸ ਚੁੱਪੀ ਪਿੱਛੇ ਵੀ ਕੋਈ ਵਜ?ਹਾ ਹੋਣੀ ਚਾਹੀਦੀ ਹੈ। ਇਸ ਲੁੱਟ ਦਾ ਨਤੀਜਾ ਸਿਰਫ਼ ਆਮ ਨਾਗਰਿਕ ਹੀ ਭੁਗਤ ਰਿਹਾ ਹੈ। ਉਸਦੇ ਘਰ ਬਣਾਉਣ ਦੇ ਸੁਪਨੇ ਟੁੱਟ ਰਹੇ ਹਨ, ਉਸਦੀ ਮਿਹਨਤ ਦੀ ਕਮਾਈ ਇਸ ਇਰਾਨੀ ਮਿੱਟੀ ਦੀ ਇੱਟ ਦੇ ਚੱਕਰ ਵਿੱਚ ਬਿਨ੍ਹਾ ਵਜ੍ਹਾ ਲੁੱਟ ਹੋ ਰਹੀ ਹੈ। ਇਹ ਬਹੁਤ ਗੰਭੀਰ ਮੁੱਦਾ ਹੈ। ਸੂਬਾ ਸਰਕਾਰ ਨੂੰ ਤੁਰੰਤ ਇਸ ਲੁੱਟ ਉੱਤੇ ਰੋਕ ਲਗਾਉਣੀ ਚਾਹੀਦੀ ਹੈ। ਭੱਠਾ ਮਾਲਕਾਂ ਉੱਤੇ ਨਿਗਰਾਨੀ ਵਧਾਈ ਜਾਵੇ ਅਤੇ ਇੱਟਾਂ ਲਈ ਕੰਟਰੋਲ ਰੇਟ ਲਾਗੂ ਕੀਤੇ ਜਾਣ। ਸੂਬੇ ਦੀ ਮਿੱਟੀ ਨੂੰ ਇਸ ਤਰ੍ਹਾਂ ਮਹਿੰਗੇ ਭਾਅ ਵੇਚਣਾ ਆਪਣੇ ਲੋਕਾਂ ਨਾਲ ਗੱਦਾਰੀ ਹੈ। ਜੇਕਰ ਸਰਕਾਰ ਨੇ ਇਸ ਵੱਲ ਧਿਆਨ ਨਾ ਦਿੱਤਾ ਤਾਂ ਆਮ ਲੋਕਾਂ ਦਾ ਵਿਸ਼ਵਾਸ ਟੁੱਟ ਜਾਵੇਗਾ ਅਤੇ ਇਸ ਲੁੱਟ ਦਾ ਆਤੰਕ ਹੋਰ ਵੀ ਵਧਦਾ ਚਲਾ ਜਾਵੇਗਾ। ਸਮੇਂ ਦੀ ਮੰਗ ਹੈ ਕਿ ਇਸ ਇਰਾਨੀ ਮਿੱਟੀ ਵਾਲੀ ਇੱਟ ਦੀ ਲੁੱਟ ਨੂੰ ਰੋਕਿਆ ਜਾਵੇ ਅਤੇ ਲੋਕਾਂ ਨੂੰ ਉਨ੍ਹਾਂ ਦੀ ਆਪਣੀ ਮਿੱਟੀ ਦਾ ਨਿਆਂ ਦਿੱਤਾ ਜਾਵੇ।



ਸੰਦੀਪ ਕੁਮਾਰ

**ਸੰਦੀਪ ਕੁਮਾਰ**
**ਸੰਪਰਕ : 70098-07121**

# ਪੋਸ਼ਣ ਟ੍ਰੈਕਰ: ਕੁਪੋਸ਼ਣ ਨਾਲ ਨਜਿੱਠਣ ਲਈ ਅੰਕੜਿਆਂ ਦੀ ਵਰਤੋਂ

ਜ਼ਿਕਰ ਪੰਜਾਬ

ਸਾਡੇ ਵਿੱਚੋਂ ਬਹੁਤ ਸਾਰੇ ਲੋਕ ਆਪਣੇ ਡਾਕਟਰਾਂ ਨੂੰ ਇਲੈਕਟ੍ਰਾਨਿਕ ਸਿਹਤ ਰਿਕਾਰਡ ਵਿੱਚ ਜਾਣਕਾਰੀ ਦਰਜ ਕਰਦੇ ਦੇਖਦੇ ਹਨ। ਸਾਨੂੰ ਪੂਰਾ ਭਰੋਸਾ ਹੈ ਕਿ ਇਹ ਅੰਕੜੇ ਸਮੇਂ ਦੇ ਨਾਲ ਸਾਡੀ ਸਿਹਤ ਦੀ ਨਿਗਰਾਨੀ ਕਰਨ, ਜੋਖਮਾਂ ਦੀ ਜਲਦੀ ਪਛਾਣ ਕਰਨ ਅਤੇ ਸਮੇਂ ਸਿਰ ਢੁਕਵੇਂ ਉਪਾਅ ਕਰਨ ਵਿੱਚ ਸਾਡੀ ਮਦਦ ਕਰਨਗੇ। ਇਸ ਲਈ ਡਿਜ਼ਿਟਲ ਪ੍ਰਣਾਲੀਆਂ ਵਧੀਆ ਕੰਮ ਕਰਦੀਆਂ ਹਨ ਕਿਉਂਕਿ ਉਹ ਸਿਰਫ ਡਾਟਾ ਇਕੱਠਾ ਨਹੀਂ ਕਰਦੀਆਂ, ਬਲਕਿ ਜਾਣਕਾਰੀ ਨੂੰ ਫੈਸਲਿਆਂ ਅਤੇ ਬਿਹਤਰ ਇਲਾਜ ਵਿੱਚ ਤਬਦੀਲ ਕਰਨ ਵਿੱਚ ਮਦਦ ਕਰਦੀਆਂ ਹਨ।

ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਵਲੋਂ 2021 ਵਿੱਚ ਲਾਂਚ ਹੋਣ ਤੋਂ ਬਾਅਦ, ਪੋਸ਼ਣ ਟ੍ਰੈਕਰ ਐਪ ਨੇ ਪੋਸ਼ਣ ਸੇਵਾਵਾਂ ਦੀ ਡਿਲਿਵਰੀ ਦੇ ਅੰਕੜਿਆਂ ਨੂੰ ਹੋਰ ਕਾਰਗਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਸਦੀ ਅਭਿਲਾਸ਼ਾ ਸਿਰਫ ਡਿਜ਼ਿਟਲੀਕਰਨ ਨਹੀਂ, ਸਗੋਂ ਇਹ ਯਕੀਨੀ ਬਣਾਉਣਾ ਹੈ ਕਿ ਬੱਚਿਆਂ ਦੇ ਵਿਕਾਸ ਅਤੇ ਪੋਸ਼ਣ ਸੇਵਾਵਾਂ ਨੂੰ ਦਰਜ ਅਤੇ ਸਮੀਖਿਆ ਕਰਨ ਵਿੱਚ ਹੋਰ ਗੰਭੀਰਤਾ ਅਤੇ ਨਿਰੰਤਰਤਾ ਆਵੇ।

ਪੋਸ਼ਣ ਟ?ਰੈਕਰ ਵਿੱਚ ਇਹ ਸਮਰੱਥਾ ਹੈ ਕਿ ਇਹ ਰੋਜ਼ਾਨਾ ਇਕੱਠੇ ਕੀਤੇ ਗਏ ਵਿਕਾਸ ਦੇ ਅੰਕੜਿਆਂ ਨੂੰ ਆਖਰੀ ਪੱਧਰ 'ਤੇ ਅਰਥਪੂਰਨ ਫੈਸਲਿਆਂ ਵਿੱਚ ਬਦਲ ਸਕੇ। ਮਹੀਨਾਵਾਰ ਵਿਕਾਸ ਨਿਗਰਾਨੀ ਜੇਕਰ ਸਹੀ ਤਰੀਕੇ ਨਾਲ ਮਾਪੀ ਜਾਵੇ ਅਤੇ ਲਗਾਤਾਰ ਦਰਜ ਕੀਤੀ ਜਾਵੇ ਤਾਂ ਖਤਰੇ ਦੇ ਸ਼ੁਰੂਆਤੀ ਸੰਕੇਤ ਦੇ ਸਕਦੀ ਹੈ। ਇੱਕ ਹੀ, ਲਗਾਤਾਰ ਬਣਿਆ ਰਹਿਣ ਵਾਲਾ ਇਲੈਕਟ?ਰਾਨਿਕ ਰਿਕਾਰਡ ਵਿਕਾਸ ਸਬੰਧੀ ਰੁਝਾਨਾਂ ਨੂੰ ਘਰ ਲੈ ਜਾਣ ਵਾਲੇ ਰਾਸ਼ਨ, ਦੇਖਭਾਲ ਕਰਨ ਵਾਲੇ ਦੀ ਕਾਊਂਸਲਿੰਗ ਅਤੇ ਗੰਭੀਰ ਕੁਪੋਸ਼ਣ ਤੋਂ ਪੀੜਤ ਬੱਚਿਆਂ ਨੂੰ ਸਿਹਤ ਕੇਂਦਰਾਂ ਵਿੱਚ ਰੈਫਰ ਕਰਨ ਜਿਹੇ ਪੂਰਕ ਪੋਸ਼ਣ ਉਪਾਵਾਂ ਨਾਲ ਜੋੜਨ ਵਿੱਚ ਮਦਦ ਕਰ ਸਕਦਾ ਹੈ।





ਇਸ ਦਿਸ਼ਾ ਵਿੱਚ ਅੱਗੇ ਵਧਣ ਲਈ, ਸਾਨੂੰ ਡੈਸ਼ਬੋਰਡ ਤੋਂ ਫੈਸਲਿਆਂ ਵੱਲ ਅਤੇ ਗਿਣਤੀ ਤੋਂ ਸੰਭਾਲ ਵੱਲ ਤਬਦੀਲ ਹੋਣਾ ਪਵੇਗਾ। ਐਪ ਵਿੱਚ ਬਣੇ ਸੰਕੇਤ, ਸਧਾਰਣ ਚੈਕਲਿਸਟਾਂ ਅਤੇ ਅਲਰਟ ਆਂਗਣਵਾੜੀ ਵਰਕਰਾਂ ਨੂੰ ਉਨ੍ਹਾਂ ਬੱਚਿਆਂ ਦਾ ਫਾਲੋ-ਅੱਪ ਕਰਨ ਵਿੱਚ ਮਦਦ ਕਰ ਸਕਦੇ ਹਨ ਜੋ ਕਮਜ਼ੋਰੀ ਜਾਂ ਗੰਭੀਰ ਕੁਪੋਸ਼ਣ ਦੇ ਖਤਰੇ ਵਿੱਚ ਹਨ। ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਅਤੇ ਆਰਸੀਐੱਚ 2.0 ਪੋਰਟਲ ਦੇ ਡਾਟਾ ਨਾਲ ਏਕੀਕਰਨ ਰਾਹੀਂ ਰੈਫਰਲ ਫਾਲੋ-ਅੱਪ ਨੂੰ ਸਾਂਝੇ ਪਰਿਵਾਰਕ ਦੌਰਿਆਂ ਰਾਹੀਂ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ।

ਇਸ ਵੇਲੇ ਇਕੱਠਾ ਕੀਤਾ ਗਿਆ ਵਿਕਾਸ ਡਾਟਾ ਇੱਕ ਕੀਮਤੀ ਸ਼ੁਰੂਆਤੀ ਬਿੰਦੂ ਪ੍ਰਦਾਨ ਕਰਦਾ ਹੈ। ਮਾਪਣ ਦੇ ਤਰੀਕਿਆਂ ਅਤੇ ਪ੍ਰਣਾਲੀ ਸਹਾਇਤਾ ਵਿੱਚ ਕੇਂਦ੍ਰਿਤ ਸੁਧਾਰਾਂ ਨਾਲ, ਇਹ ਸਮੇਂ ਸਿਰ ਫੈਸਲੇ ਕਰਨ ਲਈ ਭਰੋਸੇਯੋਗ ਤੌਰ 'ਤੇ ਜਾਣਕਾਰੀ ਦੇ ਸਕਦਾ ਹੈ। ਸਹੀ ਫੈਸਲੇ ਲਈ ਬੁਨਿਆਦੀ ਗੱਲਾਂ ਜਿਵੇਂ ਭਰੋਸੇਯੋਗ ਮਾਪ, ਸਹੀ ਤਕਨੀਕ ਅਤੇ ਕੰਮ ਕਰ ਰਹੇ ਉਪਕਰਨਾਂ ਦਾ ਠੀਕ ਹੋਣਾ ਜ਼ਰੂਰੀ ਹੈ। ਜੇਕਰ ਕਿਸੇ ਬੱਚੇ ਦੀ ਲੰਬਾਈ ਜਾਂ ਵਜ਼ਨ ਇੱਕ ਮਹੀਨੇ ਤੋਂ ਦੂਜੇ ਮਹੀਨੇ ਤੱਕ ਅਸੰਭਵ ਤਰੀਕੇ ਨਾਲ ਬਦਲਦਾ ਹੈ, ਤਾਂ ਪ੍ਰਣਾਲੀ ਨੂੰ ਜਾਂਚ ਜਾਂ ਦੁਬਾਰਾ ਮਾਪਣ ਲਈ ਸੰਕੇਤ ਦੇਣਾ ਚਾਹੀਦਾ ਹੈ। ਐਪ ਵਿੱਚ ਸ਼ਾਮਲ ਛੋਟੀਆਂ ਵੀਡੀਓਜ਼ ਵਜ਼ਨ ਮਸ਼ੀਨਾਂ ਅਤੇ ਲੰਬਾਈ ਮਾਪਣ ਵਾਲੇ ਬੋਰਡ ਦੀ ਸਹੀ ਵਰਤੋਂ ਬਾਰੇ ਜਾਗਰੂਕ ਕਰ ਸਕਦੀਆਂ ਹਨ। ਇਸਦੇ ਨਾਲ ਨਾਲ, ਇਹ ਵੀ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਹਰ ਆਂਗਣਵਾੜੀ ਕੇਂਦਰ ਕੋਲ ਤਾਲਮੇਲ ਵਾਲੇ ਅਤੇ ਕੰਮ ਕਰ ਰਹੇ ਢੁਕਵੇਂ ਉਪਕਰਣ ਹੋਣ। ਇਹ ਬੁਨਿਆਦੀ ਤੱਤ ਤਰੱਕੀ ਦੀ ਨਿਗਰਾਨੀ ਦੇ ਡਾਟਾ ਦੀ ਉਪਯੋਗਤਾ ਨੂੰ ਮਜ਼ਬੂਤ ਬਣਾਉਣ ਲਈ ਲਾਜ਼ਮੀ ਹਨ।

ਪੋਸ਼ਣ ਟ੍ਰੈਕਰ ਡਾਟਾ ਦਾ ਵਿਸ਼ਲੇਸ਼ਣ ਡੈਸ਼ਬੋਰਡ ਤੋਂ ਫੈਸਲਿਆਂ ਵੱਲ ਬਦਲਾਅ ਵਿੱਚ ਮਦਦ ਕਰ ਸਕਦਾ ਹੈ। ਸਭ ਤੋਂ ਪਹਿਲਾਂ, ਸਾਨੂੰ ਇਹ ਜਾਣਨਾ ਚਾਹੀਦਾ ਹੈ ਕਿ ਕੁਪੋਸ਼ਣ ਕਦੋਂ ਹੋਣ ਦੀ ਸੰਭਾਵਨਾ ਸਭ ਤੋਂ ਵੱਧ ਹੁੰਦੀ ਹੈ—ਕਿਹੜੀ ਉਮਰ ਵਿੱਚ ਅਤੇ ਸਾਲ ਦੇ ਕਿਹੜੇ ਮਹੀਨਿਆਂ ਦੌਰਾਨ। ਕੀ ਇਹ ਜਨਮ ਵੇਲੇ ਹੁੰਦੀ ਹੈ? ਜਾਂ 0 ਤੋਂ 3 ਮਹੀਨੇ ਜਾਂ 3 ਤੋਂ 6 ਮਹੀਨੇ ਵਿੱਚ, ਜਦੋਂ ਮਾਵਾਂ ਨੂੰ ਸਿਰਫ ਮਾਂ ਦਾ ਦੁੱਧ ਦੇਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ? ਜਾਂ 6 ਮਹੀਨੇ ਤੋਂ 1 ਸਾਲ ਦੇ ਦਰਮਿਆਨ, ਜਦੋਂ ਢੁਕਵੀਂ ਅਤੇ ਸੁਰੱਖਿਅਤ ਪੂਰਕ ਖੁਰਾਕ ਦੀ ਲੋੜ ਹੁੰਦੀ ਹੈ?

ਪੋਸ਼ਣ ਟ?ਰੈਕਰ ਡਾਟਾ ਦੇ ਵਿਸ਼ਲੇਸ਼ਣ ਨਾਲ ਇਹ ਵੀ ਸਮਝ ਆ ਸਕਦੀ ਹੈ ਕਿ ਕਿਹੜੇ ਬੱਚੇ ਕੁਪੋਸ਼ਣ ਤੋਂ ਠੀਕ ਹੋ ਰਹੇ ਹਨ। ਕੀ ਕੁਝ ਜ਼ਿਲ੍ਹਿਆਂ ਦੇ ਬੱਚਿਆਂ ਵਿੱਚ ਠੀਕ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ? ਕੀ ਸਾਉਣੀ ਦੀ ਫਸਲ ਦੇ ਸੀਜ਼ਨ ਦੌਰਾਨ ਬੱਚਿਆਂ ਦੇ ਠੀਕ ਹੋਣ ਦੇ ਮੌਕੇ ਵਧਦੇ ਹਨ? ਇਸੇ ਤਰ੍ਹਾਂ, ਇਹ ਵਿਸ਼ਲੇਸ਼ਣ ਉਨ੍ਹਾਂ ਬੱਚਿਆਂ ਬਾਰੇ ਵੀ ਜਾਣਕਾਰੀ ਦੇ ਸਕਦਾ ਹੈ ਜੋ ਵਾਰ-ਵਾਰ ਜਾਂ ਲਗਾਤਾਰ ਕਮਜ਼ੋਰੀ ਦਾ ਸ਼ਿਕਾਰ ਹੁੰਦੇ ਹਨ। ਕੀ ਇਹ ਉਹ ਬੱਚੇ ਹਨ ਜੋ ਜਨਮ ਤੋਂ ਹੀ ਕਮਜ਼ੋਰ ਪੈਦਾ ਹੋਏ ਅਤੇ ਪਿੱਛੇ ਰਹਿ ਗਏ? ਕੀ ਇਹ ਉਹ ਬੱਚੇ ਹਨ ਜਿਨ੍ਹਾਂ ਨੂੰ ਘਰ ਲਈ ਰਾਸ਼ਨ ਨਿਯਮਤ ਤੌਰ 'ਤੇ ਨਹੀਂ ਮਿਲਦਾ? ਇਸ ਜਾਣਕਾਰੀ ਨਾਲ ਸਥਾਨਕ ਪੱਧਰ 'ਤੇ ਪੋਸ਼ਣ ਸੇਵਾਵਾਂ ਨੂੰ ਸੁਧਾਰਿਆ ਜਾ ਸਕਦਾ ਹੈ। ਡਾਟਾ 'ਤੇ ਭਰੋਸਾ ਵਧਾਉਣਾ ਅਗਲੇਰੀ ਕਤਾਰ ਕਾਮਿਆਂ ਦੇ ਕੰਮ ਦਾ ਬੋਝ ਘਟਾਉਣ ਲਈ ਵੀ ਮਹੱਤਵਪੂਰਨ ਹੈ। ਜਿਵੇਂ ਜਿਵੇਂ ਪ੍ਰਣਾਲੀ 'ਤੇ ਵਿਸ਼ਵਾਸ ਵਧਦਾ ਹੈ, ਹੋਰ ਆਂਗਣਵਾੜੀ ਵਰਕਰ ਐਪ ਨੂੰ ਮੁੱਖ ਰਿਕਾਰਡ ਵਜੋਂ ਵਰਤਣ ਲੱਗ ਪਏ ਹਨ। ਹਾਲਾਂਕਿ, ਕਈ ਥਾਵਾਂ 'ਤੇ ਕਾਗਜ਼ੀ ਰਜਿਸਟਰ ਡਿਜ਼ਿਟਲ ਐਂਟਰੀ ਦੇ ਨਾਲ-ਨਾਲ ਚਲਦੇ ਰਹਿੰਦੇ ਹਨ, ਜਿਹੜੇ ਕਈ ਵਾਰ ਸੰਪਰਕ ਦੀ ਸਮੱਸਿਆ ਜਾਂ ਨਿਯਮਕ ਲੋੜਾਂ ਦੇ ਕਾਰਨ ਬੈਕਅੱਪ ਵਜੋਂ ਵਰਤੇ ਜਾਂਦੇ ਹਨ। ਆਫਲਾਈਨ ਸੰਚਾਲਨ ਨੂੰ ਮਜ਼ਬੂਤ ਕਰਨਾ, ਡਾਟਾ ਦੀ ਭਰੋਸੇਯੋਗਤਾ ਨੂੰ ਸੁਧਾਰਨਾ ਅਤੇ ਡਿਜ਼ਿਟਲ-ਫਸਟ ਕਾਰਜ ਪ੍ਰਵਾਹ ਬਾਰੇ ਸਪੱਸ਼ਟਤਾ ਪ੍ਰਦਾਨ ਕਰਨਾ, ਡੁਪਲੀਕੇਟ ਰਿਪੋਰਟਿੰਗ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ। ਅਗਲੇਰੀ ਕਤਾਰ ਕਾਮਿਆਂ ਨੂੰ ਪ੍ਰਣਾਲੀ ਦੇ ਸੁਧਾਰ ਵਿੱਚ ਸ਼ਾਮਲ ਕਰਨਾ ਇਹ ਯਕੀਨੀ ਬਣਾਉਂਦਾ ਹੈ ਕਿ ਐਪ ਉਨ੍ਹਾਂ ਦੇ ਕੰਮ ਦੀ ਸਹਾਇਤਾ ਕਰੇ। ਪੋਸ਼ਣ ਟ੍ਰੈਕਰ ਇੱਕ ਭਰੋਸੇਯੋਗ ਸਾਧਨ ਹੈ ਜੋ ਸਮੇਂ ਸਿਰ ਅਤੇ ਜਾਣਕਾਰੀ ਅਧਾਰਤ ਫੈਸਲੇ ਕਰਨ ਵਿੱਚ ਮਦਦ ਕਰਦਾ ਹੈ। ਇਸਦੀ ਅਸਲ ਤਾਕਤ ਖਤਰੇ ਦੀ ਸ਼ੁਰੂਆਤੀ ਪਛਾਣ, ਤੇਜ਼ ਫਾਲੋ-ਅੱਪ ਅਤੇ ਪੋਸ਼ਣ ਸੇਵਾਵਾਂ ਦੇ ਬਿਹਤਰ ਤਾਲਮੇਲ ਨੂੰ ਯਕੀਨੀ ਬਣਾਉਣ ਵਿੱਚ ਹੈ। ਆਖਰੀ ਪੱਧਰ ਦੀ ਹਕੀਕਤ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਅਤੇ ਡਾਟਾ ਦੀ ਗੁਣਵੱਤਾ ਅਤੇ ਵਰਤੋਂ ਵਿੱਚ ਲਗਾਤਾਰ ਸੁਧਾਰਾਂ ਨਾਲ ਮਜ਼ਬੂਤ ਕੀਤਾ ਗਿਆ ਪੋਸ਼ਣ ਟ੍ਰੈਕਰ ਸਿਰਫ ਇੱਕ ਨਿਗਰਾਨੀ ਦਾ ਉਪਕਰਨ ਨਹੀਂ, ਸਗੋਂ ਪੋਸ਼ਣ ਸੇਵਾਵਾਂ ਦੀ ਮਜ਼ਬੂਤੀ ਲਈ ਇੱਕ ਅਰਥਪੂਰਨ ਸਾਧਨ ਹੈ।



**ਪ੍ਰੋ. ਲਿੰਡਸੇ ਜੈਕਸ**
**(ਲੇਖਕ ਐਡਿਨਬਰਗ ਯੂਨੀਵਰਸਿਟੀ ਵਿੱਚ ਆਲਮੀ ਸਿਹਤ ਅਤੇ ਪੋਸ਼ਣ ਸਬੰਧੀ ਪ੍ਰੋਫੈਸਰ ਹਨ।)**

# ਸਿਰਕੱਢ ਭੂਮੀ ਵਿਗਿਆਨੀ ਡਾ. ਮੁਕੰਦ ਸਿੰਘ ਬਰਾੜ ਦੀ ਸਵੈ-ਜੀਵਨੀ 'ਰੇਤਲੇ ਰਾਹਾਂ ਤੋਂ' ਲੋਕ ਅਰਪਨ

ਜ਼ਿਕਰ ਪੰਜਾਬ

**ਲੁਧਿਆਣਾ/ਤਮੰਨਾ ਬੇਦੀ**

ਪੀਏਯੂ ਦੇ ਸੇਵਾ ਮੁਕਤ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਭੂਮੀ ਵਿਗਿਆਨੀ ਡਾ. ਮੁਕੰਦ ਸਿੰਘ ਬਰਾੜ ਦੀ ਸਵੈ ਜੀਵਨੀ "ਰੇਤਲੇ ਰਾਹਾਂ ਤੋਂ" ਸ਼ਹੀਦ ਭਗਤ ਸਿੰਘ ਨਗਰ ਲੁਧਿਆਣਾ ਵਿਖੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਲੋਕ ਅਰਪਨ ਕਰਦਿਆਂ ਕਿਹਾ ਹੈ ਕਿ ਤਪਦੇ ਕੱਕੇ ਰੇਤਿਆਂ ਉੱਪਰ ਤੁਰਦੇ ਮਾਸੂਮ ਪੈਰਾਂ ਦੀਆਂ ਪੈੜਾਂ ਤਾਂ ਮਿਟ ਸਕਦੀਆਂ ਹਨ, ਪੀੜਾਂ ਨਹੀਂ। "ਰੇਤਲੇ ਰਾਹਾਂ ਤੋਂ"ਪੁਸਤਕ ਬਾਰੇ ਉਨ੍ਹਾਂ ਕਿਹਾ ਕਿ ਕੱਕੇ ਰੇਤਿਆਂ ਵਿੱਚ ਵੀ ਸੂਹਾ ਗੁਲਾਬ ਖਿੜ ਕੇ ਮਹਿਕ ਸਕਦਾ ਹੈ ਇਸ ਦੀ ਮਿਸਾਲ ਡਾ. ਮੁਕੰਦ ਸਿੰਘ ਬਰਾੜ ਦੀ ਇਹ ਸਵੈ-ਜੀਵਨੀ ਹੈ। ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਇਰ ਸਿੰਘ ਵਾਲਾ ਦੇ ਚਾਰ ਜਮਾਤਾਂ ਪਾਸ ਬਾਬਲ ਦਾ ਮਲੂਕੜਾ ਜੇਹਾ ਪੁੱਤਰ ਮੁਕੰਦ ਸਿੰਘ ਆਪਣੇ ਪਿੰਡ ਦੋ ਬੋਹੜ ਥੱਲੇ ਲੱਗਦੇ ਸਕੂਲ ਵਿੱਚੋਂ ਚਾਰ ਜਮਾਤਾਂ ਪਾਸ ਕਰਕੇ ਪਹਿਲਾਂ ਆਕਲੀਆ ਤੇ ਮਗਰੋਂ ਪੱਤੋ ਹੀਰਾ ਸਿੰਘ ਸੀਨੀਅਰ ਸੈਕੰਡਰੀ ਸਕੂਲੇ ਪਹੁੰਚ ਗਿਆ।

ਇੱਥੇ ਪੜ੍ਹਦਿਆਂ ਉਸ ਨੂੰ ਆਪਣੇ ਮਾਸੜ ਜੀ ਡਾ. ਅਮਰ ਸਿੰਘ ਧਾਲੀਵਾਲ ਦੀ ਪ੍ਰੇਰਨਾ ਤੇ ਮਾਮਾ ਜੀ ਦੇ ਪੁੱਤਰ ਸ. ਜਰਨੈਲ ਸਿੰਘ ਧਾਲੀਵਾਲ ਦੀ ਸੁਯੋਗ ਅਗਵਾਈ ਸਦਕਾ ਉਸ ਨੌਵੀਂ ਜਮਾਤ ਚੜ੍ਹਦਿਆਂ ਖੇਤੀਬਾੜੀ ਸਟਰੀਮ ਵਿੱਚ ਦਾਖ਼ਲਾ ਲੈ ਲਿਆ ਤਾਂ ਜੋ ਉਹ ਉਚੇਰੀ ਪੜ੍ਹਾਈ ਲਈ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਪਹੁੰਚ ਸਕੇ। ਇਸ ਮੌਕੇ ਬੋਲਦਿਆਂ ਪੰਜਾਬੀ ਸਾਹਿੱਤ ਅਕਾਡਮੀ ਦੇ ਮੀਤ ਪ੍ਰਧਾਨ ਤ੍ਰੈਲੋਚਨ ਲੋਚੀ ਨੇ ਕਿਹਾ ਕਿ ਇਹ ਪਾਰਦਰਸ਼ੀ ਲਿਖਤ ਸਿਰਫ਼ ਜੀਵਨ ਕਥਾ ਹੀ ਨਹੀਂ ਸਗੋਂ ਪੇਂਡੂ ਪੰਜਾਬ ਦੇ ਧੀਆਂ ਪੁੱਤਰਾਂ ਲਈ ਪ੍ਰੇਰਨਾ ਦੇਣ ਵਾਲ?ੀ ਰਚਨਾ ਹੈ। ਏਸੇ ਕਰਕੇ ਇਹ ਸਿਰਫ਼ ਉਨ੍ਹਾਂ ਦੀ ਜੀਵਨ ਕਥਾ ਹੀ ਨਹੀਂ ਸਗੋਂ ਇੱਕ ਵਿਗਿਆਨੀ ਦਾ ਰੌਚਿਕਤਾ ਭਰਪੂਰ ਲਿਖਿਆ ਜੀਵਨ-ਸਫ਼ਰਨਾਮਾ ਵੀ ਹੈ।



ਸੱਭਿਆਚਾਰਕ ਸੱਥ ਦੇ ਚੇਅਰਮੈਨ ਸ. ਜਸਮੇਰ ਸਿੰਘ ਢੱਟ ਨੇ ਕਿਹਾ ਕਿ ਲੰਮਾ ਸਮਾਂ ਅਸੀਂ ਗੁਆਂਢੀ ਰਹੇ ਹੋਣ ਕਾਰਨ ਮੈਂ ਕਹਿ ਸਕਦਾ ਹਾਂ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਪ੍ਰਤਿਨਿਧਤਾ ਕਰਦਿਆਂ ਉਨ੍ਹਾਂ ਜੋ ਕੁਝ ਜਾਣਿਆ, ਦੇਖਿਆ, ਮਾਣਿਆ, ਸਮਝਿਆ ਉਸ ਦਾ ਹੀ ਜੋੜਫ਼ਲ ਇਹ ਸਵੈਜੀਵਨੀ ਹੈ। ਨਗਰ ਨਿਗਮ ਲੁਧਿਆਣਾ ਦੇ ਜਾਇੰਟ ਕਮਿਸ਼ਨਰ ਸ. ਜਸਦੇਵ ਸਿੰਘ ਸੇਖੋਂ ਨੇ ਕਿਹਾ ਕਿ ਡਾ. ਬਰਾੜ ਦੀ ਇਸ ਪੁਸਤਕ ਵਿੱਚੋਂ ਲੰਘਦਿਆਂ ਮੈਂ ਮਹਿਸੂਸ ਕੀਤਾ ਹੈ ਕਿ ਇਹ ਪੁਸਤਕ ਜਿੱਥੇ ਭੂਮੀ ਵਿਗਿਆਨ ਦੇ ਖੇਤਰ ਵਿੱਚ ਪ੍ਰਵੇਸ਼ ਕਰਨ ਵਾਲੇ ਵਿਦਿਆਰਥੀਆਂ ਲਈ ਲਾਹੇਵੰਦ ਹੋਵੇਗੀ ਉੱਥੇ ਹਰ ਪੰਜਾਬੀ ਪਾਠਕ ਨੂੰ ਮਿਹਨਤ ਨਾਲ ਅੱਗੇ ਵਧਣ ਦੀ ਪ੍ਰੇਰਨਾ ਦੇਣ ਵਾਲੀ ਹੈ। ਨਗਰ ਨਿਗਮ ਪਾਰਸ਼ਦ ਤਨਵੀਰ ਸਿੰਘ ਧਾਲੀਵਾਲ ਨੇ ਧੰਨਵਾਦ ਦੇ ਸ਼ਬਦ ਬੋਲਦਿਆਂ ਕਿਹਾ ਕਿ ਡਾ. ਮੁਕੰਦ ਸਿੰਘ ਬਰਾੜ ਸਾਡੇ ਫੁੱਫੜ ਜੀ ਹੋਣ ਕਾਰਨ ਸਾਡੇ ਮਾਰਗ ਦਰਸ਼ਕ ਹਨ ਅਤੇ ਉਨ੍ਹਾਂ ਦੀ ਇਹ ਮੁੱਲਵਾਨ ਲਿਖਤ ਵੀ ਸਾਡੇ ਰਾਹ ਰੁਸ਼ਨਾਵੇਗੀ। ਉਹ ਭਾਵੇਂ ਲੰਮੇ ਸਮੇਂ ਤੋਂ ਐਡਮੰਟਨ(ਕੈਨੇਡਾ) ਵੱਸਦੇ ਹਨ ਪਰ ਸੰਕਟ ਦੀ ਹਰ ਘੜੀ ਅਸੀਂ ਉਨ੍ਹਾਂ ਨੂੰ ਆਪਣੇ ਅੰਗ ਸੰਗ ਮਹਿਸੂਸ ਕਰਦੇ ਹਾਂ। ਧੰਨਵਾਦ ਦੇ ਸ਼ਬਦ ਬੋਲਦਿਆਂ ਡਾ. ਮੁਕੰਦ ਸਿੰਘ ਬਰਾੜ ਨੇ ਕਿਹਾ ਕਿ ਪ੍ਰੋ. ਗੁਰਭਜਨ ਗਿੱਲ ਅਤੇ ਮੈਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿੱਚ ਲਗਪਗ 25 ਸਾਲ ਇਕੱਠਿਆਂ ਪੜ੍ਹਾਇਆ ਹੈ ਅਤੇ ਇਸੇ ਸੰਗਤ ਕਾਰਨ ਮੈਂ ਆਪਣੀ ਸਵੈ-ਜੀਵਨੀ ਲਿਖਣ ਦਾ ਸੁਪਨਾ ਪੂਰਾ ਕਰ ਸਕਿਆ ਹਾਂ। ਉਨ੍ਹਾਂ ਗੈਰ ਰਸਮੀ ਸਮਾਗਮ ਵਿੱਚ ਪੁੱਜੇ ਦੋਸਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਗਰੇਸ਼ੀਅਸ ਬੁੱਕਸ ਪਟਿਆਲਾ ਵੱਲੋਂ ਇਸ ਕਿਤਾਬ ਦਾ ਸੁੰਦਰ ਪ੍ਰਕਾਸ਼ਨ ਕੀਤਾ ਗਿਆ ਹੈ ਇਸ ਲਈ ਮੈਂ ਉਨ੍ਹਾਂ ਦਾ ਵੀ ਧੰਨਵਾਦੀ ਹਾਂ।

# ਪੰਜਾਬ ਕੇਂਦਰੀ ਯੂਨੀਵਰਸਿਟੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਰਾਸ਼ਟਰੀ ਸੈਮੀਨਾਰ ਦਾ ਆਯੋਜਨ

ਜ਼ਿਕਰ ਪੰਜਾਬ

**ਬਠਿੰਡਾ** : ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ ਦੇ ਪੰਜਾਬੀ ਵਿਭਾਗ ਵੱਲੋਂ ਇਨਟੈਕ, ਪੰਜਾਬ ਚੈਪਟਰ ਤੇ ਬਠਿੰਡਾ ਚੈਪਟਰ ਦੇ ਸਹਿਯੋਗ ਨਾਲ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਪ੍ਰੋਗਰਾਮਾਂ ਦੀ ਲੜੀ ਵਿੱਚ "ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਅਤੇ ਸ਼ਹਾਦਤ: ਸਰਬਕਾਲੀ ਸਾਰਥਿਕਤਾ"ਵਿਸ਼ੇ ਤੇ ਇੱਕ-ਰੋਜ਼ਾ ਰਾਸ਼ਟਰੀ ਸੈਮੀਨਾਰ ਦਾ ਆਯੋਜਨ 24 ਅਪ੍ਰੈਲ, 2026 ਨੂੰ ਕੀਤਾ ਗਿਆ। ਵਾਈਸ-ਚਾਂਸਲਰ ਪ੍ਰੋ. ਰਾਘਵੇਂਦਰ ਪ੍ਰਸਾਦ ਤਿਵਾਰੀ ਦੀ ਯੋਗ ਅਗਵਾਈ ਵਿੱਚ ਕਰਵਾਏ ਗਏ ਇਸ ਸੈਮੀਨਾਰ ਵਿੱਚ ਪ੍ਰਸਿੱਧ ਪੰਜਾਬੀ ਚਿੰਤਕ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪ੍ਰੋਫ਼ੈਸਰ ਆਫ਼ ਐਮੀਨੈਂਸ ਡਾ. ਮਨਮੋਹਨ ਸਿੰਘ, ਸਾਬਕਾ ਆਈਪੀਐਸ ਨੇ ਕੁੰਜੀਵਤ ਭਾਸ਼ਣ ਪੇਸ਼ ਕੀਤਾ ਅਤੇ ਸਿੱਖ ਇਨਸਾਈਕਲੋਪੀਡੀਆ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋ. ਪਰਮਵੀਰ ਸਿੰਘ ਨੇ ਵਿਸ਼ੇਸ਼ ਭਾਸ਼ਣ ਪੇਸ਼ ਕੀਤਾ। ਇਨਟੈਕ ਪੰਜਾਬ ਚੈਪਟਰ ਦੇ ਕਨਵੀਨਰ ਮੇਜਰ ਜਨਰਲ (ਸੇਵਾਮੁਕਤ) ਬਲਵਿੰਦਰ ਸਿੰਘ ਅਤੇ ਬਠਿੰਡਾ ਚੈਪਟਰ ਦੇ ਕਨਵੀਨਰ ਸ੍ਰੀ ਕੰਵਰ ਭੀਮ ਸਿੰਘ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ, ਬਠਿੰਡਾ ਦੇ ਸਾਬਕਾ ਮੁਖੀ ਪ੍ਰੋਫ਼ੈਸਰ ਡਾ. ਸਤਨਾਮ ਸਿੰਘ ਜੱਸਲ, ਪੰਜਾਬੀ ਵਿਭਾਗ, ਰਿਜਨਲ ਸੈਂਟਰ, ਬਠਿੰਡਾ ਤੋਂ ਪ੍ਰੋ. ਰਾਜਿੰਦਰ ਸਿੰਘ ਅਤੇ ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ ਦੇ ਪੰਜਾਬੀ ਅਤੇ ਡੋਗਰੀ ਵਿਭਾਗ ਦੇ ਮੁਖੀ ਪ੍ਰੋ. ਨਰੇਸ਼ ਕੁਮਾਰ ਨੇ ਵੱਖੋ-ਵੱਖ ਅਕਾਦਮਿਕ ਸੈਸ਼ਨਾਂ ਦੀ ਪ੍ਰਧਾਨਗੀ ਕੀਤੀ ਅਤੇ ਸੈਮੀਨਾਰ ਦੌਰਾਨ ਪੇਸ਼ ਹੋਏ ਖੋਜ-ਪਰਚਿਆਂ ਦਾ ਮੁਲਾਂਕਣ ਕੀਤਾ। ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਡੀਨ ਅਕਾਦਮਿਕ ਪ੍ਰੋ. ਰਾਮਾਕ੍ਰਿਸ਼ਨਾ ਵੁਸੀਰਿਕਾ ਨੇ ਕੀਤੀ। ਪ੍ਰੋਗਰਾਮ ਦੇ ਉਦਘਾਟਨੀ ਸੈਸ਼ਨ ਵਿੱਚ ਆਪਣਾ ਕੁੰਜੀਵਤ ਭਾਸ਼ਣ ਪੇਸ਼ ਕਰਦਿਆਂ ਡਾ. ਮਨਮੋਹਨ ਸਿੰਘ ਨੇ ਸ਼ਹਾਦਤ ਦੇ ਸੰਕਲਪ ਦੀ ਇਤਿਹਾਸਕ ਰੂਪਰੇਖਾ ਉਲੀਕਦਿਆਂ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ ਬਾਰੇ ਵਿਸਤ੍ਰਿਤ ਚਰਚਾ ਕੀਤੀ। ਉਨ੍ਹਾਂ ਸ਼ਹਾਦਤ ਦੇ ਸੰਕਲਪ ਨੂੰ ਵੱਖ ਵੱਖ ਧਰਮਾਂ ਦੇ ਇਤਿਹਾਸ ਦੇ ਹਵਾਲੇ ਨਾਲ ਸਮਝਦਿਆਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਵਿਲੱਖਣਤਾ ਨੂੰ ਪਛਾਣਿਆ। ਉਨ੍ਹਾਂ ਕਿਹਾ ਕਿ ਇਹ ਸ਼ਹਾਦਤ ਦੂਜੇ ਦੀ ਦੂਜਤਾ ਨੂੰ ਬਰਕਰਾਰ ਰੱਖਣ ਤੇ ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਦਾ ਪ੍ਰਤੀਉੱਤਰ ਦੇਣ ਲਈ ਦਿੱਤੀ ਗਈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਕੇਵਲ ਧਾਰਮਿਕ ਦ੍ਰਿਸ਼ਟੀ ਤੋਂ ਹੀ ਨਹੀਂ ਸਗੋਂ ਰਾਜਨੀਤਿਕ ਤੇ ਆਰਥਿਕ ਦ੍ਰਿਸ਼ਟੀ ਤੋਂ ਵੀ ਦੇਖਣ-ਸਮਝਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਿੱਖ ਜਗਤ ਦੇ ਪੱਛਮ ਤੇ ਮੱਧ ਏਸ਼ੀਆ ਵਿਚ ਲਗਾਤਾਰ ਪ੍ਰਫੁੱਲਿਤ ਵਪਾਰ ਨੂੰ ਮੁਗਲ ਹਕੂਮਤ ਨੇ ਹਰ ਜਾਇਜ਼-ਨਾਜਾਇਜ਼ ਢੰਗ ਨਾਲ ਰੋਕਣ ਦਾ ਯਤਨ ਕੀਤਾ। ਬਸਤੀਵਾਦੀ ਦੌਰ ਦੌਰਾਨ ਯੂਰਪੀ ਲੇਖਕਾਂ ਦੁਆਰਾ ਲਿਖੇ ਸਿੱਖ ਇਤਿਹਾਸ ਅਤੇ ਵਿਆਖਿਆ ਦੀਆਂ ਸੀਮਾਵਾਂ ਤੇ ਚਰਚਾ ਕਰਦਿਆਂ ਉਨ੍ਹਾਂ ਪੰਜਾਬ ਦੇ ਵਿਰਸੇ ਬਾਰੇ ਨਵੀਨ ਅੰਤਰ-ਦ੍ਰਿਸ਼ਟੀਆਂ ਦੀ ਨੁਕਤਾ-ਨਿਗਾਹ ਤੋਂ ਗੰਭੀਰ ਅਧਿਐਨ ਦੀ ਲੋੜ 'ਤੇ ਜੋਰ ਦਿੱਤਾ। ਇਸਦੇ ਨਾਲ ਹੀ ਉਨ੍ਹਾਂ ਨੇ ਨੌਵੇਂ ਗੁਰੂ ਸਾਹਿਬ ਨਾਲ ਸ਼ਹੀਦ ਹੋਏ ਸਿੱਖਾਂ ਅਤੇ ਗੁਰੂ ਘਰ ਦੇ ਹੋਰ ਅਨਿੰਨ ਸੇਵਕਾਂ ਬਾਰੇ ਵੀ ਮਹੱਤਵਪੂਰਨ ਤੱਥ ਸਾਂਝੇ ਕੀਤੇ। ਪ੍ਰੋ. ਪਰਮਵੀਰ ਸਿੰਘ ਨੇ ਆਪਣੇ ਵਿਸ਼ੇਸ਼ ਭਾਸ਼ਣ ਵਿੱਚ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਬਾਰੇ ਗੰਭੀਰ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਬਾਣੀ ਵਿਚ ਪੇਸ਼ ਕੀਤੇ ਵਿਚਾਰ ਨੂੰ ਵਿਹਾਰਕ ਪੱਧਰ ਤੇ ਲਾਗੂ ਕੀਤਾ। ਉਨ੍ਹਾਂ ਹਿੰਦੋਸਤਾਨ ਨੂੰ ਨਿਰਭੈਅਤਾ ਦਾ ਪਾਠ ਪੜਾਇਆ ਤੇ ਮੌਤ ਦੇ ਡਰ ਤੋਂ ਮੁਕਤ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਸ਼ਹਾਦਤ ਨਾਲ ਹਿੰਦੋਸਤਾਨ ਵਿਚ ਸਨਮਾਨ ਨਾਲ ਜੀਣ ਦੀ ਚੇਤਨਾ ਦਾ ਸੰਚਾਰ ਹੋਇਆ ਤੇ ਹੌਲੀ-ਹੌਲੀ ਮੁਗਲ ਹਕੂਮਤ ਦੇ ਜਬਰ ਜ਼ੁਲਮ ਦਾ ਅੰਤ ਹੋ ਗਿਆ। ਉਨ੍ਹਾਂ ਅੱਗੇ ਕਿਹਾ ਕਿ ਖਾਲਸਾ ਸਾਜਣਾ ਦੇ ਆਦਿ ਬੀਜ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿਚ ਪਏ ਹਨ। ਇੰਡੀਅਨ ਨੈਸ਼ਨਲ ਟਰੱਸਟ ਫ਼ਾਰ ਆਰਟ ਐਂਡ ਕਲਚਰਲ ਹੈਰੀਟੇਜ (ਇਨਟੈਕ) ਪੰਜਾਬ ਦੇ ਕਨਵੀਨਰ ਮੇਜਰ ਜਨਰਲ (ਸੇਵਾਮੁਕਤ) ਬਲਵਿੰਦਰ ਸਿੰਘ ਨੇ ਟਰੱਸਟ ਦੇ ਉਦੇਸ਼ਾਂ ਬਾਰੇ ਜਾਣਕਾਰੀ ਦਿੰਦੇ ਹੋਏ ਸਿੱਖ ਇਤਿਹਾਸ ਨਾਲ ਜੁੜੀਆਂ ਇਤਿਹਾਸਕ ਥਾਵਾਂ ਦੀ ਸਾਂਭ-ਸੰਭਾਲ ਅਤੇ ਸਿੱਖੀ ਸਿਧਾਂਤਾਂ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੰਮ ਕਰਨ ਦੀ ਲੋੜ ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਕੁਰਬਾਨੀਆਂ ਸਮੁੱਚੀ ਮਾਨਵਤਾ ਲਈ ਹਨ, ਪਰ ਭਾਰਤ ਅਤੇ ਭਾਰਤ ਤੋਂ ਬਾਹਰਲੇ ਬਹੁਤੇ ਲੋਕਾਂ ਨੂੰ ਇਸ ਬਾਰੇ ਜਾਣਕਾਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਆਪਣੇ ਗੌਰਵਮਈ ਇਤਿਹਾਸਕ ਵਿਰਸੇ ਪ੍ਰਤੀ ਨਵੀਂ ਪੀੜ੍ਹੀ ਨੂੰ ਜਾਗਰੂਕ ਕਰਨ ਦੀ ਲੋੜ ਹੈ। ਯੂਨੀਵਰਸਿਟੀ ਦੇ ਡੀਨ ਇੰਚਾਰਜ ਅਕਾਦਮਿਕ ਪ੍ਰੋ. ਰਾਮਾਕ੍ਰਿਸ਼ਨਾ ਵੁਸੀਰਿਕਾ ਨੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਇਹ ਸੈਮੀਨਾਰ ਕਰਵਾਉਣ ਲਈ ਪੰਜਾਬੀ ਵਿਭਾਗ ਦੀ ਪ੍ਰਸੰਸਾ ਕਰਦੇ ਹੋਏ ਯੂਨੀਵਰਸਿਟੀ ਵੱਲੋਂ ਨਵੇਂ ਸ਼ੁਰੂ ਕੀਤੇ ਜਾ ਰਹੇ ਸ੍ਰੀ ਗੁਰੂ ਤੇਗ ਬਹਾਦਰ ਸੈਂਟਰ ਆਫ਼ ਸਟੱਡੀਜ਼ ਇਨ ਇੰਡਿਕ ਸਿਵਿਲਾਈਜ਼ੇਸ਼ਨ ਐਂਡ ਰਿਲੀਜ਼ਸ ਸਟੱਡੀਜ਼ ਬਾਰੇ ਜਾਣਕਾਰੀ ਦਿੱਤੀ, ਜਿਸ ਅਧੀਨ ਐਮ.ਏ. ਧਰਮ ਅਧਿਐਨ ਅਤੇ ਐਮ.ਏ. ਸਿਵਿਲਾਈਜ਼ੇਸ਼ਨ ਸਟੱਡੀਜ਼ ਆਦਿ ਕੋਰਸ ਅਗਲੇ ਅਕਾਦਮਿਕ ਸੈਸ਼ਨ ਤੋਂ ਸ਼ੁਰੂ ਕਰਨ ਦੀ ਤਜਵੀਜ਼ ਹੈ। ਪ੍ਰੋਗਰਾਮ ਦੇ ਅਕਾਦਮਿਕ ਸੈਸ਼ਨਾਂ ਲਈ 70 ਤੋਂ ਵਧੇਰੇ ਰਜਿਸਟ?ਰੇਸ਼ਨਾਂ ਪ੍ਰਾਪਤ ਹੋਈਆਂ ਅਤੇ ਤਿੰਨ ਅਕਾਦਮਿਕ ਸੈਸ਼ਨਾਂ ਦੌਰਾਨ ਚੋਣਵੇਂ ਪਰਚੇ ਪੜ੍ਹੇ ਗਏ। ਪਰਚਾ ਲੇਖਕਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਬਾਣੀ ਅਤੇ ਸ਼ਹਾਦਤ ਦੇ ਵਿਭਿੰਨ ਪੱਖਾਂ ਬਾਰੇ ਖੋਜ ਭਰਪੂਰ ਪੇਸ਼ਕਾਰੀਆਂ ਕੀਤੀਆਂ। ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਪ੍ਰੋ. ਸਤਨਾਮ ਸਿੰਘ ਜੱਸਲ ਨੇ ਭਾਈ ਜੈਤਾ ਜੀ ਦੀ ਗੁਰੂ ਸਾਹਿਬ ਦੇ ਪਾਵਨ ਸੀਸ ਨੂੰ ਕੀਰਤਪੁਰ ਸਾਹਿਬ ਤਕ ਲੈ ਜਾਣ ਦੇ ਸਫ਼ਰ ਬਾਰੇ ਚਰਚਾ ਕੀਤੀ।



ਦੂਸਰੇ ਅਕਾਦਮਿਕ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਪ੍ਰੋ. ਰਾਜਿੰਦਰ ਸਿੰਘ ਨੇ ਗੁਰੂ ਸਾਹਿਬ ਦੀ ਸ਼ਹਾਦਤ ਦੀ ਵਿਲੱਖਣਤਾ ਤੇ ਚਰਚਾ ਕੀਤੀ ਤੇ ਕਿਹਾ ਕਿ ਇਹ ਸ਼ਹਾਦਤ ਵਿਸ਼ਵ ਇਤਿਹਾਸ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਵੱਲ ਚੁੱਕਿਆ ਜਾਣ ਵਾਲਾ ਪਹਿਲਾ ਕਦਮ ਸੀ। ਤੀਸਰੇ ਆਨਲਾਈਨ ਸੈਸ਼ਨ ਵਿੱਚ ਪ੍ਰੋ. ਨਰੇਸ਼ ਕੁਮਾਰ ਨੇ ਪਰਚਾ ਲੇਖਕਾਂ ਨੂੰ ਆਪਣੇ ਖੋਜ-ਪੱਤਰਾਂ ਨੂੰ ਹੋਰ ਵਧੀਆ ਬਣਾਉਣ ਲਈ ਹਵਾਲਿਆਂ ਅਤੇ ਪ੍ਰਮਾਣਾਂ ਦੇ ਅਧਾਰ ਤੇ ਆਪਣੀ ਗੱਲ ਰੱਖਣ ਲਈ ਸੁਚੇਤ ਕੀਤਾ। ਇਸਤੋਂ ਪਹਿਲਾਂ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਵਿਭਾਗ ਮੁਖੀ ਡਾ. ਅਮਨਦੀਪ ਸਿੰਘ ਨੇ ਸਭ ਦਾ ਸਵਾਗਤ ਕੀਤਾ ਅਤੇ ਪ੍ਰੋ. ਰਮਨਪ੍ਰੀਤ ਕੌਰ ਨੇ ਸੈਮੀਨਾਰ ਬਾਰੇ ਜਾਣ-ਪਛਾਣ ਕਰਵਾਈ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਡਾ. ਸਰਬਜੀਤ ਸਿੰਘ ਨੇ ਨਿਭਾਈ। ਸਹਾਇਕ ਪ੍ਰੋਫ਼ੈਸਰ ਡਾ. ਸਤਪ੍ਰੀਤ ਸਿੰਘ ਜੱਸਲ ਅਤੇ ਗੁਰਪ੍ਰੀਤ ਕੌਰ ਨੇ ਧੰਨਵਾਦ ਦਾ ਪ੍ਰਸਤਾਵ ਪੇਸ਼ ਕੀਤਾ। ਇਸ ਤੋਂ ਇਲਾਵਾ ਪੰਜਾਬੀ ਵਿਭਾਗ ਦੇ ਖੋਜਾਰਥੀਆਂ ਅਤੇ ਵਿਦਿਆਰਥੀਆਂ ਨੇ ਪ੍ਰੋਗਰਾਮ ਦੇ ਆਯੋਜਨ ਵਿੱਚ ਸਰਗਰਮ ਭੂਮਿਕਾ ਨਿਭਾਈ। ਇਸ ਮੌਕੇ ਤੇ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਮੁਖੀ, ਅਧਿਆਪਕ, ਖੋਜਾਰਥੀ ਅਤੇ ਵਿਦਿਆਰਥੀ ਹਾਜ਼ਰ ਸਨ ਅਤੇ ਨੇੜਲੇ ਕਾਲਜਾਂ, ਯੂਨੀਵਰਸਿਟੀਆਂ ਤੋਂ ਅਧਿਆਪਕ ਅਤੇ ਵਿਦਿਆਰਥੀਆਂ ਤੋਂ ਇਲਾਵਾ ਇਨਟੈਕ ਬਠਿੰਡਾ ਦੇ ਮੈਂਬਰ ਵੀ ਸੈਮੀਨਾਰ ਵਿੱਚ ਹਿੱਸਾ ਲੈਣ ਲਈ ਪਹੁੰਚੇ ਸਨ।

# ਵਿਦਿਆਰਥੀਆਂ ਦੇ ਭਵਿੱਖ ਨੂੰ ਨਜਰਅੰਦਾਜ ਕਰਦਿਆਂ, ਅਧਿਆਪਕਾਂ ਨੂੰ ਜਨਗਣਨਾ ਦੀਆਂ ਡਿਊਟੀਆਂ ਉੱਪਰ ਲਗਾਉਣ 'ਤੇ ਦੀਵਾਨ ਨੇ ਕੀਤੀ ਪੰਜਾਬ ਸਰਕਾਰ ਦੀ ਨਿੰਦਾ

ਜ਼ਿਕਰ ਪੰਜਾਬ

**ਲੁਧਿਆਣਾ** : ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਪੰਜਾਬ ਸਰਕਾਰ ਵੱਲੋਂ ਹਜ਼ਾਰਾਂ ਸਰਕਾਰੀ ਸਕੂਲ ਅਧਿਆਪਕਾਂ ਨੂੰ ਜਨਗਣਨਾ ਦੀ ਡਿਊਟੀ ਲਈ ਤਾਇਨਾਤ ਕਰਨ ਦੇ ਫੈਸਲੇ ਦੀ ਸਖ਼ਤ ਆਲੋਚਨਾ ਕੀਤੀ ਹੈ। ਉਨ੍ਹਾਂ ਨੇ ਇਸਨੂੰ ਇਕ ਲਾਪਰਵਾਹੀ ਭਰਿਆ ਕਦਮ ਕਰਾਰ ਦਿੱਤਾ ਹੈ, ਜਿਹੜਾ ਸੂਬੇ ਦੀ ਸਿੱਖਿਆ ਪ੍ਰਣਾਲੀ ਨੂੰ ਕਮਜ਼ੋਰ ਕਰਦਾ ਹੈ ਅਤੇ ਵਿਦਿਆਰਥੀਆਂ ਤੇ ਮਾਪਿਆਂ ਦੇ ਭਰੋਸੇ ਨਾਲ ਧੋਖਾ ਹੈ। ਇੱਥੇ ਜਾਰੀ ਇੱਕ ਬਿਆਨ ਵਿੱਚ, ਦੀਵਾਨ ਨੇ ਕਿਹਾ ਕਿ ਸਰਕਾਰ ਵੱਲੋਂ ਵਾਰ-ਵਾਰ ਅਧਿਆਪਕਾਂ ਨੂੰ ਜਮਾਤਾਂ ਤੋਂ ਕੱਢ ਕੇ ਪ੍ਰਸ਼ਾਸਨਿਕ ਕੰਮਾਂ ਵਿੱਚ ਲਗਾਉਣਾ "ਅਕਾਦਮਿਕ ਤਰਜੀਹਾਂ ਪ੍ਰਤੀ ਨਿਰਦਈ ਬੇਪਰਵਾਹੀ"ਨੂੰ ਦਰਸਾਉਂਦਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਫੈਸਲਾ ਪੰਜਾਬ ਦੇ ਉਹਨਾਂ ਸਕੂਲਾਂ ਦੀ ਸਮੱਸਿਆ ਨੂੰ ਹੋਰ ਗੰਭੀਰ ਕਰਦਾ ਹੈ, ਜਿਹੜੇ ਪਹਿਲਾਂ ਹੀ ਸਟਾਫ ਦੀ ਘਾਟ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਸਾਡੇ ਬੱਚਿਆਂ ਨੂੰ ਜਮਾਤਾਂ ਵਿੱਚ ਅਧਿਆਪਕਾਂ ਦੀ ਲੋੜ ਹੈ, ਜਨਗਣਨਾ ਡੈਸਕਾਂ 'ਤੇ ਨਹੀਂ। ਇਹ ਸਰਕਾਰ ਪ੍ਰਸ਼ਾਸਨਿਕ ਸੁਵਿਧਾ ਲਈ ਸਿੱਖਿਆ ਦੀ ਕੁਰਬਾਨੀ ਦੇ ਰਹੀ ਹੈ। ਦੀਵਾਨ ਨੇ ਖੁਲਾਸਾ ਕੀਤਾ ਕਿ ਅਧਿਆਪਕ ਪਹਿਲਾਂ ਹੀ ਸਿਲੇਬਸ ਪੂਰਾ ਕਰਨ, ਰਿਮੀਡੀਅਲ ਕਲਾਸਾਂ ਅਤੇ ਇਮਤਿਹਾਨੀ ਤਿਆਰੀ ਕਾਰਨ ਬੋਝ ਹੇਠ ਹਨ। ਅਜਿਹੇ ਵਿੱਚ, ਉਨ੍ਹਾਂ ਨੂੰ ਅਕਸਰ ਦੇਰ ਸ਼ਾਮ ਤੱਕ ਚੱਲਣ ਵਾਲੀਆਂ ਜਨਗਣਨਾ ਡਿਊਟੀਆਂ ਦੇਣ ਨਾਲ ਅਗਲੀ ਪੜ੍ਹਾਈ ਵਾਸਤੇ ਯੋਜਨਾ ਬਣਾਉਣ ਲਈ ਜਾਂ ਫਿਰ ਵਿਦਿਆਰਥੀਆਂ ਦੀ ਮਦਦ ਲਈ ਸਮਾਂ ਨਹੀਂ ਬਚਦਾ ਹੈ। ਉਨ੍ਹਾਂ ਕਿਹਾ ਕਿ ਇਹ ਸ਼ਾਸਨ ਨਹੀਂ, ਸਿੱਖਿਆ ਕਰਮਚਾਰੀਆਂ ਦਾ ਸ਼ੋਸ਼ਣ ਹੈ। ਇਹ ਕਦਮ ਸਰਕਾਰ ਦੀ ਇਸ ਨਾਕਾਮੀ ਨੂੰ ਬੇਨਕਾਬ ਕਰਦਾ ਹੈ ਕਿ ਅਜਿਹੇ ਰਾਸ਼ਟਰੀ ਅਭਿਆਨਾਂ ਲਈ ਵੱਖਰੇ ਮੁਲਾਜ਼ਮ ਤਿਆਰ ਨਹੀਂ ਕੀਤੇ ਗਏ। ਦੀਵਾਨ ਨੇ ਪੰਜਾਬ ਭਰ ਦੇ ਅਧਿਆਪਕ ਯੂਨੀਅਨਾਂ ਅਤੇ ਮਾਪਿਆਂ ਦੀਆਂ ਚਿੰਤਾਵਾਂ ਨਾਲ ਵੀ ਸਹਿਮਤੀ ਜਤਾਈ ਹੈ, ਜਿਨ੍ਹਾਂ ਨੇ ਮੰਗ ਕੀਤੀ ਸੀ ਕਿ ਇਸ ਕੰਮ ਲਈ ਰਿਟਾਇਰਡ ਕਰਮਚਾਰੀਆਂ ਜਾਂ ਠੇਕਾ ਅਧਾਰਿਤ ਕਰਮਚਾਰੀਆਂ ਨੂੰ ਲਗਾਇਆ ਜਾਵੇ। ਉਨ੍ਹਾਂ ਨੇ ਪੁੱਛਿਆ ਕਿ ਸਾਡੀ ਸਿੱਖਿਆ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਰੈਗੂਲਰ ਅਧਿਆਪਕਾਂ ਨੂੰ ਚਾਕ ਅਤੇ ਜਨਗਣਨਾ ਫਾਰਮ ਦੋਵੇਂ ਕਿਉਂ ਸੰਭਾਲਣੇ ਪੈਣ ਰਹੇ ਹਨ? ਸਰਕਾਰ ਨੂੰ ਇਨ੍ਹਾਂ ਨਾਲ ਕਲਰਕੀ ਸਟਾਫ ਵਾਂਗ ਵਤੀਰਾ ਕਰਨਾ ਬੰਦ ਕਰਨਾ ਚਾਹੀਦਾ ਹੈ। ਇਸ ਮੌਕੇ ਜਨਗਣਨਾ ਦੇ ਡਾਟੇ ਦੀ ਭਲਾਈ ਯੋਜਨਾਵਾਂ ਲਈ ਮਹੱਤਤਾ ਨੂੰ ਮੰਨਦੇ ਹੋਇਆਂ, ਦੀਵਾਨ ਨੇ ਕਿਹਾ ਕਿ ਸਰਕਾਰ ਇਸ ਤਾਇਨਾਤੀ ਕਾਰਨ ਹੋ ਰਹੇ ਅਕਾਦਮਿਕ ਨੁਕਸਾਨ ਨੂੰ ਅਣਗੌਲਿਆ ਨਹੀਂ ਕਰ ਸਕਦੀ ਹੈ। ਸਿੱਖਿਆ ਕੋਈ ਸਾਈਡ ਡਿਊਟੀ ਨਹੀਂ ਹੈ। ਸਗੋਂ ਇਹ ਪੰਜਾਬ ਦੇ ਭਵਿੱਖ ਦੀ ਨੀਂਹ ਹੈ।



ਅਧਿਆਪਕਾਂ ਨੂੰ ਪਾਸੇ ਕਰਕੇ ਆਪ ਸਰਕਾਰ ਸਾਡੇ ਬੱਚਿਆਂ ਦੇ ਭਵਿੱਖ ਨੂੰ ਪਾਸੇ ਕਰ ਰਹੀ ਹੈ। ਦੀਵਾਨ ਨੇ ਤੁਰੰਤ ਸੁਧਾਰਾਤਮਕ ਕਦਮ ਚੁੱਕਣ ਦੀ ਮੰਗ ਕੀਤੀ ਹੈ, ਜਿਸ ਵਿੱਚ ਅਧਿਆਪਕਾਂ ਨੂੰ ਜਨਗਣਨਾ ਕੰਮ ਤੋਂ ਵਾਪਸ ਬੁਲਾਉਣਾ ਅਤੇ ਵਿਕਲਪਕ ਮਨੁੱਖੀ ਬਲ ਦੀ ਤਾਇਨਾਤੀ ਸ਼ਾਮਲ ਹੈ। ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਸਰਕਾਰ ਨੂੰ ਫੈਸਲਾ ਕਰਨਾ ਪਵੇਗਾ, ਕਿ ਜਾਂ ਤਾਂ ਕਲਾਸਰੂਮਾਂ ਦੀ ਰੱਖਿਆ ਕਰੋ ਜਾਂ ਮੰਨੋ ਕਿ ਤੁਸੀਂ ਸਿੱਖਿਆ ਨੂੰ ਛੱਡ ਦਿੱਤਾ ਹੈ। ਪੰਜਾਬ ਦੇ ਲੋਕ ਇਸ ਧੋਖੇ ਨੂੰ ਕਦੇ ਮੁਆਫ ਨਹੀਂ ਕਰਨਗੇ।

# ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਗੌਰਵਮਈ ਇਤਿਹਾਸ ਸਿਰਜਣ ਵਾਲੇ ਮਹਾਨ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਕੀਤੀ ਸਰਹਿੰਦ ਫਤਿਹ 'ਤੇ 12 ਮਈ ਨੂੰ ਹੋਵੇਗਾ ਵਿਸ਼ਾਲ ਫਤਿਹ ਮਾਰਚ : ਬਾਵਾ

## ਕਿਹਾ, ਲੁਧਿਆਣਾ ਖੇਤੀਬਾੜੀ ਯੂਨੀਵਰਸਿਟੀ ਦਾ ਨਾਮ ਕਿਸਾਨੀ ਦੇ ਮੁਕਤੀਦਾਤਾ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਮ 'ਤੇ ਰੱਖਿਆ ਜਾਵੇ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਵੱਲੋਂ ਸਤਲੁਜ ਕਲੱਬ ਲੁਧਿਆਣਾ ਵਿਖੇ ਵਿਸ਼ੇਸ਼ ਪ੍ਰੈੱਸ ਮਿਲਨੀ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਕੁਲਦੀਪ ਸਿੰਘ , ਅਸ਼ਵਨੀ ਮਹੰਤ, ਸੁਰਿੰਦਰਪਾਲ ਸਿੰਘ ਬਿੰਦਰਾ, ਵਿਵੇਕ ਸ਼ਰਮਾ, ਪ੍ਰਿੰਸ ਗੁਪਤਾ, ਕਰਨੈਲ ਸਿੰਘ ਗਿੱਲ, ਹੇਮਰਾਜ ਗੋਇਲ, ਗੌਰਵ ਜੈਨ, ਜਸਵੰਤ ਸਿੰਘ ਛਾਪਾ, ਇਕਬਾਲ ਸਿੰਘ ਗਿੱਲ ਰਿਟਾ. ਆਈ.ਪੀ.ਐੱਸ, ਵਿਪਨ ਡਾਬਰ, ਸੋਨੀਆ ਅਰੋੜਾ , ਕਮਲਦੀਪ ਕੌਰ ਨੇ ਕੀਤੀ। ਇਸ ਸਮੇਂ ਬੋਲਦੇ ਸ਼੍ਰੀ ਬਾਵਾ ਨੇ ਕਿਹਾ ਕਿ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਗੌਰਵਮਈ ਇਤਿਹਾਸ ਸਿਰਜਣ ਵਾਲੇ ਮਹਾਨ ਯੋਧੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ 12 ਮਈ 1710 ਨੂੰ ਚੱਪੜਚਿੜੀ ਦੇ ਮੈਦਾਨ ਵਿੱਚ ਵਜ਼ੀਰ ਖਾਂ ਦਾ ਖਾਤਮਾ ਕਰਕੇ ਜੋ ਸਰਹਿੰਦ ਫਤਿਹ ਕਰਕੇ ਇਤਿਹਾਸ ਸਿਰਜਿਆ ਹੈ ਉਸ ਦਾ 316ਵਾਂ ਦਿਹਾੜਾ ਵਿਸ਼ਾਲ ਫਤਿਹ ਮਾਰਚ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਤੋਂ 12 ਮਈ ਨੂੰ ਸਵੇਰੇ 9 ਵਜੇ ਆਰੰਭ ਕਰਕੇ ਵੱਖ-ਵੱਖ ਸਥਾਨਾਂ 'ਤੇ ਪੜਾਅ ਕਰਦਾ ਹੋਇਆ 10 ਵਜੇ ਲੁਧਿਆਣਾ ਘੁਮਾਰ ਮੰਡੀ ਪਹੁੰਚੇਗਾ ਜਿਸ ਦੇ ਸਵਾਗਤ ਘੁਮਾਰ ਮੰਡੀ ਐਸੋਸੀਏਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਆਹਲੂਵਾਲੀਆ ਨੇ ਸਭ ਤਿਆਰੀਆਂ ਕਰਨ ਦੀ ਜਿੰਮੇਵਾਰੀ ਸੰਭਾਲੀ ਹੈ। ਫਿਰ ਗੁਰਦੁਆਰਾ ਸਾਹਿਬ ਦੁੱਖ ਨਿਵਾਰਨ ਅਤੇ ਗੁਰਦੁਆਰਾ ਸ਼ਹੀਦਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਰਾਜਪੂਤ ਸਭਾ ਵੱਲੋਂ ਵੀ ਕੁਲਵੰਤ ਸਿੰਘ ਦੀ ਸਰਪ੍ਰਸਤੀ ਹੇਠ ਫਤਿਹ ਮਾਰਚ ਦੀ ਰੂਪਰੇਖਾ ਤਿਆਰ ਕੀਤੀ ਜਾ ਰਹੀ ਹੈ। ਉਪਰੰਤ ਇਹ ਫਤਿਹ ਮਾਰਚ ਗੁਰਦੁਆਰਾ ਸਾਹਿਬ ਸਾਹਨੇਵਾਲ ਤੋਂ ਕਹਾੜਾ ਹੁੰਦਾ ਵੱਖ ਵੱਖ ਸਥਾਨਾਂ 'ਤੇ ਰੁਕਦਾ ਹੋਇਆ ਚੱਪੜਚਿੜੀ ਦੇ ਇਤਿਹਾਸਿਕ ਮੈਦਾਨ ਵਿੱਚ ਪਹੁੰਚੇਗਾ। ਇਸ ਸਮੇਂ ਇਕਬਾਲ ਸਿੰਘ ਗਿੱਲ ਨੇ ਮੰਗ ਕੀਤੀ ਕਿ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦਾ ਨਾਮ ਬਾਬਾ ਬੰਦਾ ਸਿੰਘ ਬਹਾਦਰ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਰੱਖਿਆ ਜਾਵੇ। ਉਹਨਾਂ ਕਿਹਾ ਕਿ ਕਿਸਾਨੀ ਦੇ ਮੁਕਤੀਦਾਤਾ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਹੀ ਅੱਜ ਦੇ ਕਿਸਾਨਾਂ ਨੂੰ ਮੁਜਾਰਿਆਂ ਤੋਂ ਜਮੀਨਾਂ ਦੇ ਮਾਲਕ ਬਣਾਇਆ। ਪਹਿਲੇ ਸਿੱਖ ਲੋਕਰਾਜ ਦੀ ਨੀਹ ਰੱਖੀ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਸਿੱਕਾ ਅਤੇ ਮੋਹਰ ਜਾਰੀ ਕੀਤੀ। ਇਸ ਸਮੇਂ ਸਮੁੱਚੇ ਫਤਿਹ ਮਾਰਚ ਦੇ ਕਨਵੀਨਰ ਜਸਵੰਤ ਸਿੰਘ ਛਾਪਾ ਨੇ ਦੱਸਿਆ ਕਿ 12 ਮਈ ਨੂੰ ਚੱਪੜਚਿੜੀ ਵਿਖੇ ਹੀ ਸਮਾਗਮ ਦੀ ਸਮਾਪਤੀ ਹੋਵੇਗੀ ਜਦ ਕਿ 14 ਮਈ ਨੂੰ ਸਰਹਿੰਦ (ਫਤਿਹਗੜ੍ਹ ਸਾਹਿਬ) ਵਿਖੇ ਬਾਬਾ ਬੰਦਾ ਸਿੰਘ ਬਹਾਦਰ ਇੰਜੀ. ਕਾਲਜ ਵਿਚ ਪ੍ਰਿੰਸੀਪਲ ਲਖਵੀਰ ਸਿੰਘ ਦੀ ਸਰਪ੍ਰਸਤੀ ਹੇਠ ਸਰਹਿੰਦ ਫਤਿਹ 'ਤੇ ਸੈਮੀਨਾਰ ਹੋਵੇਗਾ ਅਤੇ ਇਤਿਹਾਸਿਕ ਅਸਥਾਨ ਜਿੱਥੇ ਬਾਬਾ ਬੰਦਾ ਸਿੰਘ ਬਹਾਦਰ ਜੀ ਫਹਿਤ ਦਾ ਝੰਡਾ ਲਹਿਰਾਇਆ ਸੀ ਉਸੇ ਅਸਥਾਨ 'ਤੇ ਨਹਿੰਗ ਸਿੰਘ ਫੌਜਾਂ ਦੀ ਸਰਪ੍ਰਸਤੀ ਹੇਠ ਫਤਿਹ ਦਾ ਝੰਡਾ ਲਹਿਰਾਇਆ ਜਾਵੇਗਾ।



# ਇੰਟਰ ਮੀਡੀਆ ਪਬਲਿਸਿਟੀ ਕੋਆਰਡੀਨੇਸ਼ਨ ਕਮੇਟੀ ਮੀਟਿੰਗ ਵਿੱਚ ਸਰਕਾਰ ਦੀ ਖਾਸ ਪਹਿਲਕਦਮੀਆਂ ਲਈ ਪ੍ਰਚਾਰ ਪ੍ਰਸਾਰ ਰਣਨੀਤੀ ਨੂੰ ਮਜ਼ਬੂਤ ਕਰਨ ਦਾ ਸੱਦਾ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

**ਸਰਕਾਰੀ ਸਕੀਮਾਂ ਬਾਰੇ ਗਲਤ ਜਾਣਕਾਰੀ ਨਾਲ ਨਜਿੱਠਣ ਲਈ ਮੀਡੀਆ ਦੇ ਸੰਯੁਕਤ ਯਤਨਾਂ 'ਤੇ ਜ਼ੋਰ**

ਭਾਰਤ ਸਰਕਾਰ ਦੇ ਪ੍ਰੈੱਸ ਇਨਫੋਰਮੇਸ਼ਨ ਬਿਊਰੋ (ਪੀਆਈਬੀ) ਨੇ ਕੇਂਦਰ ਸਰਕਾਰ ਦੇ ਵਿਸ਼ੇਸ਼ ਪ੍ਰੋਗਰਾਮਾਂ ਲਈ ਪ੍ਰਚਾਰ ਅਤੇ ਸੰਚਾਰ ਰਣਨੀਤੀ ਨੂੰ ਬਿਹਤਰ ਬਣਾਉਣ 'ਤੇ ਵਿਚਾਰ ਵਟਾਂਦਰੇ ਲਈ ਇੰਟਰ ਮੀਡੀਆ ਪਬਲਿਸਿਟੀ ਕੋਆਰਡੀਨੇਸ਼ਨ ਕਮੇਟੀ ਦੀ ਇੱਕ ਮੀਟਿੰਗ ਆਯੋਜਿਤ ਕੀਤੀ। ਮੀਟਿੰਗ ਵਿੱਚ ਜਨਗਣਨਾ ਅਤੇ ਪੈਟਰੋਲੀਅਮ ਅਤੇ ਐੱਲਪੀਜੀ ਦੀ ਉਪਲਬਧਤਾ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਇਹ ਮੀਟਿੰਗ ਹਰਿਆਣਾ ਜਨਗਣਨਾ ਸੰਚਾਲਨ ਡਾਇਰੈਕਟੋਰੇਟ, ਜਨਗਣਨਾ ਭਵਨ, ਸੈਕਟਰ-19 ਚੰਡੀਗੜ੍ਹ ਵਿੱਚ ਹੋਈ। ਮੀਟਿੰਗ ਵਿੱਚ ਕੇਂਦਰ ਅਤੇ ਰਾਜ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਹਿੱਸਾ ਲਿਆ। ਲੋਕਾਂ ਨੂੰ ਸੰਬੋਧਨ ਕਰਦੇ ਹੋਏ, ਹਰਿਆਣਾ ਦੇ ਜਨਗਣਨਾ ਡਾਇਰੈਕਟੋਰੇਟ ਦੇ ਡਾਇਰੈਕਟਰ ਡਾ. ਲਲਿਤ ਜੈਨ ਨੇ ਰਾਜ ਵਿੱਚ ਜਨਗਣਨਾ ਗਤੀਵਿਧੀਆਂ ਵਿੱਚ ਮਦਦ ਕਰਨ ਅਤੇ ਜ਼ਿਆਦਾ ਲੋਕਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਰਾਜ ਵਿੱਚ ਚਲ ਰਹੇ ਆਊਟਰੀਚ ਪ੍ਰੋਗਰਾਮਾਂ ਦਾ ਵੇਰਵਾ ਦਿੱਤਾ। ਪੈਟਰੋਲੀਅਮ ਸਪਲਾਈ ਨਾਲ ਜੁੜੀ ਜਾਗਰੂਕਤਾ ਵਧਾਉਣ ਬਾਰੇ ਜਾਣਕਾਰੀ ਦਿੰਦੇ ਹੋਏ, ਇੰਡੀਅਨ ਆਇਲ ਕਾਰਪੋਰੇਸ਼ਨ ਲਿਮਿਟੇਡ ਦੇ ਜਨਰਲ ਮੈਨੇਜਰ, ਅੰਜਨੀ ਕੁਮਾਰ ਨੇ ਖੇਤਰ ਵਿੱਚ ਪੈਟਰੋਲੀਅਮ ਅਤੇ ਐਲਪੀਜੀ ਦੀ ਉਪਲਬਧਤਾ ਅਤੇ ਸਪਲਾਈ ਬਾਰੇ ਮੌਜੂਦਾ ਸਥਿਤੀ ਸਪਸ਼ਟ ਕੀਤੀ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਬਿਨਾਂ ਕਿਸੇ ਰੁਕਾਵਟ ਦੇ ਕੰਜਿਊਮਰ ਦੀ ਡਿਮਾਂਡ ਪੂਰੀ ਕਰਨ ਲਈ ਸਾਰੇ ਰਿਟੇਲ ਆਊਟਲੈਟਸ ਅਤੇ ਐਲਪੀਜੀ ਡਿਸਟ੍ਰੀਬਿਊਟਰਸ 'ਤੇ ਕਾਫੀ ਸਟੌਕ ਉਪਲਬਧ ਹੈ। ਕੁਮਾਰ ਨੇ ਇੰਡੀਅਨ ਆਇਲ ਦੁਆਰਾ ਐੱਲਪੀਜੀ ਅਤੇ ਪੈਟਰੋਲੀਅਮ ਦੀ ਪੈਨਿਕ ਖਰੀਦ ਅਤੇ ਜਮ੍ਹਾਖੋਰੀ ਨੂੰ ਰੋਕਣ ਲਈ ਚਲਾਏ ਜਾ ਰਹੇ ਜਾਗਰੂਕਤਾ ਅਭਿਆਨਾਂ ਬਾਰੇ ਵੀ ਦੱਸਿਆ ਅਤੇ ਵਿਭਾਗਾਂ ਤੋਂ ਜਨਤਾ ਤੱਕ ਸਹੀ ਜਾਣਕਾਰੀ ਪਹੁੰਚਾਉਣ ਵਿੱਚ ਮਦਦ ਕਰਨ ਦੀ ਅਪੀਲ ਕੀਤੀ। ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ, ਪ੍ਰੈੱਸ ਇਨਫੋਰਮੇਸ਼ਨ ਬਿਊਰੋ ਅਤੇ ਸੈਂਟਰਲ ਬਿਊਰੋ ਆਫ਼ ਕਮਿਊਨੀਕੇਸ਼ਨ, ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੀ ਡਿਪਟੀ ਡਾਇਰੈਕਟਰ, ਸੁਸ਼੍ਰੀ ਸਪਨਾ ਨੇ ਸਰਕਾਰੀ ਯੋਜਨਾਵਾਂ ਨੂੰ ਅੰਤਿਮ ਸਿਰ੍ਹੇ ਤੱਕ ਪਹੁੰਚਾਉਣ ਵਿੱਚ ਏਕੀਕ੍ਰਿਤ ਮੀਡੀਆ ਆਊਟਰੀਚ ਪ੍ਰੋਗਰਾਮਾਂ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੱਤਾ। ਪੀਆਈਬੀ ਅਤੇ ਸੀਬੀਸੀ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਉਨ੍ਹਾਂ ਨੇ ਸਾਰੇ ਵਿਭਾਗਾਂ ਨੂੰ ਟਾਰਗੇਟਿਡ ਪਬਲਿਸਿਟੀ ਮੁਹਿੰਮ ਤਿਆਰ ਕਰਨ, ਸਥਾਨਕ ਭਾਸ਼ਾਵਾਂ 'ਤੇ ਕੰਟੈਂਟ ਬਣਾਉਣ ਅਤੇ ਜਨਗਣਨਾ ਦੀਆਂ ਗਤੀਵਿਧੀਆਂ ਅਤੇ ਪੈਟਰੋਲੀਅਮ ਸੰਭਾਲ ਜਿਹੀਆਂ ਵਿਸ਼ੇਸ਼ ਮੁਹਿੰਮਾਂ ਵਧਾਉਣ ਵਿੱਚ ਪੂਰਾ ਸਪੋਰਟ ਦੇਣ ਦਾ ਭਰੋਸਾ ਦਿਵਾਇਆ। ਇਸ ਤੋਂ ਪਹਿਲਾਂ, ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੀ ਪੀਆਈਬੀ ਅਤੇ ਸੀਬੀਸੀ ਦੀ ਅਸਿਸਟੈਂਟ ਡਾਇਰੈਕਟਰ ਸੁਸ਼੍ਰੀ ਸ਼ੀਨਮ ਜੈਨ ਨੇ ਟ੍ਰਾਈਸਿਟੀ ਦੇ ਵੱਖ-ਵੱਖ ਸੈਂਟਰਲ ਗਵਰਨਮੈਂਟ ਡਿਪਾਰਟਮੈਂਟ ਦੇ ਪ੍ਰਤੀਨਿਧੀਆਂ ਦਾ ਸੁਆਗਤ ਕੀਤਾ ਅਤੇ ਮਿਲ ਕੇ ਪ੍ਰਵੰਚਾਰ ਪ੍ਰਸਾਰ ਦੀਆਂ ਕੋਸ਼ਿਸ਼ਾਂ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ। ਮੀਟਿੰਗ ਦੌਰਾਨ, ਮੈਂਬਰਾਂ ਨੇ ਸੰਚਾਰ ਨੂੰ ਅਸਰਦਾਰ ਬਣਾਉਣ ਲਈ ਆਪਣੀ ਰਾਏ ਅਤੇ ਸੁਝਾਅ ਸ਼ੇਅਰ ਕੀਤੇ। ਉਨ੍ਹਾਂ ਨੇ ਆਪਣੇ-ਆਪਣੇ ਡਿਪਾਰਟਮੈਂਟ ਦੁਆਰਾ ਹਾਲ ਹੀ ਵਿੱਚ ਸ਼ੁਰੂ ਕੀਤੀ ਗਈ ਪਬਲਿਸਿਟੀ ਦੀ ਪਹਿਲ 'ਤੇ ਅਪਡੇਟ ਵੀ ਦਿੱਤੇ ਅਤੇ ਆਉਣ ਵਾਲੇ ਮਹੀਨਿਆਂ ਲਈ ਪਲਾਨ ਕੀਤੀ ਗਈ ਐਕਟੀਵਿਟੀਜ਼ ਬਾਰੇ ਦੱਸਿਆ। ਮੀਟਿੰਗ ਮੰਜੀਤ ਪਵਾਰ ਦੇ ਧੰਨਵਾਦੀ ਪ੍ਰਸਤਾਵ ਨਾਲ ਸੰਪੰਨ ਹੋਈ।



# ਚੰਡੀਗੜ੍ਹ ਵਿੱਚ ਐੱਮ.ਓ,ਐੱਸ.ਜੇ.ਈ ਦਾ ਰਾਸ਼ਟਰੀ ਚਿੰਤਨ ਸ਼ਿਵਿਰ

## ਕੇਂਦਰੀ ਰਾਜ ਮੰਤਰੀ ਸ਼੍ਰੀ ਬੀ.ਐੱਲ. ਵਰਮਾ ਨੇ ਰਾਸ਼ਟਰੀ ਚਿੰਤਨ ਸ਼ਿਵਿਰ ਦੇ ਦੂਜੇ ਦਿਨ ਹੋਈ ਚਰਚਾ ਨੂੰ ਗਿਆਨ ਭਰਪੂਰ ਅਤੇ ਹਕੀਕਤ 'ਤੇ ਅਧਾਰਿਤ ਦੱਸਿਆ

ਜ਼ਿਕਰ ਪੰਜਾਬ

**ਚੰਡੀਗੜ੍ਹ (ਬਿਊਰੋ)** : ਰਾਜ ਮੰਤਰੀ ਸ਼੍ਰੀ ਬੀ. ਐੱਲ. ਵਰਮਾ ਦੀ ਅਗਵਾਈ ਹੇਠ ਸਵੇਰ ਦੇ ਯੋਗਾ ਸੈਸ਼ਨ ਨੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨਾਲ ਦਿਨ ਭਰ ਚੱਲਣ ਵਾਲੀ ਵਿਸ਼ਾਗਤ ਚਰਚਾ ਲਈ ਮਾਹੌਲ ਸਿਰਜਿਆ ਪੰਜ ਬ੍ਰੇਕਆਊਟ ਸਮੂਹ ਸਕਾਲਰਸ਼ਿਪ ਸੁਧਾਰ, ਨਸ਼ਾ ਮੁਕਤ ਭਾਰਤ, ਕਿਰਤ ਵਿੱਚ ਮਾਣ, ਮਾਣ ਨਾਲ ਬੁਢਾਪਾ ਅਤੇ ਦਿਵਯਾਂਗ ਬੱਚਿਆਂ ਲਈ ਸ਼ੁਰੂਆਤੀ ਦਖਲ 'ਤੇ ਸ਼ਾਮਲ ਹੋਏ ਵਿਸ਼ਾਗਤ ਵਿਚਾਰ-ਵਟਾਂਦਰੇ, ਸਮਾਵੇਸ਼ੀ ਸੇਵਾ ਪ੍ਰਦਾਨ ਕਰਨ ਲਈ ਭਾਈਚਾਰਕ ਸ਼ਮੂਲੀਅਤ ਅਤੇ ਜਨਤਕ-ਨਿਜੀ-ਲੋਕ ਭਾਈਵਾਲੀ 'ਤੇ ਕੇਂਦ੍ਰਿਤ ਅੰਤਯੋਦਯ ਕਾ ਸੰਕਲਪ, ਅੰਮ੍ਰਿਤ ਕਾਲ ਕਾ ਪ੍ਰਤੀਬਿੰਬ ਵਿਸ਼ੇ 'ਤੇ ਤਿੰਨ-ਦਿਨਾਂ ਰਾਸ਼ਟਰੀ ਚਿੰਤਨ ਸ਼ਿਵਿਰ -ਵਿਕਸਿਤ ਭਾਰਤ02047 ਅੱਜ ਚੰਡੀਗੜ੍ਹ ਵਿੱਚ ਆਪਣੇ ਦੂਜੇ ਦਿਨ ਵਿੱਚ ਦਾਖਲ ਹੋਇਆ, ਜਿਸ ਵਿੱਚ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਸਹਿਯੋਗ ਨਾਲ ਭਾਈਚਾਰਕ ਸ਼ਮੂਲੀਅਤ, ਜਨਤਕ-ਨਿਜੀ-ਲੋਕ ਭਾਈਵਾਲੀ ਅਤੇ ਸਮਾਜਿਕ ਨਿਆਂ ਯੋਜਨਾਵਾਂ ਦੀ ਆਖਰੀ-ਮੀਲ ਤੱਕ ਡਿਲੀਵਰੀ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ ਗਿਆ। ਸਮਾਵੇਸ਼ੀ ਅਤੇ ਜਵਾਬਦੇਹ ਸ਼ਾਸਨ 'ਤੇ ਸ਼ੁਰੂਆਤੀ ਜ਼ੋਰ ਦਿੰਦਿਆਂ ਇਸ ਵਿਚਾਰ-ਵਟਾਂਦਰੇ ਨੇ ਦੇਸ਼ ਭਰ ਦੇ ਮੰਤਰੀਆਂ ਅਤੇ ਸੀਨੀਅਰ ਅਧਿਕਾਰੀਆਂ ਨੂੰ ਸਮਾਂਬੱਧ, ਅਮਲ ਯੋਗ ਸਮਾਧਾਨਾਂ 'ਤੇ ਕੰਮ ਕਰਨ ਲਈ ਇਕਜੁੱਟ ਕੀਤਾ। ਦਿਨ ਦੀ ਸ਼ੁਰੂਆਤ ਇੱਕ ਸਾਂਝੇ ਯੋਗ ਸੈਸ਼ਨ ਨਾਲ ਹੋਈ ਜਿਸ ਵਿੱਚ ਸਮਾਜਿਕ ਨਿਆਂ ਅਤੇ ਸਸ਼ਕਤੀਕਰਣ ਮੰਤਰਾਲੇ (ਐੱਮਓਐੱਸਜੇਈ) ਦੇ ਸੀਨੀਅਰ ਅਧਿਕਾਰੀ, ਰਾਜ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਪ੍ਰਤੀਨਿਧੀ ਅਤੇ ਹੋਰ ਭਾਗੀਦਾਰਾਂ ਨੇ ਹਿੱਸਾ ਲਿਆ, ਜਿਸ ਵਿੱਚ ਸਮਾਜਿਕ ਨਿਆਂ ਅਤੇ ਸਸ਼ਕਤੀਕਰਣ ਰਾਜ ਮੰਤਰੀ ਸ਼੍ਰੀ ਬੀ. ਐੱਲ. ਵਰਮਾ ਅਤੇ ਪਤਵੰਤੇ ਸੱਜਣ ਸ਼ਾਮਲ ਹੋਏ। ਇਸ ਪ੍ਰੋਗਰਾਮ ਨੇ ਦਿਨ ਦੀ ਕਾਰਵਾਈ ਲਈ ਇੱਕ ਸਿਹਤ-ਮੁਖੀ ਅਤੇ ਭਾਗੀਦਾਰੀ ਵਾਲਾ ਮਾਹੌਲ ਸਿਰਜਿਆ, ਅਤੇ ਸਮਾਜਿਕ ਨਿਆਂ ਪ੍ਰਦਾਨ ਕਰਨ ਵਿੱਚ ਮੰਤਰਾਲੇ ਦੀ ਸੰਪੂਰਨ ਅਤੇ ਵਿਅਕਤੀ-ਕੇਂਦ੍ਰਿਤ ਪਹੁੰਚ ਪ੍ਰਤੀ ਵਚਨਬੱਧਤਾ ਨੂੰ ਉਜਾਗਰ ਕੀਤਾ। ਸਮਾਜਿਕ ਭਾਗੀਦਾਰੀ ਦਾ ਲਾਭ ਲੈਣ ਅਤੇ ਜਨਤਕ-ਨਿਜੀ-ਲੋਕ ਭਾਈਵਾਲੀ (ਪੀਪੀਪੀਪੀ) ਮਾਡਲ ਦੀ ਸੰਭਾਵਨਾ ਦੀ ਪੜਚੋਲ ਕਰਨਾ ਜ਼ਿਆਦਾ ਸਮਾਜਿਕ ਨਿਆਂ ਨੂੰ ਯਕੀਨੀ ਬਣਾਉਣ ਲਈ ਵਿਸ਼ੇ 'ਤੇ ਆਯੋਜਿਤ ਨਾਸ਼ਤੇ ਦੇ ਸੈਸ਼ਨ ਦੌਰਾਨ, ਭਾਗੀਦਾਰਾਂ ਨੇ ਚਰਚਾ ਕੀਤੀ ਕਿ ਕਿਵੇਂ ਸਥਾਨਕ ਭਾਈਚਾਰੇ, ਸਿਵਿਲ ਸੋਸਾਇਟੀ ਸੰਗਠਨ ਅਤੇ ਨਿਜੀ ਖੇਤਰ ਦੇ ਸੰਸਥਾਨ ਸਰਕਾਰ ਦੇ ਯਤਨਾਂ ਵਿੱਚ ਪੂਰਕ ਭੂਮਿਕਾ ਨਿਭਾ ਕੇ ਸਭ ਤੋਂ ਹਾਸ਼ੀਏ 'ਤੇ ਪਈ ਆਬਾਦੀ ਤੱਕ ਪਹੁੰਚ ਸਕਦੇ ਹਨ।ਇਸ ਅਦਾਨ-ਪ੍ਰਦਾਨ ਨੇ ਵਿਵਹਾਰਕ ਪੀਪੀਪੀਪੀ ਮਾਡਲਾਂ ਨੂੰ ਉਜਾਗਰ ਕੀਤਾ ਜੋ ਨਸ਼ਾ ਛੁਡਾਓ, ਬਜ਼ੁਰਗ ਦੇਖਭਾਲ, ਸਕਾਲਰਸ਼ਿਪ ਡਿਲੀਵਰੀ, ਸਫਾਈ ਕਰਮਚਾਰੀਆਂ ਲਈ ਸਹਾਇਤਾ ਅਤੇ ਕਮਜ਼ੋਰ ਸਮੂਹਾਂ ਦੇ ਮੁੜ-ਵਸੇਬੇ 'ਤੇ ਕੰਮ ਨੂੰ ਮਜ਼ਬੂਤ ਕਰ ਸਕਦੇ ਹਨ। ਦੂਜੇ ਦਿਨ ਦੇ ਸੈਸ਼ਨਾਂ ਦੌਰਾਨ, ਕੇਂਦਰੀ ਸਮਾਜਿਕ ਨਿਆਂ ਅਤੇ ਸਸ਼ਕਤੀਕਰਣ ਮੰਤਰੀ ਡਾ. ਵੀਰੇਂਦਰ ਕੁਮਾਰ ਕਾਰਵਾਈ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨਾਲ ਥੀਮੈਟਿਕ ਵਿਚਾਰ-ਵਟਾਂਦਰੇ 'ਚ ਨੇੜਿਓਂ ਸ਼ਿਰਕਤ ਕੀਤੀ। ਸ਼ਿਵਿਰ ਦੇ ਮੁੱਖ ਉਦੇਸ਼ਾਂ ਨੂੰ ਯਾਦ ਕਰਦੇ ਹੋਏ, ਉਨ੍ਹਾਂ ਦੁਹਰਾਇਆ ਕਿ ਸਮਾਜਿਕ ਖੇਤਰ ਵਿੱਚ 'ਵਿਕਸਿਤ ਭਾਰਤ 2047' ਦਾ ਦ੍ਰਿਸ਼ਟੀਕੋਣ ਲਾਈਨ ਵਿੱਚ ਖੜ੍ਹੇ ਆਖਰੀ ਵਿਅਕਤੀ ਲਈ ਮਾਣ, ਪਹੁੰਚਯੋਗਤਾ ਅਤੇ ਸਥਿਰਤਾ ਦੇ ਤਿੰਨ ਥੰਮ?ਹਾਂ 'ਤੇ ਅਧਾਰਿਤ ਹੋਣਾ ਚਾਹੀਦਾ ਹੈ। ਉਨ੍ਹਾਂ ਅੱਗੇ ਜ਼ੋਰ ਦਿੱਤਾ ਕਿ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨਾਲ ਸਲਾਹ-ਮਸ਼ਵਰੇ ਦਾ ਉਦੇਸ਼ ਭਲਾਈ ਤੋਂ ਸਸ਼ਕਤੀਕਰਣ ਵੱਲ ਤਬਦੀਲੀ ਹਾਸਲ ਕਰਨਾ ਹੈ - ਇਹ ਯਕੀਨੀ ਬਣਾਉਣਾ ਹੈ ਕਿ ਕਾਗਜ਼ 'ਤੇ ਪ੍ਰਵਾਨਿਤ ਲਾਭ ਵਿਦਿਆਰਥੀਆਂ, ਬਜ਼ੁਰਗ ਨਾਗਰਿਕਾਂ, ਦਿਵਯਾਂਗਜਨਾਂ ਅਤੇ ਜ਼ਮੀਨੀ ਪੱਧਰ 'ਤੇ ਹੋਰ ਹਾਸ਼ੀਏ 'ਤੇ ਧੱਕੇ ਸਮੂਹਾਂ ਲਈ ਸਹਿਜ ਅਤੇ ਉਪਭੋਗਤਾ-ਅਨੁਕੂਲ ਸੇਵਾਵਾਂ ਵਿੱਚ ਤਬਦੀਲ ਹੋਣ। ਚਿੰਤਨ ਸ਼ਿਵਿਰ ਪ੍ਰਕਿਰਿਆ ਦੀ ਆਪਣੀ ਰੂਪ-ਰੇਖਾ ਤਹਿਤ ਡੀਓਐੱਸਜੇਈ ਸਕੱਤਰ ਸ਼੍ਰੀ ਸੁਧਾਂਸ਼ ਪੰਤ ਨੇ ਜ਼ਿਕਰ ਕੀਤਾ ਕਿ ਸਮਾਜਿਕ ਨਿਆਂ ਅਤੇ ਸਸ਼ਕਤੀਕਰਣ ਵਿਭਾਗ (ਡੀਈਪੀਡਬਲਿਊਡੀ) ਦੇ ਸੱਤ ਅਤੇ ਦਿਵਯਾਂਗਜਨਾਂ ਦੇ ਸਸ਼ਕਤੀਕਰਣ ਵਿਭਾਗ (ਡੀਈਪੀਡਬਲਿਊਡੀ) ਦੇ 3 ਵਿਸ਼ਿਆਂ ਸਮੇਤ 10 ਮੁੱਖ ਵਿਸ਼ਿਆਂ ਦੀ ਪਛਾਣ ਕੀਤੀ ਗਈ ਹੈ। ਭਾਗੀਦਾਰਾਂ ਨੂੰ ਪੰਜ ਵਿਸ਼ਾ-ਅਧਾਰਿਤ ਸਮੂਹਾਂ ਵਿੱਚ ਵੰਡਿਆ ਗਿਆ ਹੈ, ਹਰੇਕ ਨੂੰ ਇੱਕ ਲੀਡ ਕੋਆਰਡੀਨੇਟਰ ਅਤੇ ਰਿਪੋਰਟਰ ਰਾਹੀਂ ਨਿਰਦੇਸ਼ਿਤ ਕੀਤਾ ਗਿਆ ਹੈ, ਤਾਂ ਜੋ ਆਮ ਚਰਚਾਵਾਂ ਦੀ ਬਜਾਏ ਮੁੱਖ ਨੀਤੀ ਮੁੱਦਿਆਂ, ਅਮਲ ਪਾੜੇ, ਸਭ ਤੋਂ ਵਧੀਆ ਅਭਿਆਸਾਂ ਅਤੇ ਸਮਾਂ-ਹੱਦਾਂ ਦੇ ਨਾਲ ਸਪਸ਼ਟ ਕਾਰਵਾਈ ਬਿੰਦੂਆਂ ਨੂੰ ਹਾਸਲ ਕਰਨ ਵਾਲੀਆਂ ਸੰਖੇਪ ਪੇਸ਼ਕਾਰੀਆਂ ਵੱਲ ਕੰਮ ਕੀਤਾ ਜਾ ਸਕੇ। ਦੂਜੇ ਦਿਨ ਲਈ ਬ੍ਰੇਕਆਊਟ ਸੈਸ਼ਨ ਦੌਰਾਨ, ਪੰਜ ਵਿਸ਼ਾਗਤ ਸਮੂਹਾਂ ਨੇ ਵਿਕਸਿਤ ਭਾਰਤ 2047 ਢਾਂਚੇ ਦੇ ਤਹਿਤ ਆਪਣੇ ਪਹਿਲੇ ਵਿਸ਼ਿਆਂ ਦੇ ਸੈੱਟ ਨਾਲ ਜੋੜਿਆ। ਸਮੂਹ 1 ਨੇ ਸ਼ਿਕਸ਼ਾ ਸੇ ਸਮ੍ਰਿੱਧੀ: ਸਕਾਲਰਸ਼ਿਪ ਡਿਲੀਵਰੀ ਅਤੇ ਵਿਦਿਅਕ ਪਹੁੰਚ ਨੂੰ ਮਜ਼ਬੂਤ ਕਰਨਾ ਬਾਰੇ ਚਰਚਾ ਕੀਤੀ, ਜਿਸ ਵਿੱਚ ਸਮੇਂ ਸਿਰ ਅਤੇ ਸਹਿਜ ਸਕਾਲਰਸ਼ਿਪ ਪਹੁੰਚ, ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਇਕਸਾਰ ਅਮਲ, ਤੇਜ਼ ਤਸਦੀਕ ਅਤੇ ਵੰਡ, ਬਿਹਤਰ ਸ਼ਿਕਾਇਤ ਨਿਪਟਾਰਾ ਅਤੇ ਵਿਦਿਆਰਥੀਆਂ ਦੀ ਭਲਾਈ ਵੱਲ ਧਿਆਨ ਕੇਂਦ੍ਰਿਤ ਕੀਤਾ ਗਿਆ। ਗਰੁੱਪ 2 ਨੇ ਨਸ਼ਾ ਮੁਕਤ ਭਾਰਤ: ਨਸ਼ਾ ਮੁਕਤੀ ਅਤੇ ਮੁੜ-ਵਸੇਬਾ ਈਕੋਸਿਸਟਮ ਨੂੰ ਮਜ਼ਬੂਤ ਕਰਨਾ 'ਤੇ ਕੰਮ ਕੀਤਾ, ਇਲਾਜ ਅਤੇ ਮੁੜ-ਵਸੇਬਾ ਸਹੂਲਤਾਂ ਦੇ ਵਿਸਥਾਰ, ਡਿਜੀਟਲ ਨਿਗਰਾਨੀ, ਅੰਤਰ-ਖੇਤਰੀ ਤਾਲਮੇਲ ਅਤੇ ਭਾਈਚਾਰਕ-ਅਧਾਰਿਤ ਪਹੁੰਚ ਦੀ ਪੜਚੋਲ ਕੀਤੀ। ਗਰੁੱਪ 3 ਨੇ ਸ਼੍ਰਮ ਕੀ ਗਰਿਮਾ: ਕਿਰਤ ਵਿੱਚ ਮਾਣ 'ਤੇ ਵਿਚਾਰ-ਵਟਾਂਦਰਾ ਕੀਤਾ, ਜਿਸ ਵਿੱਚ ਮੈਨਹੋਲ ਤੋਂ ਮਸ਼ੀਨ-ਹੋਲ ਪ੍ਰਣਾਲੀਆਂ ਵਿੱਚ ਤਬਦੀਲੀ, ਮਿਸ਼ਨ ਜ਼ੀਰੋ ਸੈਨੀਟੇਸ਼ਨ ਨਾਲ ਸਬੰਧਿਤ ਮੌਤਾਂ, ਅਤੇ ਸੈਨੀਟੇਸ਼ਨ ਕਰਮਚਾਰੀਆਂ ਲਈ ਸੁਰੱਖਿਆ, ਮਾਣ ਅਤੇ ਸਮਾਜਿਕ ਸੁਰੱਖਿਆ ਨੂੰ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ ਗਿਆ। ਗਰੁੱਪ 4 ਨੇ ਭਾਰਤ ਵਿੱਚ ਸੰਪੂਰਨ ਪਹੁੰਚ ਅਤੇ ਬੁਨਿਆਦੀ ਢਾਂਚਾ ਸਹਾਇਤਾ ਪ੍ਰਣਾਲੀਆਂ ਨਾਲ ਉਮਰ ਵਧਾਉਣ÷ ਬਾਰੇ ਚਰਚਾ ਕੀਤੀ, ਜਿਸ ਵਿੱਚ ਬਜ਼ੁਰਗਾਂ ਦੀ ਦੇਖਭਾਲ ਦੇ ਬੁਨਿਆਦੀ ਢਾਂਚੇ, ਸਮਾਜਿਕ ਅਤੇ ਵਿੱਤੀ ਸੁਰੱਖਿਆ ਅਤੇ ਅੰਬ੍ਰੇਲਾ ਯੋਜਨਾਵਾਂ ਅਤੇ ਕਾਨੂੰਨੀ ਢਾਂਚੇ ਦੀ ਬਿਹਤਰ ਵਰਤੋਂ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ। ਗਰੁੱਪ 5 ਨੇ ਨੰਨ੍ਹੇ ਕਦਮ ਸਵਾਵਲੰਬਨ ਕੀ ਔਰ: ਸ਼ੁਰੂਆਤੀ ਦਖਲ 'ਤੇ ਚਰਚਾ ਕੀਤੀ, ਜਿਸ ਵਿੱਚ ਦਿਵਯਾਂਗ ਬੱਚਿਆਂ ਅਤੇ ਵਿਕਾਸ ਸਬੰਧੀ ਚੁਣੌਤੀਆਂ ਲਈ ਸ਼ੁਰੂਆਤੀ ਪਛਾਣ, ਦਖਲ ਅਤੇ ਭਾਈਚਾਰਕ ਪੱਧਰ 'ਤੇ ਸੇਵਾਵਾਂ ਦੇ ਆਪਸੀ ਮੇਲ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ। ਇਨ੍ਹਾਂ ਸਮੂਹ ਚਰਚਾਵਾਂ ਦੌਰਾਨ, ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਖੇਤਰ-ਪੱਧਰੀ ਰੁਕਾਵਟਾਂ ਸਾਂਝੀਆਂ ਕੀਤੀਆਂ ਅਤੇ ਸੁਧਾਰੇ ਗਏ ਸਕਾਲਰਸ਼ਿਪ ਰਿਲੀਜ਼ ਸਿਸਟਮ, ਏਕੀਕ੍ਰਿਤ ਨਸ਼ਾ ਛੁਡਾਓ ਨਿਗਰਾਨੀ ਪਲੈਟਫਾਰਮ, ਸੀਨੀਅਰ ਕੇਅਰ ਮਾਡਲ ਅਤੇ ਸ਼ੁਰੂਆਤੀ ਦਖਲ ਰਣਨੀਤੀਆਂ ਵਰਗੀਆਂ ਦੁਹਰਾਉਣ ਯੋਗ ਨਵੀਨਤਾਵਾਂ ਦਾ ਪ੍ਰਦਰਸ਼ਨ ਕੀਤਾ। ਖ਼ਾਸ ਤੌਰ 'ਤੇ ਹਿੱਸੇਦਾਰ-ਤੈਅ ਕਾਰਜ ਬਿੰਦੂ ਤਿਆਰ ਕਰਨ 'ਤੇ ਜ਼ੋਰ ਦਿੱਤਾ ਗਿਆ ਜੋ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ਾਂ, ਸਮਾਵੇਸ਼ ਅਤੇ ਸੇਤੂ ਵਰਗੇ ਡਿਜੀਟਲ ਪਲੈਟਫਾਰਮਾਂ ਨਾਲ ਅੱਗੇ ਵਧਾਇਆ ਜਾ ਸਕਦੇ ਹਨ, ਅਤੇ ਕੇਂਦਰ-ਰਾਜ ਤਾਲਮੇਲ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ। ਸਮਾਜਿਕ ਨਿਆਂ ਅਤੇ ਸਸ਼ਕਤੀਕਰਣ ਮੰਤਰਾਲੇ ਦੇ ਆਖਰੀ-ਮੀਲ ਤੱਕ ਡਿਲੀਵਰੀ ਅਤੇ ਅਮਲ ਵਿਧੀਆਂ ਨੂੰ ਮਜ਼ਬੂਤ ਕਰਨਾ ਵਿਸ਼ੇ 'ਤੇ ਆਯੋਜਿਤ ਦੁਪਹਿਰ ਦੇ ਖਾਣੇ ਨੇ ਮੰਤਰੀਆਂ ਅਤੇ ਸੀਨੀਅਰ ਅਧਿਕਾਰੀਆਂ ਨੂੰ ਜ਼ਿਲ੍ਹਾ-ਪੱਧਰੀ ਡਿਲੀਵਰੀ ਚੁਣੌਤੀਆਂ, ਪ੍ਰਕਿਰਿਆ ਸਰਲੀਕਰਣ ਅਤੇ ਡੇਟਾ-ਅਧਾਰਿਤ ਨਿਗਰਾਨੀ 'ਤੇ ਵਿਚਾਰ-ਵਟਾਂਦਰਾ ਕਰਨ ਦਾ ਇੱਕ ਹੋਰ ਮੌਕਾ ਪ੍ਰਦਾਨ ਕੀਤਾ। ਵਿਚਾਰ-ਵਟਾਂਦਰੇ ਨੇ ਸੁਮੇਲ ਅਧਾਰਿਤ ਸਕਾਲਰਸ਼ਿਪ ਪ੍ਰਣਾਲੀਆਂ, ਸੁਚਾਰੂ ਨਸ਼ਾ ਛੁਡਾਓ ਅਤੇ ਮੁੜ-ਵਸੇਬਾ ਮਾਰਗਾਂ, ਅਤੇ ਮਜ਼ਬੂਤ ਨਿਗਰਾਨੀ ਢਾਂਚੇ ਦੀ ਲੋੜ ਨੂੰ ਦੁਹਰਾਇਆ ਜੋ ਕੇਂਦਰ, ਰਾਜ ਅਤੇ ਜ਼ਿਲ੍ਹਾ ਪੱਧਰ 'ਤੇ ਜ਼ਿੰਮੇਵਾਰੀਆਂ ਨੂੰ ਸਪਸ਼ਟ ਤੌਰ 'ਤੇ ਨਿਰਧਾਰਿਤ ਕਰਦੇ ਹਨ। ਦਿਨ ਦੇ ਆਪਣੇ ਸਮਾਪਤੀ ਭਾਸ਼ਣ ਵਿੱਚ, ਸਮਾਜਿਕ ਨਿਆਂ ਅਤੇ ਸਸ਼ਕਤੀਕਰਣ ਰਾਜ ਮੰਤਰੀ ਸ਼੍ਰੀ ਬੀ. ਐੱਲ. ਵਰਮਾ ਨੇ ਵਿਚਾਰ-ਵਟਾਂਦਰੇ ਨੂੰ ਖੇਤਰੀ ਹਕੀਕਤਾਂ ਵਿੱਚ ਗਿਆਨ ਭਰਪੂਰ ਅਤੇ ਹਕੀਕਤ 'ਤੇ ਅਧਾਰਿਤ ਦੱਸਿਆ ਅਤੇ ਹਿੱਸਾ ਲੈਣ ਵਾਲੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦਾ ਉਨ੍ਹਾਂ ਦੇ ਸਪਸ਼ਟ ਇਨਪੁਟਸ ਅਤੇ ਰਚਨਾਤਮਕ ਸੁਝਾਵਾਂ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਰਾਸ਼ਟਰੀ ਚਿੰਤਨ ਸ਼ਿਵਿਰ ਸਿਰਫ ਤਿੰਨ ਦਿਨਾਂ ਦਾ ਪ੍ਰੋਗਰਾਮ ਨਹੀਂ ਹੈ, ਸਗੋਂ ਆਖਰੀ ਮੀਲ ਦੀ ਸਪੁਰਦਗੀ ਨੂੰ ਮਜ਼ਬੂਤ ਕਰਨ ਲਈ ਇੱਕ ਸਮੂਹਿਕ ਸੰਕਲਪ ਹੈ ਤਾਂ ਜੋ ਹਰ ਵਜ਼ੀਫਾ, ਬਜ਼ੁਰਗ ਨਾਗਰਿਕ ਲਈ ਹਰ ਮਦਦ, ਨਸ਼ਾ ਮੁਕਤ ਭਾਰਤ ਅਧੀਨ ਜਾਂ ਦਿਵਯਾਂਗਜਨਾਂ ਲਈ ਹਰ ਦਖਲ ਮਾਣ ਨਾਲ ਅਤੇ ਬਿਨਾ ਦੇਰੀ ਦੇ ਇੱਛਤ ਲਾਭਪਾਤਰੀ ਤੱਕ ਪਹੁੰਚ ਸਕੇ ਅਤੇ ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਸਮੂਹ ਚਰਚਾ ਤੋਂ ਉਭਰਨ ਵਾਲੀਆਂ ਸਿਫਾਰਸ਼ਾਂ ਮੰਤਰਾਲੇ ਅਤੇ ਰਾਜਾਂ ਨੂੰ ਵਿਚਾਰਾਂ ਤੋਂ ਅਮਲ ਤੱਕ ਇਕਜੁੱਟਤਾ ਨਾਲ ਅੱਗੇ ਵਧਣ ਵਿੱਚ ਸਹਾਇਤਾ ਕਰਨਗੀਆਂ। ਦੂਜੇ ਦਿਨ ਦੇ ਵਿਚਾਰ-ਵਟਾਂਦਰੇ ਤੋਂ ਉਭਰਨ ਵਾਲੀਆਂ ਸਿਫ਼ਾਰਸ਼ਾਂ ਨੂੰ ਆਖਰੀ ਦਿਨ ਹੋਰ ਉਪਯੋਗੀ ਬਣਾਇਆ ਜਾਵੇਗਾ, ਜਦੋਂ ਸਮੂਹ 'ਅੰਤਯੋਦਯ ਤੋਂ ਆਤਮ ਨਿਰਭਰ ਭਾਰਤ, ਸਮਾਵੇਸ਼-ਪਛਾਣ-ਏਕੀਕਰਣ, ਆਰਥਿਕ ਸਸ਼ਕਤੀਕਰਣ , ਦਿਵਯਾਂਗਜਨਾਂ ਲਈ ਪਹੁੰਚਯੋਗਤਾ ਅਤੇ ਪ੍ਰਮਾਣੀਕਰਣ ਨਾਲ ਸਬੰਧਿਤ ਆਪਣੇ ਦੂਜੇ ਵਿਸ਼ਿਆਂ 'ਤੇ ਵਿਚਾਰ ਕਰਨਗੇ ਅਤੇ ਇਸ ਤਰ੍ਹਾਂ 2047 ਤੱਕ ਇੱਕ ਵਧੇਰੇ ਨਿਆਂਪੂਰਨ, ਸਮਾਵੇਸ਼ੀ ਅਤੇ ਪਹੁੰਚਯੋਗ ਵਿਕਸਿਤ ਭਾਰਤ ਵਿੱਚ ਯੋਗਦਾਨ ਪਾ ਸਕਣਗੇ।



# ਮਾਨ ਸਰਕਾਰ ਨੇ 111 ਪਿੰਡਾਂ 'ਚ ਗੜੇਮਾਰੀ ਨਾਲ ਹੋਈਆਂ ਫਸਲਾਂ ਲਈ 123.28 ਕਰੋੜ ਰੁਪਏ ਦੀ ਰਾਹਤ ਮਨਜ਼ੂਰ ਕੀਤੀ

## ਪੰਜਾਬ ਸਰਕਾਰ ਨੇ ਪ੍ਰਭਾਵਿਤ ਕਿਸਾਨਾਂ ਲਈ ਤੁਰੰਤ ਮਿਲੇਗੀ ਸਹਾਇਤਾ : ਖੁੱਡੀਆਂ

**ਮਲੋਟ/ਨਰਿੰਦਰ ਵਧਵਾ**

ਪੰਜਾਬ ਦੇ ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਅੱਜ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਉਨ੍ਹਾਂ ਕਿਸਾਨਾਂ ਲਈ 123.28 ਕਰੋੜ ਰੁਪਏ ਤੋਂ ਵੱਧ ਦਾ ਵੱਡਾ ਰਾਹਤ ਪੈਕੇਜ ਮਨਜ਼ੂਰ ਕੀਤਾ ਹੈ ਜਿਨ੍ਹਾਂ ਦੀਆਂ ਫਸਲਾਂ ਪਿਛਲੇ ਮਹੀਨੇ ਪੰਜਾਬ ਦੇ ਕੁਝ ਹਿੱਸਿਆਂ ਵਿੱਚ ਆਈ ਗੜੇਮਾਰੀ ਨਾਲ ਨੁਕਸਾਨੀਆਂ ਗਈਆਂ ਸਨ ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖੇਤਾਂ ਦਾ ਮੁਲਾਂਕਣ ਪੂਰਾ ਹੋਣ ਤੋਂ ਤੁਰੰਤ ਬਾਅਦ ਰਾਜ ਸਰਕਾਰ ਨੇ ਤੁਰੰਤ ਕਾਰਵਾਈ ਕੀਤੀ ਤਾਂ ਜੋ ਪ੍ਰਭਾਵਿਤ ਕਿਸਾਨਾਂ ਨੂੰ ਸਮੇਂ ਸਿਰ ਮੁਆਵਜ਼ਾ ਮਿਲ ਸਕੇ ਅਤੇ ਵਾਢੀ ਦੇ ਸੀਜ਼ਨ ਦੌਰਾਨ ਹੋਏ ਅਚਾਨਕ ਨੁਕਸਾਨ ਤੋਂ ਉਭਰਿਆ ਜਾ ਸਕੇ। ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸੱਤ ਜ਼ਿਲ੍ਹਿਆਂ ਦੇ 111 ਪਿੰਡਾਂ ਵਿੱਚ 92,695 ਏਕੜ ਵਿੱਚ ਫੈਲੇ ਫਸਲੀ ਨੁਕਸਾਨ ਲਈ 123,28,05,938 ਰੁਪਏ ਦੇ ਕੁੱਲ ਰਾਹਤ ਪੈਕੇਜ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਸ ਵਿੱਚ 992 ਏਕੜ 26% ਤੋਂ 32% ਨੁਕਸਾਨ, 61,115 ਏਕੜ 33% ਤੋਂ 75% ਨੁਕਸਾਨ ਅਤੇ 30,588 ਏਕੜ 76% ਤੋਂ 100% ਨੁਕਸਾਨ ਸ਼ਾਮਲ ਹਨ। ਸਾਡੀ ਸਰਕਾਰ ਮੁਸੀਬਤ ਦੇ ਸਮੇਂ ਕਿਸਾਨ ਭਾਈਚਾਰੇ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਅਤੇ ਇਹ ਯਕੀਨੀ ਬਣਾਉਂਦੀ ਹੈ ਕਿ ਕੁਦਰਤੀ



ਆਫ਼ਤਾਂ ਕਾਰਨ ਹੋਣ ਵਾਲੀ ਵਿੱਤੀ ਮੁਸ਼ਕਲ ਨੂੰ ਤੁਰੰਤ ਦਖਲ ਦੇ ਕੇ ਘਟਾਇਆ ਜਾਵੇ, ਉਨ੍ਹਾਂ ਅੱਗੇ ਕਿਹਾ।ਕੈਬਨਿਟ ਮੰਤਰੀ ਨੇ ਦੱਸਿਆ ਕਿ ਪ੍ਰਭਾਵਿਤ ਜ਼ਿਲ੍ਹਿਆਂ ਵਿੱਚੋਂ, ਫਾਜ਼ਿਲਕਾ ਨੂੰ ਸਭ ਤੋਂ ਵੱਧ 44.24 ਕਰੋੜ ਰੁਪਏ ਤੋਂ ਵੱਧ ਦੀ ਰਾਹਤ ਮਿਲੀ ਹੈ, ਇਸ ਤੋਂ ਬਾਅਦ ਸ੍ਰੀ ਮੁਕਤਸਰ ਸਾਹਿਬ ਨੂੰ 43.01 ਕਰੋੜ ਰੁਪਏ ਤੋਂ ਵੱਧ, ਬਠਿੰਡਾ ਨੂੰ ਲਗਭਗ 22.83 ਕਰੋੜ ਰੁਪਏ, ਮੋਗਾ ਨੂੰ 7.73 ਕਰੋੜ ਰੁਪਏ ਅਤੇ ਅੰਮ੍ਰਿਤਸਰ ਨੂੰ 5.26 ਕਰੋੜ ਰੁਪਏ ਤੋਂ ਵੱਧ ਦੀ ਰਾਹਤ ਮਿਲੀ ਹੈ।

ਫਿਰੋਜ਼ਪੁਰ ਅਤੇ ਰੂਪਨਗਰ ਜ਼ਿਲ੍ਹਿਆਂ ਦੇ ਕਿਸਾਨਾਂ ਲਈ ਕ੍ਰਮਵਾਰ ਲਗਭਗ 17.10 ਲੱਖ ਅਤੇ 1.35 ਲੱਖ ਰੁਪਏ ਦਾ ਮੁਆਵਜ਼ਾ ਵੀ ਮਨਜ਼ੂਰ ਕੀਤਾ ਗਿਆ ਹੈ। ਪੁਨਰਵਾਸ ਅਤੇ ਆਫ਼ਤ ਪ੍ਰਬੰਧਨ ਮੰਤਰੀ ਨੇ ਕਿਹਾ ਕਿ ਰਾਹਤ ਦੀ ਗਣਨਾ ਫਸਲਾਂ ਦੇ ਨੁਕਸਾਨ ਦੀ ਗੰਭੀਰਤਾ ਦੇ ਆਧਾਰ 'ਤੇ ਕੀਤੀ ਗਈ ਹੈ, ਜਿਸ ਵਿੱਚ 26 ਪ੍ਰਤੀਸ਼ਤ ਤੋਂ ਲੈ ਕੇ ਪੂਰੇ ਨੁਕਸਾਨ ਤੱਕ ਦੀ ਜ਼ਮੀਨ ਨੂੰ ਕਵਰ ਕੀਤਾ ਗਿਆ ਹੈ, ਜਿਸ ਨਾਲ ਹਰੇਕ ਪ੍ਰਭਾਵਿਤ ਕਿਸਾਨ ਲਈ ਇੱਕ ਨਿਰਪੱਖ ਅਤੇ ਪਾਰਦਰਸ਼ੀ ਮੁਆਵਜ਼ਾ ਵਿਧੀ ਯਕੀਨੀ ਬਣਾਈ ਜਾ ਸਕਦੀ ਹੈ। ਮੰਤਰੀ ਖੁੱਡੀਆਂ ਨੇ ਅੱਗੇ ਕਿਹਾ ਕਿ ਮਾਲ ਵਿਭਾਗ ਨੇ ਪਹਿਲਾਂ ਹੀ ਡਿਪਟੀ ਕਮਿਸ਼ਨਰਾਂ ਨੂੰ ਬਾਕੀ ਸਾਰੀਆਂ ਰਸਮੀ ਕਾਰਵਾਈਆਂ ਨੂੰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਮਨਜ਼ੂਰ ਕੀਤੀ ਗਈ ਰਕਮ ਬਿਨਾਂ ਕਿਸੇ ਦੇਰੀ ਦੇ ਲਾਭਪਾਤਰੀਆਂ ਨੂੰ ਤਬਦੀਲ ਕੀਤੀ ਜਾ ਸਕੇ। ਉਨ੍ਹਾਂ ਦੁਹਰਾਇਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਅਤੇ ਕੁਦਰਤੀ ਆਫ਼ਤਾਂ ਦੇ ਪੇਂਡੂ ਜੀਵਨ ਨੂੰ ਖ਼ਤਰਾ ਹੋਣ 'ਤੇ ਤੁਰੰਤ ਸਹਾਇਤਾ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸੰਕਟਕਾਲੀਨ ਸਥਿਤੀ ਨਾਲ ਨਿਪਟਨ ਲਈ ਮੌਕ ਡਰਿਲ ਦਾ ਆਯੋਜਨ

**ਸ੍ਰੀ ਮੁਕਤਸਰ ਸਾਹਿਬ/ਨਰਿੰਦਰ ਵਧਵਾ**



ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਅਤੇ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਦਫਤਰ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਵਿਖੇ ਸ੍ਰੀ ਡੈਵੀ ਗੋਇਲ ਵਧੀਕ ਡਿਪਟੀ ਕਮਿਸ਼ਨਰ ਦੀ ਅਗਵਾਈ ਵਿੱਚ ਲੋਕਾਂ ਨੂੰ ਸੰਕਟਕਾਲੀਨ ਸਥਿਤੀ ਨਾਲ ਨਿਪਟਨ ਸਬੰਧੀ ਜਾਣਕਾਰੀ ਦੇਣ ਲਈ ਮੌਕ ਡਰਿਲ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਤੇ ਸੁਖਵਿੰਦਰ ਸਿੰਘ ਡਿਪਟੀ ਕਮਾਂਡੈਂਟ ਪੰਜਾਬ ਹੋਮ ਗਾਰਡ ਨੇ ਦੱਸਿਆ ਕਿ ਜਦੋਂ ਕੋਈ ਵਿਦੇਸ਼ੀ ਡਰੋਨ ਹਮਲਾ ਹੁੰਦਾ ਹੈ ਜਾਂ ਜੰਗ ਵਰਗੀ ਸਥਿਤੀ ਬਣਦੀ ਹੈ ਤਾਂ ਸਭ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਨਾਗਰਿਕਾਂ ਨੂੰ ਉਚੀ ਧੁੰਨੀ ਵਾਲਾ ਸਾਇਰਨ ਵਜਾ ਕੇ ਸੁਚੇਤ ਕੀਤਾ ਜਾਂਦਾ ਹੈ ਅਤੇ ਲੋਕਾਂ ਦੀ ਹਿਫਾਜ਼ਤ ਲਈ ਸਰਕਾਰ ਦੇ ਫਾਇਰ ਬ੍ਰਿਗੇਡ, ਸਿਹਤ ਵਿਭਾਗ, ਬਿਜਲੀ ਵਿਭਾਗ, ਪ੍ਰਸ਼ਾਸਨਿਕ ਅਧਿਕਾਰੀ, ਪੁਲਿਸ ਵਿਭਾਗ ਆਦਿ ਵੱਲੋਂ ਸਥਿਤੀ ਨਾਲ ਨਿਪਟਣ ਲਈ ਜਰੂਰੀ ਕਦਮ ਚੁੱਕੇ ਜਾਂਦੇ।

ਇਸ ਮੌਕੇ ਤੇ ਡਿਪਟੀ ਕਮਾਂਡੈਂਟ ਨੇ ਆਮ ਜਨਤਾ ਨੂੰ ਅਪੀਲ ਕੀਤੀ ਕਿ ਇਸ ਸਥਿਤੀ ਵਿੱਚ ਘਬਰਾਉਣ ਦੀ ਲੋੜ ਨਹੀਂ ਹੈ, ਕਿਉਂਕਿ ਇਹ ਸਿਰਫ਼ ਸਿਵਲ ਡਿਫੈਂਸ ਦੀਆਂ ਤਿਆਰੀਆਂ ਦੀ ਜਾਂਚ ਲਈ ਰੁਟੀਨ ਅਭਿਆਸ ਹੈ ਜੋ ਭਵਿੱਖ ਵਿੱਚ ਵੀ ਕੀਤਾ ਜਾਵੇਗਾ। ਇਸ ਮੌਕੇ ਤੇ ਫਾਇਰ ਬ੍ਰੀਗੇਡ, ਸਿਹਤ ਵਿਭਾਗ,ਸਿਵਲ ਡਿਫੈਂਸ, ਪੰਜਾਬ ਪੁਲਿਸ ਤੋਂ ਇਲਾਵਾ ਵੱਖ—ਵੱਖ ਵਿਭਾਗਾਂ ਵਲੋਂ ਮੌਕ ਡਰਿਲ ਵਿੱਚ ਭਾਗ ਲੈ ਕੇ ਗਤੀਵਿਧੀ ਕੀਤੀਆਂ ਗਈਆਂ। ਐਸ. ਡੀ. ਐਮ. ਗੁਰਕਿਰਨਦੀਪ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਜਲਦੀ ਸਿਵਲ ਡਿਫੈਂਸ ਦੀ ਸਥਾਪਨਾ ਕੀਤੀ ਜਾਵੇਗੀ। ਇਸ ਮੌਕੇ ਜਸਪ੍ਰੀਤ ਸਿੰਘ ਛਾਬੜਾ ਮੁਕਤੀਸਰ ਵੈਲਫੇਅਰ ਕਲੱਬ ਨੇ ਦੱਸਿਆ ਕਿ ਸੰਕਟਕਾਲੀਨ ਸਥਿਤੀ ਵਿੱਚ ਸੰਸਥਾ ਵਲੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਵਲੰਟੀਅਰ ਦੀ ਸੇਵਾਵਾਂ ਮੁਹੱਈਆਂ ਜਾਣਗੀਆਂ।

# ਵੈਟਨਰੀ ਯੂਨੀਵਰਸਿਟੀ ਨੇ ਮਨਾਇਆ ਵਿਸ਼ਵ ਵੈਟਨਰੀ ਦਿਵਸ




**ਲੁਧਿਆਣਾ/ਵਾਸੂ ਜੇਤਲੀ**

ਵਿਸ਼ਵ ਵੈਟਰਨਰੀ ਦਿਵਸ, ਜੋ ਕਿ ਹਰ ਸਾਲ ਅਪ੍ਰੈਲ ਦੇ ਆਖਰੀ ਸ਼ਨੀਵਾਰ ਨੂੰ ਮਨਾਇਆ ਜਾਂਦਾ ਹੈ, ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵੱਲੋਂ 25 ਅਪ੍ਰੈਲ, 2026 ਨੂੰ ਮਲਟੀਸਪੈਸ਼ਲਿਟੀ ਵੈਟਨਰੀ ਹਸਪਤਾਲ ਵਿਖੇ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਾਲ ਦਾ ਵਿਸ਼ਾ , ਵੈਟਰੀਨੇਰੀਅਨ: ਭੋਜਨ ਅਤੇ ਸਿਹਤ ਦੇ ਰਖਵਾਲੇ, ਭੋਜਨ ਸੁਰੱਖਿਆ, ਜਨਤਕ ਸਿਹਤ ਅਤੇ ਜਾਨਵਰਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਵਿੱਚ ਪਸ਼ੂਆਂ ਦੇ ਡਾਕਟਰਾਂ ਦੀ ਜ਼ਰੂਰੀ ਭੂਮਿਕਾ ਨੂੰ ਉਜਾਗਰ ਕਰਦਾ ਹੈ।

ਇਸ ਮੌਕੇ 'ਤੇ, ਟੀਚਿੰਗ ਵੈਟਨਰੀ ਹਸਪਤਾਲ ਨੇ ਹਲਕਾਅ ਵਿਰੋਧੀ ਟੀਕਾਕਰਨ ਅਤੇ ਕਿਰਮ ਰਹਿਤ ਕੈਂਪ ਦਾ ਆਯੋਜਨ ਕੀਤਾ। ਇਸ ਸਮਾਗਮ ਦਾ ਉਦਘਾਟਨ ਡਾ ਜਤਿੰਦਰ ਪਾਲ ਸਿੰਘ ਗਿੱਲ, ਉਪ-ਕੁਲਪਤੀ ਨੇ ਕੀਤਾ। ਵੈਟਨਰੀ ਸਾਇੰਸ ਕਾਲਜ ਦੇ ਡੀਨ ਡਾ. ਐਸ. ਐਸ. ਰੰਧਾਵਾ ਨੇ ਵੀ ਇਸ ਮੌਕੇ 'ਤੇ ਸ਼ਿਰਕਤ ਕੀਤੀ। ਹਸਪਤਾਲ ਨਿਰਦੇਸ਼ਕ ਡਾ. ਜੇ. ਮੋਹਿੰਦਰੂ ਨੇ ਪਾਲਤੂ ਜਾਨਵਰਾਂ ਦੇ ਮਾਲਕਾਂ ਨੂੰ ਆਪਣੇ ਪਾਲਤੂ ਜਾਨਵਰਾਂ ਨੂੰ ਗੰਭੀਰ ਅਤੇ ਜਾਨਲੇਵਾ ਬਿਮਾਰੀਆਂ ਤੋਂ ਸੁਰੱਖਿਅਤ ਅਤੇ ਸਿਹਤਮੰਦ ਰੱਖਣ ਲਈ ਸਹੀ ਟੀਕਾਕਰਨ ਅਤੇ ਕਿਰਮ ਰਹਿਤ ਕਰਨ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ।

ਪਾਲਤੂ ਜਾਨਵਰਾਂ ਦੇ ਮਾਲਕਾਂ ਨੂੰ ਕੈਲਸ਼ੀਅਮ ਸਪਲੀਮੈਂਟ, ਡੀਵਰਮਰਸ ਅਤੇ ਹੋਰ ਫੀਡ ਸਪਲੀਮੈਂਟ ਵੀ ਮੁਫਤ ਵੰਡੇ ਗਏ। ਪਾਲਤੂ ਜਾਨਵਰਾਂ ਦੇ ਮਾਲਕਾਂ ਨੂੰ ਵੱਖ-ਵੱਖ ਨੁਕਤਿਆਂ ਬਾਰੇ ਸਲਾਹ-ਮਸ਼ਵਰਾ ਵੀ ਦਿੱਤਾ ਗਿਆ।

ਕੈਂਪ ਦਾ ਉਦਘਾਟਨ ਕਰਦੇ ਹੋਏ, ਡਾ. ਗਿੱਲ ਨੇ ਪਸ਼ੂਆਂ ਦੀ ਸਿਹਤ, ਜਨਤਕ ਸਿਹਤ ਦੀ ਸੁਰੱਖਿਆ ਵਿੱਚ ਪਸ਼ੂਆਂ ਦੇ ਡਾਕਟਰਾਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ ਅਤੇ ਮਜ਼ਬੂਤ ਭਾਈਚਾਰਕ ਸ਼ਮੂਲੀਅਤ ਅਤੇ ਬਿਮਾਰੀ ਰੋਕਥਾਮ ਦੇਖਭਾਲ ਲਈ ਕਿਹਾ। ਡਾ. ਰੰਧਾਵਾ ਨੇ ਯੂਨੀਵਰਸਿਟੀ ਦੀ ਇੱਕ ਸਿਹਤ ਸਿਧਾਂਤ ਪ੍ਰਤੀ ਵਚਨਬੱਧਤਾ ਨੂੰ ਉਜਾਗਰ ਕੀਤਾ ਅਤੇ ਸਮਾਗਮ ਦੇ ਆਯੋਜਨ ਲਈ ਵਿਦਿਆਰਥੀਆਂ ਅਤੇ ਸਟਾਫ ਦੀ ਪ੍ਰਸ਼ੰਸਾ ਕੀਤੀ। ਡਾ. ਰਾਜ ਸੁਖਬੀਰ ਸਿੰਘ ਨੇ ਵੀਰਬੈਕ ਐਨੀਮਲ ਹੈਲਥ ਇੰਡੀਆ ਪ੍ਰਾਈਵੇਟ ਲਿਮਟਿਡ, ਅਲੇਮਬਿਕ ਫਾਰਮਾਸਿਊਟੀਕਲਜ਼ ਲਿਮਟਿਡ, ਕੈਰਸ ਲੈਬਾਰਟਰੀਜ਼ ਪ੍ਰਾਈਵੇਟ ਲਿਮਟਿਡ ਦੁਆਰਾ ਮੁਫਤ ਟੀਕੇ ਅਤੇ ਸਪਲੀਮੈਂਟ ਪ੍ਰਦਾਨ ਕਰਨ ਲਈ ਦਿੱਤੇ ਗਏ ਯੋਗਦਾਨ ਦੀ ਸ਼ਲਾਘਾ ਕੀਤੀ।

# ਗੁਰਮੀਤ ਸਿੰਘ ਖੁੱਡੀਆਂ ਨੇ ਹਮਦਰਦੀ ਵਾਲੇ ਅੱਠ ਉਮੀਦਵਾਰਾਂ ਨੂੰ ਨੌਕਰੀ ਪੱਤਰ ਸੌਂਪੇ

**ਗਿੱਦੜਬਾਹਾ/ਨਰਿੰਦਰ ਵਧਵਾ**



ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਾਤ ਨੇ ਐਸ.ਏ.ਐਸ. ਨਗਰ ਵਿਖੇ ਬੋਰਡ ਦੇ ਮੁੱਖ ਦਫਤਰ ਵਿਖੇ ਪੰਜਾਬ ਮੰਡੀ ਬੋਰਡ ਵਿੱਚ ਤਰਸ ਦੇ ਆਧਾਰ 'ਤੇ ਅੱਠ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ।ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਅਧੀਨ ਕੀਤੀਆਂ ਗਈਆਂ ਨਿਯੁਕਤੀਆਂ ਪੰਜਾਬ ਸਰਕਾਰ ਦੀ ਨੀਤੀ ਦੀ ਅਗਵਾਈ ਕਰਦੀਆਂ ਹਨ ਕਿ ਮ੍ਰਿਤਕ ਕਰਮਚਾਰੀਆਂ ਦੇ ਆਸ਼ਰਿਤਾਂ ਨੂੰ ਘੱਟੋ-ਘੱਟ ਸਮੇਂ ਵਿੱਚ ਮਦਦ ਦਾ ਹੱਥ ਵਧਾਇਆ ਜਾਵੇ।ਸਾਡੀ ਸਰਕਾਰ ਨੌਜਵਾਨਾਂ ਨੂੰ ਬਿਨਾਂ ਕਿਸੇ ਸਿਫਾਰਸ਼ ਦੇ ਪੂਰੀ ਤਰ੍ਹਾਂ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਪ੍ਰਦਾਨ ਕਰ ਰਹੀ ਹੈ ਅਤੇ 65000 ਤੋਂ ਵੱਧ ਸਰਕਾਰੀ ਨੌਕਰੀਆਂ ਪਹਿਲਾਂ ਹੀ ਨੌਜਵਾਨਾਂ ਨੂੰ ਦਿੱਤੀਆਂ ਜਾ ਚੁੱਕੀਆਂ ਹਨ,"ਸ. ਖੁੱਡੀਆਂ ਨੇ ਨਵ-ਨਿਯੁਕਤ ਕਰਮਚਾਰੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਅਤੇ ਉਨ੍ਹਾਂ ਨੂੰ ਪੂਰੀ ਮਿਹਨਤ, ਇਮਾਨਦਾਰੀ ਅਤੇ ਸਮਰਪਣ ਦੀ ਭਾਵਨਾ ਨਾਲ ਆਪਣੇ ਫਰਜ਼ ਨਿਭਾਉਣ ਲਈ ਉਤਸ਼ਾਹਿਤ ਕੀਤਾ।ਇਹ ਕਦਮ ਪ੍ਰਭਾਵਿਤ ਪਰਿਵਾਰਾਂ ਨੂੰ ਕਾਫ਼ੀ ਸਹਾਇਤਾ ਪ੍ਰਦਾਨ ਕਰੇਗਾ। ਉਨ੍ਹਾਂ ਅੱਗੇ ਕਿਹਾ ਕਿ ਇਹ ਨੌਜਵਾਨ ਉਮੀਦਵਾਰ ਹੁਣ ਪੰਜਾਬ ਅਤੇ ਮੰਡੀ ਬੋਰਡ ਦੀ ਤਰੱਕੀ ਵਿੱਚ ਯੋਗਦਾਨ ਪਾਉਣਗੇ। ਇਸ ਮੌਕੇ ਪੰਜਾਬ ਮੰਡੀ ਬੋਰਡ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਪੰਜਾਬ 'ਚ 30 ਅਪ੍ਰੈਲ ਤੋਂ ਸ਼ੁਰੂ ਹੋਵੇਗਾ ਮਰਦਮਸ਼ੁਮਾਰੀ 2027 ਦਾ ਪਹਿਲਾ ਪੜਾਅ

**ਚੰਡੀਗੜ੍ਹ/ਬਿਊਰੋ**

ਮਰਦਮਸ਼ੁਮਾਰੀ 2027 ਦੇ ਪੜਾਅ-9 (ਹਾਊਸਲਿਸਟਿੰਗ ਅਤੇ ਹਾਊਸਿੰਗ ਸੈਂਸਸ) ਅਤੇ ਸਵੈ-ਗਣਨਾ ਦੀ ਸ਼ੁਰੂਆਤ 'ਤੇ ਵਿਸ਼ੇਸ਼ ਜ਼ੋਰ ਦਿੰਦੇ ਹੋਏ ਮੀਡੀਆ ਨੂੰ ਜਾਣਕਾਰੀ ਦੇਣ ਲਈ, ਪੰਜਾਬ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਜਨਗਣਨਾ ਸੰਚਾਲਨ ਡਾਇਰੈਕਟੋਰੇਟ ਦੇ ਡਾਇਰੈਕਟਰ ਡਾ. ਨਵਜੋਤ ਖੋਸਾ, ਆਈ.ਏ.ਐੱਸ. ਅਤੇ ਪੰਜਾਬ ਦੇ ਸਥਾਨਕ ਸਰਕਾਰਾਂ ਵਿਭਾਗ ਦੇ ਪ੍ਰਬੰਧਕੀ ਸਕੱਤਰ ਸ੍ਰੀ ਮਨਜੀਤ ਸਿੰਘ ਬਰਾੜ, ਆਈ.ਏ.ਐੱਸ. ਵੱਲੋਂ ਇੱਕ ਸਾਂਝੀ ਪ੍ਰੈੱਸ ਕਾਨਫਰੰਸ ਆਯੋਜਿਤ ਕੀਤੀ ਗਈ। ਭਾਰਤ ਵਿੱਚ ਮਰਦਮਸ਼ੁਮਾਰੀ, ਜਨਗਣਨਾ ਐਕਟ, 1948 ਅਤੇ ਜਨਗਣਨਾ ਨਿਯਮ, 1990 ਦੀਆਂ ਵਿਵਸਥਾਵਾਂ ਤਹਿਤ ਕੀਤੀ ਜਾਂਦੀ ਹੈ। ਮਰਦਮਸ਼ੁਮਾਰੀ 2027 ਭਾਰਤ ਵਿੱਚ 16ਵੀਂ ਅਤੇ ਆਜ਼ਾਦੀ ਤੋਂ ਬਾਅਦ ਅੱਠਵੀਂ ਮਰਦਮਸ਼ੁਮਾਰੀ ਹੋਵੇਗੀ। ਪਿਛਲੀ ਮਰਦਮਸ਼ੁਮਾਰੀ 2011 ਵਿੱਚ ਕੀਤੀ ਗਈ ਸੀ, ਜਦੋਂ ਕਿ 2021 ਦੀ ਮਰਦਮਸ਼ੁਮਾਰੀ ਨੂੰ ਕੋਵਿਡ-19 ਮਹਾਂਮਾਰੀ ਕਾਰਨ ਮੁਲਤਵੀ ਕਰ ਦਿੱਤਾ ਗਿਆ ਸੀ। ਪ੍ਰੈੱਸ ਕਾਨਫਰੰਸ ਦੌਰਾਨ ਇਹ ਜਾਣਕਾਰੀ ਦਿੱਤੀ ਗਈ ਕਿ ਮਰਦਮਸ਼ੁਮਾਰੀ ਦਾ ਡੇਟਾ ਸਮਾਜਿਕ-ਆਰਥਿਕ ਅਤੇ ਜਨਸੰਖਿਆ ਸਬੰਧੀ ਜਾਣਕਾਰੀ ਦੇ ਇੱਕ ਵਿਆਪਕ ਸਰੋਤ ਵਜੋਂ ਕੰਮ ਕਰਦਾ ਹੈ ਅਤੇ ਵਿਕਾਸ ਯੋਜਨਾਬੰਦੀ, ਭਲਾਈ ਸਕੀਮਾਂ ਉਲੀਕਣ ਅਤੇ ਜਨਤਕ ਸੇਵਾਵਾਂ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਮਰਦਮਸ਼ੁਮਾਰੀ 2027 ਦੋ ਪੜਾਵਾਂ ਵਿੱਚ



ਕਰਵਾਈ ਜਾਵੇਗੀ। ਪੜਾਅ-9, ਜਿਸ ਵਿੱਚ 30 ਅਪ੍ਰੈਲ, 2026 ਤੋਂ 14 ਮਈ, 2026 ਤੱਕ ਸਵੈ-ਗਣਨਾ ਅਤੇ ਇਸ ਤੋਂ ਬਾਅਦ 15 ਮਈ, 2026 ਤੋਂ 13 ਜੂਨ, 2026 ਤੱਕ ਘਰ-ਘਰ ਜਾ ਕੇ ਜਨਗਣਨਾ ਸ਼ਾਮਲ ਹੈ ਅਤੇ ਪੜਾਅ-99 ਆਬਾਦੀ ਗਣਨਾ 9 ਫਰਵਰੀ, 2027 ਤੋਂ 28 ਫਰਵਰੀ, 2027 ਤੱਕ ਨਿਰਧਾਰਤ ਹੈ। ਪੜਾਅ-9 ਦਾ ਧਿਆਨ ਰਿਹਾਇਸ਼ ਦੀ ਸਥਿਤੀ, ਸਹੂਲਤਾਂ ਅਤੇ ਸੰਪਤੀਆਂ 'ਤੇ ਰਹੇਗਾ ਅਤੇ ਇਹ ਆਬਾਦੀ ਗਣਨਾ ਪੜਾਅ ਲਈ ਆਧਾਰ ਦਾ ਕੰਮ ਕਰੇਗਾ। ਡਾ. ਨਵਜੋਤ ਖੋਸਾ ਨੇ ਦੱਸਿਆ ਕਿ ਮਰਦਮਸ਼ੁਮਾਰੀ 2027 ਪਹਿਲੀ ਵਾਰ ਡਿਜੀਟਲ ਮੋਡ ਵਿੱਚ ਮੋਬਾਈਲ ਐਪਲੀਕੇਸ਼ਨ ਦੇ ਨਾਲ-ਨਾਲ ਆਨਲਾਈਨ ਪੋਰਟਲ (https://se.census.gov.in) ਰਾਹੀਂ ਸਵੈ-ਗਣਨਾ ਸ਼ੁਰੂ ਕਰਨ ਦੇ ਨਾਲ ਆਯੋਜਿਤ ਕੀਤੀ ਜਾਵੇਗੀ। ਲੋਕ ਨਿਰਧਾਰਤ ਸਮੇਂ ਦੌਰਾਨ ਆਪਣੇ ਵੇਰਵੇ ਭਰ ਕੇ ਜਮ?ਹਾਂ ਕਰਨ 'ਤੇ ਇੱਕ ਵਿਲੱਖਣ ਸਵੈ-ਗਣਨਾ ਹਵਾਲਾ ਆਈਡੀ ਪ੍ਰਾਪਤ ਕਰਨਗੇ, ਜਿਸ ਨੂੰ ਖੇਤਰੀ ਤਸਦੀਕ ਦੌਰਾਨ ਗਣਨਾ ਕਰਨ ਵਾਲੇ ਕਰਮਚਾਰੀ ਨਾਲ ਸਾਂਝਾ ਕੀਤਾ ਜਾਵੇਗਾ। ਜਨਗਣਨਾ ਪ੍ਰਬੰਧਨ ਅਤੇ ਨਿਗਰਾਨੀ ਪ੍ਰਣਾਲੀ ਰਾਹੀਂ ਰੀਅਲ ਟਾਇਮ ਮਾਨੀਟਰਿੰਗ ਕੀਤੀ ਜਾਵੇਗੀ ਅਤੇ ਮਕਾਨ ਸੂਚੀਕਰਨ ਬਲਾਕ ਬਣਾਉਣ ਲਈ ਵੈੱਬ-ਆਧਾਰਿਤ ਮੈਪਿੰਗ ਦੀ ਵਰਤੋਂ ਕੀਤੀ ਗਈ ਹੈ। ਸ੍ਰੀ ਮਨਜੀਤ ਬਰਾੜ, ਜਨਗਣਨਾ ਦੇ ਸਟੇਟ ਨੋਡਲ ਅਫ਼ਸਰ, ਨੇ ਸੂਚਿਤ ਕੀਤਾ ਕਿ ਵਿਆਪਕ ਪ੍ਰਬੰਧਕੀ ਇੰਤਜ਼ਾਮ ਕੀਤੇ ਗਏ ਹਨ। ਇਹਨਾਂ ਵਿੱਚ ਪੂਰੇ ਸੂਬੇ ਵਿੱਚ ਮਕਾਨ ਸੂਚੀਕਰਨ ਬਲਾਕ ਬਣਾਉਣਾ ਅਤੇ ਅੰਦਾਜ਼ਨ 67,000 ਗਣਨਾ ਕਰਨ ਵਾਲੇ ਕਰਮਚਾਰੀਆਂ ਅਤੇ ਸੁਪਰਵਾਈਜ਼ਰਾਂ (ਰਿਜ਼ਰਵ ਸਮੇਤ) ਦੀ ਨਿਯੁਕਤੀ ਸ਼ਾਮਲ ਹੈ। ਉਹਨਾਂ ਅੱਗੇ ਕਿਹਾ ਕਿ ਮਰਦਮਸ਼ੁਮਾਰੀ ਕਾਮਿਆਂ ਦੀ ਸਿਖਲਾਈ ਇੱਕ ਵਿਵਸਥਿਤ ਅਤੇ ਪੜਾਅਵਾਰ ਤਰੀਕੇ ਨਾਲ ਕੀਤੀ ਗਈ ਹੈ। ਪੰਜਾਬ ਵਿੱਚ 52 ਮਾਸਟਰ ਟਰੇਨਰਾਂ (ਸੂਬੇ ਤੋਂ 36 ਅਤੇ ਡੀਸੀਓ, ਪੰਜਾਬ ਤੋਂ 16) ਅਤੇ 932 ਫੀਲਡ ਟਰੇਨਰਾਂ ਦੀ ਸਿਖਲਾਈ ਸਫਲਤਾਪੂਰਵਕ ਮੁਕੰਮਲ ਹੋ ਚੁੱਕੀ ਹੈ। ਗਣਨਾ ਕਰਨ ਵਾਲੇ ਕਰਮਚਾਰੀਆਂ ਅਤੇ ਸੁਪਰਵਾਈਜ਼ਰਾਂ ਦੀ ਸਿਖਲਾਈ 16 ਅਪ੍ਰੈਲ ਤੋਂ 9 ਮਈ, 2026 ਤੱਕ ਸੂਬੇ ਭਰ ਦੇ ਵੱਖ-ਵੱਖ ਸਥਾਨਾਂ 'ਤੇ ਚੱਲ ਰਹੀ ਹੈ, ਜੋ ਮਰਦਮਸ਼ੁਮਾਰੀ ਦੇ ਕੰਮ ਨੂੰ ਸੁਚਾਰੂ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਤਿਆਰੀ ਨੂੰ ਯਕੀਨੀ ਬਣਾਉਂਦੀ ਹੈ। ਮੀਡੀਆ ਦੀ ਭੂਮਿਕਾ 'ਤੇ ਜ਼ੋਰ ਦਿੰਦਿਆਂ ਕਿਹਾ ਗਿਆ ਕਿ ਮੀਡੀਆ ਲੋਕਤੰਤਰ ਦਾ ਇੱਕ ਅਹਿਮ ਥੰਮ੍ਹ ਹੈ। ਮੀਡੀਆ ਨੂੰ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ, ਜਨਤਕ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਅਤੇ ਗਲਤ ਜਾਣਕਾਰੀ, ਖਾਸ ਕਰਕੇ ਡਿਜੀਟਲ ਗਣਨਾ ਅਤੇ ਡੇਟਾ ਦੀ ਗੁਪਤਤਾ ਨਾਲ ਸਬੰਧਤ ਭੁਲੇਖਿਆਂ ਨੂੰ ਦੂਰ ਕਰਨ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਗਈ ਸੀ। ਵਸਨੀਕਾਂ ਨੂੰ ਮਰਦਮਸ਼ੁਮਾਰੀ ਵਿੱਚ ਸਰਗਰਮੀ ਨਾਲ ਹਿੱਸਾ ਲੈਣ, ਸਹੀ ਜਾਣਕਾਰੀ ਪ੍ਰਦਾਨ ਕਰਨ ਅਤੇ ਗਣਨਾ ਕਰਨ ਵਾਲਿਆਂ ਨੂੰ ਪੂਰਾ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ। ਇਹ ਦੁਹਰਾਇਆ ਗਿਆ ਕਿ ਇਕੱਠੀ ਕੀਤੀ ਗਈ ਸਾਰੀ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰਹੇਗੀ ਅਤੇ ਇਸਦੀ ਵਰਤੋਂ ਸਿਰਫ਼ ਅੰਕੜਾਗਤ ਉਦੇਸ਼ਾਂ ਲਈ ਹੀ ਕੀਤੀ ਜਾਵੇਗੀ।

# 'ਆਪ' ਸਰਕਾਰ ਨੇ 20 ਦਿਨਾਂ 'ਚ ਲਿਆ 2,800 ਕਰੋੜ ਦਾ ਕਰਜ਼ਾ

## ਅਕਾਲੀ ਆਗੂ ਨੇ ਸੰਗਰੂਰ ਸ਼ਹਿਰ ਵਿੱਚ ਕੀਤੀਆਂ ਜਨਤਕ ਮੀਟਿੰਗਾਂ

**ਸੰਗਰੂਰ/ਬਿਊਰੋ**



ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਰਜ਼ੇ ਦੇ ਮੁੱਦੇ 'ਤੇ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ 'ਤੇ ਹਮਲਾ ਬੋਲਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਸਿਰਫ਼ 20 ਦਿਨਾਂ ਵਿੱਚ 2,800 ਕਰੋੜ ਰੁਪਏ ਦਾ ਕਰਜ਼ਾ ਲੈ ਕੇ ਜਿੱਥੇ ਨਵਾਂ ਰਿਕਾਰਡ ਕਾਇਮ ਕੀਤਾ ਹੈ, ਉੱਥੇ ਹੀ ਪੰਜਾਬ ਨੂੰ ਵਿੱਤੀ ਸੰਕਟ ਵੱਲ ਵੀ ਧੱਕ ਦਿੱਤਾ ਹੈ। ਅਰਵਿੰਦ ਖੰਨਾ ਸਥਾਨਕ ਅੰਬੇਡਕਰ ਨਗਰ ਅਤੇ ਪ੍ਰਤਾਪ ਨਗਰ ਵਿੱਚ ਜਨਤਕ ਮੀਟਿੰਗਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਅਪ੍ਰੈਲ ਮਹੀਨੇ ਦੌਰਾਨ, ਪੰਜਾਬ ਸਰਕਾਰ ਨੇ 2 ਅਪ੍ਰੈਲ ਨੂੰ ਗੁਪਤ ਰੂਪ ਵਿੱਚ 1,500 ਕਰੋੜ ਰੁਪਏ ਦਾ ਕਰਜ਼ਾ ਲਿਆ ਅਤੇ ਹੁਣ 21 ਅਪ੍ਰੈਲ ਨੂੰ 1,300 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਸਾਲ 2022 ਵਿੱਚ ਰੰਗਲਾ ਪੰਜਾਬ ਦਾ ਨਾਅਰਾ ਦੇ ਕੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੀ ਆਮ ਆਦਮੀ ਪਾਰਟੀ ਨੇ ਕਰਜ਼ ਦੇ ਮਾਮਲੇ ਵਿੱਚ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਅਰਵਿੰਦ ਖੰਨਾ ਨੇ ਕਿਹਾ ਕਿ 1,300 ਕਰੋੜ ਰੁਪਏ ਦਾ ਕਰਜ਼ਾ ਸਾਲ 2038 ਤੱਕ ਵਾਪਸ ਕੀਤਾ ਜਾਵੇਗਾ। ਅਕਾਲੀ ਆਗੂ ਨੇ ਕਿਹਾ ਕਿ ਪੰਜਾਬ 'ਤੇ ਇਸ ਵੇਲੇ ਚਾਰ ਲੱਖ ਕਰੋੜ ਦਾ ਕਰਜ਼ਾ ਹੈ, ਜੋ ਲਗਾਤਾਰ ਵਧਦਾ ਜਾ ਰਿਹਾ ਹੈ। ਅਰਵਿੰਦ ਖੰਨਾ ਨੇ ਕਿਹਾ ਕਿ ਜੇਕਰ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਆਉਂਦੀ ਹੈ ਤਾਂ ਸੂਬੇ ਨੂੰ ਆਰਥਿਕ ਤੌਰ 'ਤੇ ਆਤਮਨਿਰਭਰ ਬਣਾਇਆ ਜਾਵੇਗਾ। ਅਰਵਿੰਦ ਖੰਨਾ ਨੇ ਪੂਨੀਆ ਟਾਵਰ ਵਿਖੇ ਸ਼ਹਿਰ ਦੇ ਸਾਰੇ 29 ਵਾਰਡਾਂ ਦੇ ਵਰਕਰਾਂ ਦੀ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਦੀ ਹਦਾਇਤ ਕੀਤੀ। ਮੀਟਿੰਗ ਵਿੱਚ ਮੌਜੂਦ ਸਾਰੇ ਵਰਕਰਾਂ ਨੇ ਸੰਗਰੂਰ ਦਾ ਵਿਕਾਸ ਕਰਨ ਦਾ ਪ੍ਰਣ ਲਿਆ। ਇਸ ਮੌਕੇ ਕਈ ਮੌਜੂਦਾ ਅਤੇ ਸਾਬਕਾ ਕੌਂਸਲਰ, ਅਕਾਲੀ ਦਲ ਦੇ ਅਹੁਦਦਾਰ ਅਤੇ ਵਰਕਰ ਮੌਜੂਦ ਸਨ।

ਪੰਜਾਬੀ ਭਾਸ਼ਾ ਵਿੱਚ ਅਖ਼ਬਾਰਾਂ, ਮੈਗਜ਼ੀਨ ਅਤੇ ਕਿਤਾਬਾਂ ਤਿਆਰ ਕਰਵਾਉਣ ਲਈ ਸੰਪਰਕ ਕਰੋ:
89685-44271
E-mail: vicksam125@gmail.com

# ਜ਼ਿਲ੍ਹਾ ਪ੍ਰਸ਼ਾਸਨ ਨੇ 'ਫਿਊਚਰ ਟਾਈਕੂਨ' ਪੁਰਸਕਾਰ ਸਮਾਰੋਹ ਵਿੱਚ ਨੌਜਵਾਨ ਉੱਦਮੀਆਂ ਦਾ ਕੀਤਾ ਸਨਮਾਨ

## ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਕੀਤਾ ਐਲਾਨ, ਜਲਦੀ ਆਵੇਗਾ ਫਿਊਚਰ ਟਾਈਕੂਨਜ਼ ਦਾ ਦੂਜਾ ਸੀਜ਼ਨ

**ਲੁਧਿਆਣਾ/ਵਾਸੂ ਜੇਤਲੀ**






ਜ਼ਿਲ੍ਹਾ ਪ੍ਰਸ਼ਾਸਨ ਨੇ ਸ਼ੁੱਕਰਵਾਰ ਨੂੰ ਫਿਊਚਰ ਟਾਈਕੂਨ ਪ੍ਰੋਗਰਾਮ ਦਾ ਪੁਰਸਕਾਰ ਅਤੇ ਸਨਮਾਨ ਸਮਾਰੋਹ ਆਯੋਜਿਤ ਕੀਤਾ ਜੋ ਕਿ ਨਵੀਨਤਾ ਨੂੰ ਉਤਸ਼ਾਹਿਤ ਕਰਨ ਅਤੇ ਨੌਕਰੀ ਲੱਭਣ ਵਾਲਿਆਂ ਨੂੰ ਨੌਕਰੀ ਸਿਰਜਣਹਾਰਾਂ ਵਿੱਚ ਬਦਲਣ ਦੇ ਉਦੇਸ਼ ਨਾਲ ਇੱਕ ਉੱਦਮੀ ਪਹਿਲਕਦਮੀ ਦੇ ਸਫਲ ਸਿੱਟੇ ਵਜੋਂ ਦਰਸਾਇਆ ਗਿਆ ਹੈ। ਜ਼ਿਲ੍ਹਾ ਪ੍ਰਸ਼ਾਸਨ ਦੁਆਰਾ 15 ਅਗਸਤ, 2024 ਨੂੰ ਸਟਾਰਟਅੱਪ ਪੰਜਾਬ ਦੇ ਸਹਿਯੋਗ ਨਾਲ ਸ਼ੁਰੂ ਕੀਤਾ ਗਿਆ, ਇਸ ਪ੍ਰੋਗਰਾਮ ਨੂੰ 4,600 ਤੋਂ ਵੱਧ ਅਰਜ਼ੀਆਂ ਨਾਲ ਭਰਵਾਂ ਹੁੰਗਾਰਾ ਮਿਲਿਆ। ਇੱਕ ਸਖ਼ਤ ਬਹੁ-ਪੜਾਵੀ ਚੋਣ ਪ੍ਰਕਿਰਿਆ ਤੋਂ ਬਾਅਦ, ਜਿਸ ਵਿੱਚ ਵਿਚਾਰ ਸਕ੍ਰੀਨਿੰਗ, ਬੂਟਕੈਂਪ ਅਤੇ ਜਿਊਰੀ ਦੌਰ ਸ਼ਾਮਲ ਸਨ, 25 ਫਾਈਨਲਿਸਟ ਟੀਮਾਂ ਉੱਭਰ ਕੇ ਸਾਹਮਣੇ ਆਈਆਂ ਜੋ ਕਿ ਭਾਗੀਦਾਰਾਂ ਦੇ ਸਿਖਰਲੇ 0.5 ਫੀਸਦੀ ਦੀ ਨੁਮਾਇੰਦਗੀ ਕਰਦੀਆਂ ਸਨ। ਇਸ ਪਹਿਲਕਦਮੀ ਵਿੱਚ ਓਪਨ, ਵਿਦਿਆਰਥੀ, ਔਰਤਾਂ, ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਅਤੇ ਸਸਟੇਨੇਬਲ ਐਗਰੀਕਲਚਰ ਵਰਗੀਆਂ ਕਈ ਸ਼੍ਰੇਣੀਆਂ ਸ਼ਾਮਲ ਸਨ। 16 ਅਪ੍ਰੈਲ, 2026 ਨੂੰ ਹੋਏ ਗ੍ਰੈਂਡ ਫਿਨਾਲੇ ਦੌਰਾਨ ਫਾਈਨਲਿਸਟਾਂ ਨੇ ਆਪਣੇ ਨਵੀਨਤਾਕਾਰੀ ਵਿਚਾਰ ਪੇਸ਼ ਕੀਤੇ। ਓਪਨ ਸ਼੍ਰੇਣੀ ਵਿੱਚ ਗੌਰਵ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਰਾਜੀਵ ਕੁਮਾਰ ਅਤੇ ਮਨਪ੍ਰੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਮਹਿਲਾ ਸ਼੍ਰੇਣੀ ਵਿੱਚ ਡਾ. ਨੀਲਮ ਸੋਢੀ ਪਹਿਲੇ ਸਥਾਨ 'ਤੇ ਰਹੇ, ਵਾਸੂ ਸਿੰਘ ਅਤੇ ਸ਼ਰੂਤੀ ਗੋਇਲ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਦੀ ਸ਼੍ਰੇਣੀ ਵਿੱਚ ਕੌਰ ਸਿੰਘ ਗਰੇਵਾਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਚਾਹਤ ਗੋਇਲ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਵਿਦਿਆਰਥੀ ਸ਼੍ਰੇਣੀ ਵਿੱਚ ਯਸ਼ਿਕ ਜੈਨ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਅਰਮਾਨਜੋਤ ਸਿੰਘ ਤੇ ਪ੍ਰੀਸ਼ਾ ਸਾਹੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਸਸਟੇਨੇਬਲ ਐਗਰੀਕਲਚਰ ਸ਼੍ਰੇਣੀ ਵਿੱਚ ਅਦਿਤੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਜਦੋਂ ਕਿ ਅਨਮੋਲ ਭਾਟੀਆ ਅਤੇ ਡਾ. ਰੁਚਿਕਾ ਨੇ ਸਾਂਝੇ ਤੌਰ 'ਤੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਡਾ. ਵਿਪਾਸ਼ਾ ਤੀਜੇ ਸਥਾਨ 'ਤੇ ਰਹੇ। ਹਰੇਕ ਸ਼੍ਰੇਣੀ ਦੇ ਚੋਟੀ ਦੇ ਤਿੰਨ ਜੇਤੂਆਂ ਨੂੰ ਕ੍ਰਮਵਾਰ 30,000 ਰੁਪਏ, 20,000 ਰੁਪਏ ਅਤੇ 10,000 ਰੁਪਏ ਦੇ ਨਕਦ ਇਨਾਮ ਦਿੱਤੇ ਗਏ। ਇਨਾਮੀ ਰਾਸ਼ੀ ਸਟਾਰਟਅੱਪ ਪੰਜਾਬ ਵੱਲੋਂ ਦਿੱਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਸਟਾਰਟਅੱਪ ਪੰਜਾਬ, ਮੁੰਜਾਲ ਬਰਮਿੰਘਮ ਸਿਟੀ ਯੂਨੀਵਰਸਿਟੀ ਸੈਂਟਰ ਆਫ਼ ਇਨੋਵੇਸ਼ਨ ਐਂਡ ਅੰਟਰਪ੍ਰਨਿਓਰਸ਼ਿਪ (ਐਮ.ਬੀ.ਸੀ.ਆਈ.ਈ) ਲੁਧਿਆਣਾ ਏਂਜਲ ਨੈੱਟਵਰਕ, ਸੀ.ਆਈ.ਸੀ.ਯੂ, ਹੈਪੀ ਫੋਰਜਿੰਗ, ਇਨੋਵੇਸ਼ਨ ਮਿਸ਼ਨ ਪੰਜਾਬ ਅਤੇ ਪੰਜਾਬ ਐਂਡ ਸਿੰਧ ਬੈਂਕ ਸਮੇਤ ਮੁੱਖ ਭਾਈਵਾਲਾਂ ਦੇ ਸਹਿਯੋਗੀ ਯਤਨਾਂ ਦਾ ਧੰਨਵਾਦ ਕੀਤਾ। ਪੀ.ਏ.ਯੂ, ਸੀ.ਟੀ ਯੂਨੀਵਰਸਿਟੀ, ਪੀ.ਸੀ.ਟੀ.ਈ ਅਤੇ ਐਸ.ਟੀ.ਈ.ਪੀ ਜੀ.ਐਨ.ਡੀ.ਈ.ਸੀ ਵਰਗੀਆਂ ਅਕਾਦਮਿਕ ਸੰਸਥਾਵਾਂ ਨੇ ਭਾਗੀਦਾਰਾਂ ਨੂੰ ਸਲਾਹ ਦੇਣ ਅਤੇ ਇਨਕਿਊਬੇਸ਼ਨ ਸਹਾਇਤਾ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸਮੂਹਿਕ ਤੌਰ 'ਤੇ ਭਾਈਵਾਲਾਂ ਨੇ ਪ੍ਰੋਗਰਾਮ ਤੋਂ ਉੱਭਰ ਰਹੇ ਹੋਣਹਾਰ ਸਟਾਰਟਅੱਪਸ ਨੂੰ ਸਮਰਥਨ ਦੇਣ ਲਈ 10 ਕਰੋੜ ਰੁਪਏ ਤੋਂ ਵੱਧ ਦੀ ਬੀਜ ਪੂੰਜੀ ਦਾ ਵਾਅਦਾ ਕੀਤਾ ਹੈ। ਲੁਧਿਆਣਾ ਏਂਜਲ ਨੈੱਟਵਰਕ ਨੇ ਸਾਰੇ 25 ਫਾਈਨਲਿਸਟਾਂ ਲਈ ਉਨ੍ਹਾਂ ਦੇ ਵਪਾਰਕ ਵਿਚਾਰਾਂ ਨੂੰ ਵਪਾਰਕ ਪੱਧਰ 'ਤੇ ਲਿਜਾਣ ਲਈ ਵਿਸ਼ੇਸ਼ ਸਹਾਇਤਾ ਦਾ ਐਲਾਨ ਕੀਤਾ। ਸੀ.ਆਈ.ਸੀ.ਯੂ ਨੇ ਇਨ੍ਹਾਂ ਸਾਰੇ 25 ਫਾਈਨਲਿਸਟਾਂ ਨੂੰ ਸਮਰਥਨ ਅਤੇ ਸਹਾਇਤਾ ਦੇਣ ਲਈ ਇੱਕ ਵਿਸ਼ੇਸ਼ ਸੈੱਲ ਦਾ ਐਲਾਨ ਕੀਤਾ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਵਿਦਿਆਰਥੀਆਂ, ਨੌਜਵਾਨਾਂ, ਔਰਤਾਂ, ਵਿਸ਼ੇਸ਼ ਤੌਰ ਤੇ ਲੋੜਾਂ ਵਾਲੇ ਵਿਅਕਤੀਆਂ ਅਤੇ ਆਮ ਲੋਕਾਂ ਨੂੰ ਨਵੀਨਤਾਕਾਰੀ ਵਿਚਾਰ ਪੇਸ਼ ਕਰਨ ਅਤੇ ਉਨ੍ਹਾਂ ਨੂੰ ਵਿਹਾਰਕ ਉੱਦਮਾਂ ਵਿੱਚ ਬਦਲਣ ਲਈ ਉਤਸ਼ਾਹਿਤ ਕਰਨਾ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਲੁਧਿਆਣਾ ਦੀ ਉਦਯੋਗਿਕ ਉੱਤਮਤਾ ਦੀ ਵਿਰਾਸਤ ਨੂੰ ਹੁਣ ਨਵੀਂ ਪੀੜ੍ਹੀ ਦੇ ਨਵੀਨਤਾਕਾਰਾਂ ਦੁਆਰਾ ਅੱਗੇ ਵਧਾਇਆ ਜਾ ਰਿਹਾ ਹੈ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੀ ਨਿਰੰਤਰ ਸਲਾਹ, ਫੰਡਿੰਗ ਪਹੁੰਚ ਅਤੇ ਈਕੋਸਿਸਟਮ ਵਿਕਾਸ ਦੁਆਰਾ ਇਨ੍ਹਾਂ ਸਟਾਰਟਅੱਪਸ ਦਾ ਸਮਰਥਨ ਕਰਨ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਹਿਮਾਂਸ਼ੂ ਜੈਨ ਨੇ ਅੱਗੇ ਕਿਹਾ ਕਿ ਪ੍ਰਸ਼ਾਸਨ ਜਲਦੀ ਹੀ ਫਿਊਚਰ ਟਾਈਕੂਨਜ਼ ਦਾ ਦੂਜਾ ਸੀਜ਼ਨ ਸ਼ੁਰੂ ਕਰੇਗਾ, ਜਿਸ ਵਿੱਚ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ 'ਤੇ ਵਧੇਰੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਆਉਣ ਵਾਲੇ ਐਡੀਸ਼ਨ ਵਿੱਚ ਬੀਜ ਫੰਡਿੰਗ ਵਿੱਚ ਵਾਧਾ ਹੋਵੇਗਾ ਅਤੇ 10,000 ਤੋਂ ਵੱਧ ਅਰਜ਼ੀਆਂ ਨੂੰ ਆਕਰਸ਼ਿਤ ਕਰਨ ਦੀ ਉਮੀਦ ਹੈ।

ਪ੍ਰਸ਼ਾਸਨ ਦਾ ਉਦੇਸ਼ ਲੁਧਿਆਣਾ ਨੂੰ ਸਟਾਰਟਅੱਪਸ ਲਈ ਇੱਕ ਮੋਹਰੀ ਹੱਬ ਵਿੱਚ ਬਦਲਣਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ) ਲੁਧਿਆਣਾ ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਨੇ ਸੰਬੋਧਨ ਕਰਦਿਆਂ ਹੋਰ ਖੇਤੀਬਾੜੀ ਸਟਾਰਟਅੱਪਸ ਨੂੰ ਉਤਸ਼ਾਹਿਤ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੰਦਿਆਂ ਨਵੀਨਤਾ ਅਤੇ ਤਕਨਾਲੋਜੀ ਰਾਹੀਂ ਖੇਤੀਬਾੜੀ ਖੇਤਰ ਨੂੰ ਬਦਲਣ ਦੀ ਉਨ੍ਹਾਂ ਦੀ ਸੰਭਾਵਨਾ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਅਤੇ ਨੌਜਵਾਨ ਉੱਦਮੀਆਂ ਨੂੰ ਖੇਤੀਬਾੜੀ-ਕਾਰੋਬਾਰ ਅਤੇ ਸਹਾਇਕ ਖੇਤਰਾਂ ਵਿੱਚ ਮੌਕਿਆਂ ਦੀ ਖੋਜ ਕਰਨ ਲਈ ਉਤਸ਼ਾਹਿਤ ਕਰਦਿਆਂ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਪੇਂਡੂ ਆਰਥਿਕਤਾ ਨੂੰ ਮਜ਼ਬੂਤ ਕਰਨ ਅਤੇ ਲੰਬੇ ਸਮੇਂ ਦੀ ਭੋਜਨ ਸੁਰੱਖਿਆ ਪ੍ਰਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀਆਂ ਹਨ। ਆਪਣੇ ਸੰਬੋਧਨ ਵਿੱਚ ਗਲਾਡਾ ਦੇ ਵਧੀਕ ਮੁੱਖ ਪ੍ਰਸ਼ਾਸਕ ਓਜਸਵੀ ਅਲੰਕਾਰ ਨੇ ਨੌਜਵਾਨ ਉਭਰਦੇ ਉੱਦਮੀਆਂ ਨੂੰ ਅੱਜ ਦੇ ਮੁਕਾਬਲੇ ਵਾਲੇ ਮਾਹੌਲ ਵਿੱਚ ਨਵੀਨਤਾ, ਲਚਕੀਲਾਪਣ ਅਤੇ ਅਨੁਕੂਲਤਾ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਸਟਾਰਟਅੱਪਸ ਨੂੰ ਇੱਕ ਵਿਹਾਰਕ ਕੈਰੀਅਰ ਮਾਰਗ ਵਜੋਂ ਖੋਜਣ ਲਈ ਉਤਸ਼ਾਹਿਤ ਕੀਤਾ। ਇਸ ਮੌਕੇ, ਜ਼ਿਲ੍ਹਾ ਪ੍ਰਸ਼ਾਸਨ ਅਤੇ ਐਮ.ਬੀ.ਸੀ.ਆਈ.ਈ ਵਿਚਕਾਰ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਇੱਕ ਏ.ਵੀ.ਜੀ.ਸੀ-ਐਕਸ.ਆਰ ਅਤੇ ਏ.ਆਈ ਸਿਖਲਾਈ ਪ੍ਰੋਗਰਾਮ ਸ਼ੁਰੂ ਕਰਨ ਲਈ ਉਦੈ (ਯੂਥ ਵਿੱਚ ਡਿਜੀਟਲ ਯੋਗਤਾਵਾਂ ਨੂੰ ਅਨਲੀਸ਼ ਕਰਨਾ) ਦੇ ਤਹਿਤ ਇੱਕ ਸਮਝੌਤਾ ਪੱਤਰ (ਐਮ.ਓ.ਯੂ) 'ਤੇ ਵੀ ਹਸਤਾਖਰ ਕੀਤੇ ਗਏ। ਪਹਿਲੇ ਪੜਾਅ ਵਿੱਚ 20 ਵਿਦਿਆਰਥੀ ਐਨੀਮੇਸ਼ਨ, ਵਿਜ਼ੂਅਲ ਇਫੈਕਟਸ (ਵੀ.ਐਫ.ਐਕਸ), ਗੇਮਿੰਗ, ਐਕਸਟੈਂਡਡ ਰਿਐਲਿਟੀ (ਐਕਸ.ਆਰ) ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ) ਵਿੱਚ ਵਿਸ਼ੇਸ਼ ਸਿਖਲਾਈ ਪ੍ਰਾਪਤ ਕਰਨਗੇ, ਜੋ ਉਨ੍ਹਾਂ ਨੂੰ ਭਵਿੱਖ ਲਈ ਤਿਆਰ ਹੁਨਰਾਂ ਨਾਲ ਲੈਸ ਕਰਨਗੇ ਅਤੇ ਉਨ੍ਹਾਂ ਦੇ ਕੈਰੀਅਰ ਦੇ ਮੌਕਿਆਂ ਨੂੰ ਵਧਾਉਣਗੇ। ਇਸ ਸਮਾਰੋਹ ਵਿੱਚ ਹੀਰੋ ਗਰੁੱਪ ਤੋਂ ਐਸ.ਕੇ. ਰਾਏ, ਸੀ.ਐਮ.ਡੀ. ਹੈਪੀ ਫੋਰਜਿੰਗ ਪਰਿਤੋਸ਼ ਗਰਗ, ਸੀ.ਆਈ.ਸੀ.ਯੂ. ਦੇ ਪ੍ਰਧਾਨ ਉਪਕਾਰ ਆਹੂਜਾ, ਸੀ.ਟੀ. ਯੂਨੀਵਰਸਿਟੀ ਦੇ ਵਾਈਸ ਚਾਂਸਲਰ ਹਰਪ੍ਰੀਤ ਸਿੰਘ, ਸਟਾਰਟਅੱਪ ਪੰਜਾਬ ਦੇ ਸਟਾਰਟਅੱਪ ਕੋਆਰਡੀਨੇਟਰ ਸਲਿਲ ਕਪਲਸ਼, ਇਨੋਵੇਸ਼ਨ ਮਿਸ਼ਨ ਪੰਜਾਬ ਦੇ ਸੀ.ਓ.ਓ ਤੋਂ ਆਸ਼ੀਸ਼, ਡਾ. ਪ੍ਰੇਮ ਕੁਮਾਰ, ਸ਼ਿਬਾਨੰਦ ਦਾਸ, ਸੀ.ਈ.ਓ, ਲੁਧਿਆਣਾ ਏਂਜਲ ਨੈੱਟਵਰਕ ਡਾ. ਨਰੇਸ਼ ਸਚਦੇਵ, ਡਾਇਰੈਕਟਰ ਪੀ.ਸੀ.ਟੀ.ਈ, ਪ੍ਰੋ. ਅਰਵਿੰਦ ਢੀਂਗਰਾ, ਐਸ.ਟੀ.ਈ.ਟੀ.ਈ, ਜੀ. ਐਨ. ਡੀ.ਈ.ਸੀ, ਹਾਈਵੇ ਇੰਡਸਟਰੀਜ਼ ਲਿਮਟਿਡ ਤੋਂ ਉਮੇਸ਼ ਮੁੰਜਾਲ, ਹੀਰੋ ਈਕੋਟੈਕ ਲਿਮਟਿਡ ਦੇ ਚੇਅਰਮੈਨ ਵਿਜੇ ਮੁੰਜਾਲ, ਰਾਲਸਨ ਟਾਇਰਜ਼ ਲਿਮਟਿਡ ਦੇ ਚੇਅਰਮੈਨ ਸੰਜੀਵ ਮੁੰਜਾਲ ਅਤੇ ਪੰਜਾਬ ਐਂਡ ਸਿੰਧ ਬੈਂਕ ਦੇ ਅਧਿਕਾਰੀ ਸ਼ਾਮਲ ਹੋਏ।

# ਐਡਵੋਕੇਟ ਘੁੰਮਣ ਦੇ ਗ੍ਰਹਿ ਵਿਖੇ ਹੋਈ ਸ਼੍ਰੋਮਣੀ ਅਕਾਲੀ ਦਲ ਹਲਕਾ ਪੱਛਮੀ ਦੀ ਅਹਿਮ ਮੀਟਿੰਗ

ਜ਼ਿਕਰ ਪੰਜਾਬ

**ਲੁਧਿਆਣਾ/ਪ੍ਰਿਤਪਾਲ ਸਿੰਘ ਪਾਲੀ**

ਸ਼੍ਰੋਮਣੀ ਅਕਾਲੀ ਦਲ ਹਲਕਾ ਪੱਛਮੀ ਦੀ ਇੱਕ ਅਹਿਮ ਮੀਟਿੰਗ ਪੰਚਸ਼ੀਲ ਵਿਹਾਰ ਫਿਰੋਜਪੁਰ ਰੋਡ ਤੇ ਹਲਕਾ ਪੱਛਮੀ ਦੇ ਇੰਚਾਰਜ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦੇ ਗ੍ਰਹਿ ਵਿਖੇ ਉਨ੍ਹਾਂ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿੱਚ ਸ਼੍ਰੋਮਣੀ ਅਕਾਲੀ ਦਲ ਬੀ ਸੀ ਵਿੰਗ ਦੇ ਸਹਿਰੀ ਪ੍ਰਧਾਨ ਗੁਰਦੀਪ ਸਿੰਘ ਲੀਲ, ਸ਼੍ਰੋਮਣੀ ਅਕਾਲੀ ਦਲ ਐਸ ਸੀ ਵਿੰਗ ਦੇ ਸਹਿਰੀ ਪ੍ਰਧਾਨ ਕੁਲਦੀਪ ਸਿੰਘ ਖਾਲਸਾ ਤੋਂ ਇਲਾਵਾ ਸਰਕਲ ਜਥੇਦਾਰ ਤੇ ਵਾਰਡ ਪ੍ਰਧਾਨ ਸਾਮਲ ਹੋਏ ਸਭ ਤੋ ਪਹਿਲਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਪਹਿਰੇਦਾਰ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ ਪ੍ਰਕਾਸ਼ ਸਿੰਘ ਬਾਦਲ ਜੀ ਦੀ ਤੀਜੀ ਬਰਸੀ ਤੇ ਸਰਧਾ ਤੇ ਸਤਿਕਾਰ ਭੇਟ ਕੀਤਾ ਉਪਰੰਤ ਮੀਟਿੰਗ ਦੀ ਕਾਰਵਾਈ ਸੁਰੂ ਕਰਦਿਆਂ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਜੀ ਨੇ ਕਿਹਾ ਸਾਡਾ ਸਾਰਿਆ ਦਾ ਮੁੱਢਲਾ ਫਰਜ਼ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਦਾ ਅੱਜ ਤੁਹਾਨੂੰ ਸਾਰਿਆਂ



ਨੂੰ ਜੀ ਆਇਆਂ ਕਹਿੰਦੇ ਹਾਂ ਤੇ ਨਾਲ ਹੀ ਸਾਰਿਆਂ ਨੂੰ ਬੇਨਤੀ ਆਪਣੇ ਆਪਣੇ ਵਾਰਡਾ ਦੀ ਲਿਸਟਾ ਦਿਉ ਤਾ ਜੋ ਪਾਰਟੀ ਚ ਕੰਮ ਕਰਨ ਵਾਲਿਆ ਨੂੰ ਮਾਣ ਸਤਿਕਾਰ ਦਿੱਤਾ ਜਾਵੇ ਨਾਲ ਹੀ ਸਮੂਹ ਪਹੁੰਚੇ ਸਰਕਲ ਪ੍ਰਧਾਨ ਅਤੇ ਵਾਰਡ ਪ੍ਰਧਾਨ ਨੂੰ ਬੇਨਤੀ ਹੈ ਕਿ 10 ਮਈ ਨੂੰ ਸਿੱਖ ਕੌਮ ਦੇ ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ 303 ਵਾ ਜਨਮ ਦਿਹਾੜਾ ਪੰਜਾਬ ਪੱਧਰ ਤੇ ਲੁਧਿਆਣਾ ਵਿਖੇ ਦਾਣਾ ਮੰਡੀ ਗਿੱਲ ਰੋਡ ਅਰੋੜਾ ਪੈਲਿਸ ਦੀ ਬਾਇਕ ਸਾਇਡ ਤੇ ਸ਼੍ਰੋਮਣੀ ਅਕਾਲੀ ਦਲ ਬੀ ਸੀ ਵਿੰਗ ਦੇ ਪ੍ਰਧਾਨ ਜਥੇਦਾਰ ਹੀਰਾ ਸਿੰਘ ਗਾਬੜੀਆ ਜੀ ਰਹਿਨੁਮਾਈ ਹੇਠ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਵਿਸ਼ੇਸ਼ ਤੌਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਤੇ ਸਮੁੱਚੀ ਅਕਾਲੀ ਦਲ ਦੀ ਲੀਡਰਸ਼ਿਪ ਪਹੁੰਚ ਰਹੀ ਹੈ ਆਪਾਂ ਸਾਰਿਆਂ ਨੇ ਵੱਡੇ ਕਾਫ਼ਲੇ ਦੇ ਰੂਪ ਪਹੁੰਚ ਕੇ ਰੈਲੀ ਨੂੰ ਇਤਿਹਾਸਕ ਰੈਲੀ ਬਣਾਉਣਾ ਹੈ ਤੇ 2027 ਦੀਆ ਵਿਧਾਨ ਸਭਾ ਚੋਣਾਂ ਦੀ ਜੇਤੂ ਸ਼ੁਰੂਆਤ ਵੀ ਕਰਨੀ ਹੈ ਸਮੁੱਚੀ ਪਹੁੰਚੀ ਲੀਡਰਸ਼ਿਪ ਦੇ ਵਿਚਾਰਾ ਸੁਣਨੇ ਹਨ ਅਗਲਾ ਵਿਚਾਰ ਤੁਹਾਡੇ ਨਾਲ ਇਹ ਸਾਂਝਾ ਕਰਨਾ ਹੈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਪੰਜਾਬ ਦੇ ਵਾਸੀਆ ਦੇ ਪਹਿਰੇਦਾਰ ਹਨ ਹਰ ਸਮੇ ਪੰਜਾਬ ਦੇ ਲੋਕਾਂ ਦੀ ਮਦਦ ਲਈ ਤਤਪਰ ਰਹਿੰਦੇ ਹਨ ਸਾਡਾ ਸਭ ਦਾ ਫਰਜ਼ ਬਣਦਾ ਹੈ ਪਿਛਲੇ ਦਿਨੀ ਕਣਕਾਂ ਜੋ ਗੜੇਮਾਰੀ ਨਾਲ ਖਰਾਬ ਹੋਈਆਂ ਹਨ ਜਿਨ੍ਹਾਂ ਕਿਸਾਨਾ ਦਾ ਮਜਦੂਰਾ ਦਾ ਨੁਕਸਾਨ ਹੋਇਆ ਹੈ ਉਹ ਆਪਾ ਸਭ ਉਨਾ ਕਿਸਾਨ ਪਰਿਵਾਰਾਂ ਦੀ ਤੇ ਲੋੜਵੰਦ ਮਜ਼ਦੂਰ ਪਰਿਵਾਰਾਂ ਦੀ ਮਦਦ ਕਰਨੀ ਹੈ ਜੋ ਵੀ ਜਿੰਨੀ ਕਣਕ ਆਪਾ ਸਾਰੇ ਵਾਰਡ ਪੱਧਰ ਇਕੱਠੀ ਕਰ ਕੇ ਪਾਰਟੀ ਪ੍ਰਧਾਨ ਜੀ ਨੂੰ ਦੱਸੀਏ ਤਾ ਜੋ ਸਾਡੇ ਪੰਜਾਬ ਦੇ ਲੋਕਾਂ ਦੇ ਹਮਦਰਦ ਪੰਜਾਬ ਦੇ ਵਾਸੀਆ ਦੀ ਬੁਲੰਦ ਆਵਾਜ਼ ਸ ਸੁਖਬੀਰ ਸਿੰਘ ਬਾਦਲ ਜੀ ਉਨਾ ਪਰਿਵਾਰਾ ਤੱਕ ਪਹੁੰਚਾ ਸਕਣ ਅੱਜ ਦੀ ਮੀਟਿੰਗ ਚ ਬੀ ਸੀ ਦੇ ਸਹਿਰੀ ਪ੍ਰਧਾਨ ਗੁਰਦੀਪ ਸਿੰਘ ਲੀਲ ਅਤੇ ਐਸ ਵਿੰਗ ਦੇ ਸਹਿਰੀ ਪ੍ਰਧਾਨ ਕੁਲਦੀਪ ਸਿੰਘ ਖਾਲਸਾ ਜੀ ਨੇ ਆਪਣੇ ਵਿਚਾਰ ਰੱਖੇ ਅਤੇ ਸ਼੍ਰੋਮਣੀ ਅਕਾਲੀ ਦਲ ਸਮੁੱਚੀ ਲੀਡਰਸ਼ਿਪ ਨੂੰ ਵਿਸ਼ਵਾਸ ਦਿਵਾਇਆ ਜਿੱਥੇ ਵੀ ਪਾਰਟੀ ਡਿਊਟੀ ਲਗਾਏਗੀ ਉਸ ਨੂੰ ਤਨਦੇਹੀ ਇਮਾਨਦਾਰੀ ਨਾਲ ਨਿਭਾਉਦੇ ਹੋਏ ਪਾਰਟੀ ਦੀ ਚੜ੍ਹਦੀ ਕਲਾ ਲਈ ਕੰਮ ਕਰਾਂਗੇ ਅੱਜ ਦੀ ਮੀਟਿੰਗ ਚ ਸਮੂਹ ਹਲਕਾ ਪੱਛਮੀ ਦੇ ਸਰਕਲ ਪ੍ਰਧਾਨ, ਵਾਰਡ ਪ੍ਰਧਾਨ ਤੇ ਹਲਕਾ ਪੱਛਮੀ ਦੇ ਸਰਗਰਮ ਵਰਕਰ ਸਾਮਲ ਹੋਏ।

# ਯੁੱਧ ਨਸ਼ਿਆਂ ਵਿਰੁੱਧ ; ਨਸ਼ਿਆਂ ਤੋਂ ਦੂਰ ਰਹਿਣ ਤੇ ਸਿਹਤਮੰਦ ਜੀਵਨ ਜੀਊਣ ਦਾ ਸੁਨੇਹਾ ਦੇ ਗਈ ਵਾਕਾਥੋਨ

## ਸੈਂਕੜੇ ਵਿਦਿਆਰਥੀਆਂ ਨੇ ਨਸ਼ਿਆਂ ਖਿਲਾਫ਼ ਸਰਗਰਮ ਭਾਗੀਦਾਰੀ ਯਕੀਨੀ ਬਣਾਉਣ ਦੀ ਸਹੁੰ ਚੁੱਕੀ

ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਅੱਜ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡੀ.ਏ.ਵੀ. ਕਾਲਜ ਦੇ ਸਹਿਯੋਗ ਨਾਲ 'ਵਾਕਾਥੋਨ 1.0' ਕਰਵਾਈ ਗਈ, ਜਿਸ ਵਿੱਚ 600 ਤੋਂ ਵੱਧ ਵਿਦਿਆਰਥੀਆਂ, ਫੈਕਲਟੀ ਮੈਂਬਰਾਂ ਅਤੇ ਮਾਪਿਆਂ ਨੇ ਹਿੱਸਾ ਲੈਂਦਿਆਂ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿਹਤਮੰਦ ਜੀਵਨ ਜੀਊਣ ਦਾ ਸੁਨੇਹਾ ਦਿੱਤਾ। ਐਸ.ਡੀ.ਐਮ. ਜਲੰਧਰ-1 ਨਵਦੀਪ ਸਿੰਘ ਵੱਲੋਂ ਵਾਕਾਥੋਨ ਨੂੰ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਤੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ, ਜੋ ਕਿ ਸ਼ਿਵਾਨੀ ਪਾਰਕ, ਮਾਡਲ ਟਾਊਨ ਵਿਖੇ ਪਹੁੰਚ ਕੇ ਸਮਾਪਤ ਹੋਈ। ਉਨ੍ਹਾਂ ਖੁਦ ਵੀ ਵਾਕਾਥੋਨ ਵਿੱਚ ਹਿੱਸਾ ਲਿਆ। ਇਸ ਮੌਕੇ ਐਸ.ਡੀ.ਐਮ. ਵੱਲੋਂ ਵਿਦਿਆਰਥੀਆਂ ਅਤੇ ਹੋਰ ਭਾਗੀਦਾਰਾਂ ਨੂੰ ਨਸ਼ਿਆਂ ਖਿਲਾਫ਼ ਲੜਨ ਤੇ ਨਸ਼ੇ ਦੇ ਆਦੀ ਵਿਅਕਤੀਆਂ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕਰਨ ਅਤੇ ਨਸ਼ਿਆਂ ਖਿਲਾਫ਼ ਸਰਗਰਮ ਭਾਗੀਦਾਰੀ ਯਕੀਨੀ ਬਣਾਉਣ ਦੀ ਸਹੁੰ ਵੀ ਚੁਕਾਈ ਗਈ। ਇਸ ਮੌਕੇ ਸੰਬੋਧਨ ਕਰਦਿਆਂ ਐਸ.ਡੀ.ਐਮ. ਨਵਦੀਪ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸ਼ੁਰੂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਸਮਰਪਿਤ ਅੱਜ ਦੀ ਵਾਕਾਥੋਨ ਵਿੱਚ ਚੱਲਿਆ ਗਿਆ ਇਕ-ਇਕ ਕਦਮ ਨਸ਼ਿਆਂ ਵਿਰੁੱਧ ਜਨ ਜਾਗਰੂਕਤਾ ਫੈਲਾਉਣ ਵਿੱਚ ਅਹਿਮ ਭੂਮਿਕਾ ਨਿਭਾਵੇਗਾ। ਇਸ ਮੌਕੇ ਏ.ਸੀ.ਪੀ. (ਹੈੱਡ ਕੁਆਰਟਰ) ਮਨਮੋਹਨ ਸਿੰਘ, ਪ੍ਰਿੰਸੀਪਲ ਡਾ. ਅਨੂਪ ਕੁਮਾਰ ਵੀ ਮੌਜੂਦ ਸਨ। ਰੈੱਡ ਕਰਾਸ ਅਤੇ ਪ੍ਰਯਾਸ ਸਕੂਲ ਦੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੇ ਵੀ ਵਾਕਾਥੋਨ ਵਿੱਚ ਭਾਗ ਲਿਆ। ਪੰਜਾਬੀ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਅਤੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਰਵੀ ਦਾਰਾ ਨੇ ਗੀਤਾਂ ਰਾਹੀਂ ਸਿਹਤਮੰਦ ਜੀਵਨ ਦੀ ਮਹੱਤਤਾ 'ਤੇ ਚਾਨਣਾ ਪਾਇਆ। ਸਮਾਗਮ ਦੌਰਾਨ ਡੀ.ਏ.ਵੀ. ਬੈਂਡ ਅਤੇ ਭੰਗੜਾ ਦੀ ਪੇਸ਼ਕਾਰੀ ਵੀ ਕੀਤੀ ਗਈ। ਇਸ ਮੌਕੇ ਸਕੱਤਰ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਸੁਰਜੀਤ ਲਾਲ, ਵਾਈਸ ਪ੍ਰਿੰਸੀਪਲ ਪ੍ਰੋ. ਕੁੰਵਰ ਰਾਜੀਵ, ਪ੍ਰੋ. ਸੋਨਿਕਾ ਦਾਨੀਆ, ਰਜਿਸਟਰਾਰ ਪ੍ਰੋ. ਅਸ਼ੋਕ ਕਪੂਰ, ਡਿਪਟੀ ਰਜਿਸਟਰਾਰ ਪ੍ਰੋ. ਮਨੀਸ਼ ਖੰਨਾ, ਡੀਨ ਈ.ਐਮ.ਏ. ਡਾ. ਏਕਜੋਤ ਕੌਰ ਅਤੇ ਇਵੈਂਟ ਕੋਆਰਡੀਨੇਟਰ ਪ੍ਰੋ. ਈਸ਼ਾ ਸਹਿਗਲ, ਡਾ. ਐਸ. ਕੇ. ਗੌਤਮ, ਵਿਨੋਦ ਕੁਮਾਰ, ਮਾਡਲ ਟਾਊਨ ਸ਼ਾਪਕੀਪਰ ਐਸੋਸੀਏਸ਼ਨ ਦੇ ਪ੍ਰਧਾਨ ਰਾਜੀਵ ਦੁੱਗਲ ਅਤੇ ਹੋਰ ਸ਼ਖਸੀਅਤਾਂ ਵੀ ਮੌਜੂਦ ਸਨ। ਵਾਕਾਥੋਨ ਵਿੱਚ ਡੀ.ਏ.ਵੀ. ਕਾਲਜ, ਜਲੰਧਰ, ਡੀ.ਏ.ਵੀ. ਇੰਸਟੀਚਿਊਟ ਆਫ਼ ਫਿਜ਼ੀਓਥੈਰੇਪੀ ਐਂਡ ਰੀਹੈਬਿਲੀਟੇਸ਼ਨ, ਮਹਾਤਮਾ ਹੰਸ ਰਾਜ ਡੀ.ਏ.ਵੀ. ਇੰਸਟੀਚਿਊਟ ਆਫ਼ ਨਰਸਿੰਗ, ਪੁਲਿਸ ਡੀ.ਏ.ਵੀ. ਪਬਲਿਕ ਸਕੂਲ, ਦਯਾਨੰਦ ਮਾਡਲ ਸਕੂਲ (ਮਾਡਲ ਟਾਊਨ), ਦਯਾਨੰਦ ਮਾਡਲ ਸਕੂਲ (ਦਯਾਨੰਦ ਨਗਰ) ਦੇ ਵਿਦਿਆਰਥੀਆਂ ਤੇ ਫੈਕਲਟੀ ਮੈਂਬਰਾਂ ਨੇ ਹਿੱਸਾ ਲਿਆ।




# ਜੰਡਿਆਲਾ ਗੁਰੂ ਵਿੱਚ 'ਆਪ' ਨੂੰ ਝਟਕਾ, ਸੀਨੀਅਰ ਵਲੰਟੀਅਰ ਸਾਥੀਆਂ ਸਮੇਤ ਕਾਂਗਰਸ 'ਚ ਸ਼ਾਮਲ



ਜ਼ਿਕਰ ਪੰਜਾਬ

**ਜੰਡਿਆਲਾ ਗੁਰੂ/ਮਲਕੀਤ ਸਿੰਘ ਚੀਦਾ**

ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਪਾਰਟੀ ਦੇ ਕਈ ਸੀਨੀਅਰ ਵਲੰਟੀਅਰਾਂ ਨੇ ਪਾਰਟੀ ਛੱਡ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਇਹ ਸ਼ਮੂਲੀਅਤ ਹਲਕੇ ਦੇ ਸੀਨੀਅਰ ਆਗੂ ਜਗਰੂਪ ਸਿੰਘ ਰੂਬੀ ਦੀ ਅਗਵਾਈ ਹੇਠ ਹੋਈ। ਅੱਜ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸ. ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਹਲਕਾ ਜੰਡਿਆਲਾ ਗੁਰੂ ਦੇ ਸਾਬਕਾ ਐਮ. ਐਲ. ਏ. ਸੁਖਵਿੰਦਰ ਸਿੰਘ ਡੈਨੀ ਬੰਡਾਲਾ ਦੀ ਯੋਗ ਅਗਵਾਈ ਹੇਠ ਜਗਰੂਪ ਸਿੰਘ ਰੂਬੀ ਤਜਿੰਦਰ ਸਿੰਘ ਚੰਦੀ, ਬਲਜਿੰਦਰ ਸਿੰਘ ਹੁੰਦਲ, ਸੰਦੀਪ ਸਿੰਘ ਚੌਹਾਨ, ਅਰਸ਼ਦੀਪ ਸਿੰਘ ਖੇਲਾ ਅਤੇ ਅਮਰਜੀਤ ਸਿੰਘ ਚੌਹਾਨ ਸਮੇਤ ਕਈ ਵਰਕਰਾਂ ਨੇ ਕਾਂਗਰਸ ਪਾਰਟੀ ਵਿੱਚ ਸ਼ਮੂਲੀਅਤ ਕੀਤੀ। ਨਵੇਂ ਸ਼ਾਮਲ ਹੋਏ ਆਗੂਆਂ ਨੇ ਕਿਹਾ ਕਿ ਉਹ ਕਾਂਗਰਸ ਪਾਰਟੀ ਦੀਆਂ ਨੀਤੀਆਂ ਅਤੇ ਲੋਕ-ਹਿਤੈਸ਼ੀ ਸੋਚ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਨਾਲ ਜੁੜੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਲਈ ਪੂਰੀ ਲਗਨ ਨਾਲ ਕੰਮ ਕਰਨਗੇ। ਹਲਕਾ ਜੰਡਿਆਲਾ ਗੁਰੂ ਦੇ ਸਾਬਕਾ ਐਮ.ਐਲ.ਏ. ਸੁਖਵਿੰਦਰ ਸਿੰਘ ਡੈਨੀ ਬੰਡਾਲਾ ਨੇ ਨਵੇਂ ਸ਼ਾਮਲ ਹੋਏ ਆਗੂਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਲੋਕ-ਹਿਤੈਸ਼ੀ ਨੀਤੀਆਂ ਤੇ ਚੱਲਦੀ ਆਈ ਹੈ ਅਤੇ ਹਰ ਵਰਕਰ ਨੂੰ ਪੂਰਾ ਮਾਣ-ਸਨਮਾਨ ਦਿੰਦੀ ਹੈ। ਇਸ ਮੌਕੇ ਕਾਂਗਰਸ ਪਾਰਟੀ ਦੇ ਆਗੂ ਅਤੇ ਮੁੱਖ ਬਲਾਰਾ ਅਵਤਾਰ ਸਿੰਘ ਟੱਕਰ ਜਾਣੀਆਂ, ਪੰਜਾਬ ਇੰਟਕ ਦੇ ਪ੍ਰਧਾਨ ਸੁਰਿੰਦਰ ਸ਼ਰਮਾ, ਕਸ਼ਮੀਰ ਸਿੰਘ ਜਾਣੀਆਂ ਸਾਬਕਾ ਚੇਅਰਮੈਨ, ਮਨਜੀਤ ਸਿੰਘ ਚੌਹਾਨ ਬਲਾਕ ਸੰਮਤੀ ਮੈਂਬਰ, ਅਮਰਬੀਰ ਸਿੰਘ,ਕਸ਼ਮੀਰ ਸਿੰਘ ਮਹਿਤਾ ਮੀਤ ਪ੍ਰਧਾਨ ਜ਼ਿਲਾ ਕਾਂਗਰਸ ਕਮੇਟੀ, ਸ. ਹਰਜਿੰਦਰ ਸਿੰਘ ਸਾਬਕਾ ਸਰਪੰਚ ਮਹਿਤਾ,ਜਗਜੀਤ ਸਿੰਘ ਜੋਗੀ ਸਾਬਕਾ ਸਰਪੰਚ ਮਿਹਰਬਾਨਪੁਰਾ, ਜੋਗਾ ਸਿੰਘ ਅਮਰਕੋਟ, ਸੁਖਦੇਵ ਸਿੰਘ ਜੰਡ, ਬਿਕਰਮਜੀਤ ਸਿੰਘ ਬਾਲੀਆ ਅਤੇ ਅਮਰ ਧਾਰੜ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਵਿਸ਼ਵ ਵੈਟਰਨਰੀ ਦਿਵਸ ਮੌਕੇ ਐਂਟੀ ਰੈਬੀਜ਼ ਵੈਕਸੀਨ ਕੈਂਪ ਲਗਾਇਆ




ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**

ਪਸ਼ੂ ਪਾਲਣ ਵਿਭਾਗ ਜਲੰਧਰ-2 ਵੱਲੋਂ ਅੱਜ ਸੀਨੀਅਰ ਵੈਟਰਨਰੀ ਅਫ਼ਸਰ ਡਾ. ਰਾਮ ਮੂਰਤੀ ਦੀ ਅਗਵਾਈ ਹੇਠ ਵੈਟਰਨਰੀ ਪੋਲੀਕਲੀਨਿਕ ਜਲੰਧਰ ਵਿਖੇ ਵਿਸ਼ਵ ਵੈਟਰਨਰੀ ਦਿਵਸ ਮਨਾਇਆ ਗਿਆ। ਇਸ ਮੌਕੇ ਡਾ. ਰਾਮ ਮੂਰਤੀ ਨੇ ਦੱਸਿਆ ਕਿ ਵਿਸ਼ਵ ਵੈਟਰਨਰੀ ਦਿਵਸ ਹਰ ਸਾਲ ਅਪ੍ਰੈਲ ਮਹੀਨੇ ਦੇ ਅਖੀਰਲੇ ਸ਼ਨੀਵਾਰ ਨੂੰ ਮਨਾਇਆ ਜਾਂਦਾ ਹੈ। ਉਨ੍ਹਾਂ ਇਸ ਮੌਕੇ ਵੈਟਰਨਰੀ ਡਾਕਟਰ ਬਣਨ ਲਈ ਲੋੜੀਂਦੀ ਯੋਗਤਾ 'ਤੇ ਵੀ ਚਾਨਣਾ ਪਾਇਆ। ਇਸ ਮੌਕੇ ਵੈਟਰਨਰੀ ਪੋਲੀਕਲੀਨਿਕ ਵੱਲੋਂ ਇਕ ਵਿਸ਼ੇਸ਼ ਐਂਟੀ ਰੈਬੀਜ਼ ਵੈਕਸੀਨ ਕੈਂਪ ਵੀ ਲਗਾਇਆ ਗਿਆ, ਜਿਸ ਵਿੱਚ ਕੁੱਤਿਆਂ ਦਾ ਹਲਕਾਅ ਤੋਂ ਬਚਾਅ ਲਈ ਮੁਫ਼ਤ ਟੀਕਾਕਰਨ ਕੀਤਾ ਗਿਆ। ਕੈਂਪ ਵਿੱਚ ਵੈਟਰਨਰੀ ਅਫ਼ਸਰ ਡਾ. ਕੁਲਵਿੰਦਰ ਸਿੰਘ, ਡਾ. ਸ਼ਿਵਾਨੀ, ਡਾ. ਅਲਕਾ, ਜ਼ਿਲ੍ਹਾ ਵੈਟਰਨਰੀ ਇੰਸਪੈਕਟਰ ਸੁਰਿੰਦਰ ਕੁਮਾਰ, ਸੀਨੀਅਰ ਵੈਟਰਨਰੀ ਇੰਸਪੈਕਟਰ ਅਸ਼ੋਕ ਕੁਮਾਰ ਤੋਂ ਇਲਾਵਾ ਵਰੁਣ ਕੁਮਾਰ, ਰਾਹੁਲ ਗਿੱਲ ਅਤੇ ਵੀਨਾ ਵੀ ਮੌਜੂਦ ਸਨ। ਕੈਂਪ ਵਿੱਚ ਪ੍ਰਾਈਵੇਟ ਕੰਪਨੀ ਵੱਲੋਂ ਸਟਾਲ ਲਗਾ ਕੇ ਮੁਫ਼ਤ ਦਵਾਈਆਂ ਵੀ ਵੰਡੀਆਂ ਗਈਆਂ।

# ਖੇਤੀ ਵਿਭਿੰਨਤਾ ਤਹਿਤ ਖੇਤੀਬਾੜੀ ਵਿਭਾਗ ਵੱਲੋਂ ਨਰਮੇਂ ਦੀ ਖੇਤੀ ਕਰਨ ਦੀ ਕੀਤੀ ਅਪੀਲ

ਜ਼ਿਕਰ ਪੰਜਾਬ

**ਸ੍ਰੀ ਮੁਕਤਸਰ ਸਾਹਿਬ/ਨਰਿੰਦਰ ਵਧਵਾ**

ਪਾਣੀ ਦੇ ਡਿੱਗ ਰਹੇ ਮਿਆਰ ਨੂੰ ਦੇਖਦੇ ਹੋਏ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨਾਂ ਨੂੰ ਨਕਦੀ ਫਸਲਾਂ ਹੇਠ ਰਕਬਾ ਵਧਾਉਣ ਲਈ ਸ੍ਰੀ ਅਮਿਤ ਕੁਮਾਰ ਪੰਚਾਲ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਅਤੇ ਮੁੱਖ ਖੇਤੀਬਾੜੀ ਅਫ਼ਸਰ ਡਾ. ਜਗਸੀਰ ਸਿੰਘ ਦੀ ਰਹਿਨੁਮਾਈ ਹੇਠ ਸਹਾਇਕ ਪੌਦਾ ਸੁਰੱਖਿਆ ਅਫਸਰ ਅਤੇ ਉਹਨਾਂ ਦੀ ਟੀਮ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ। ਖੇਤੀ ਵਿਭਿੰਨਤਾ ਤਹਿਤ ਨਰਮਾ ਅਤੇ ਕਪਾਹ ਇੱਕ ਅਹਿਮ ਨਕਦੀ ਫ਼ਸਲ ਹੈ ਅਤੇ ਕਿਸਾਨਾਂ ਵੱਲੋਂ ਨਰਮੇਂ ਦੀ ਬਿਜਾਈ ਸ਼ੁਰੂ ਕੀਤੀ ਜਾ ਚੁੱਕੀ ਹੈ। ਬਲਾਕ ਸ੍ਰੀ ਮੁਕਤਸਰ ਸਾਹਿਬ ਅਧੀਨ ਸਰਕਲ ਬਧਾਈ ਦੇ ਪਿੰਡ ਬੱਲਮਗੜ੍ਹ ਵਿੱਚ ਕਿਸਾਨ ਨਿਰਮਲ ਸਿੰਘ ਪੁੱਤਰ ਸ੍ਰੀ ਅੰਗਰੇਜ਼ ਸਿੰਘ ਵੱਲੋਂ 4 ਏਕੜ ਨਰਮੇਂ ਦੀ ਬਿਜਾਈ ਡਾ. ਹਰਮਨਦੀਪ ਸਿੰਘ ਏ. ਡੀ. ਓ. ਅਤੇ ਸ਼?ਰੀ ਸਵਰਨਜੀਤ ਸਿੰਘ ਅਸਿਸਟੈਂਟ ਟੈਕਨੋਲੋਜੀ ਮੈਨੇਜਰ (ਆਤਮਾ) ਦੀ ਮੌਜੂਦਗੀ ਵਿੱਚ ਕੀਤੀ ਗਈ। ਮੁੱਖ ਖੇਤੀਬਾੜੀ ਅਫ਼ਸਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਤੇ ਵੀ ਨਹਿਰੀ ਪਾਣੀ ਦੀ ਸਮੱਸਿਆ ਹੈ ਤਾਂ ਕਿਸਾਨ ਵਿਭਾਗ ਦੇ ਅਧਿਕਾਰੀਆਂ ਨਾਲ ਤਾਲਮੇਲ ਕਰ ਸਕਦੇ ਹਨ । ਉਹਨਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਜ਼ਿਲ੍ਹਾ, ਬਲਾਕ ਅਤੇ ਸਰਕਲ ਪੱਧਰ ਤੇ ਕਾਟਨ ਸਰਵੇਲੈਂਸ ਟੀਮਾਂ ਬਣਾਈਆਂ ਗਈਆਂ ਹਨ, ਜੋ ਹਫਤੇ ਵਿਚ 2 ਦਿਨ ਨਰਮੇ ਦੇ ਖੇਤਾਂ ਦਾ ਸਰਵੇਖਣ ਕਰਨਗੀਆਂ ਅਤੇ ਨਰਮੇ ਦੀ ਫਸਲ ਨੂੰ ਉਤਸ਼ਾਹਿਤ ਕਰਨ ਲਈ ਨਰਮੇ ਵਾਲੇ ਪਿੰਡਾਂ ਵਿੱਚ ਨੋਡਲ ਅਫਸਰ ਲਗਾਏ ਗਏ ਹਨ, ਕਿਸਾਨ ਨਰਮੇ ਸੰਬੰਧੀ ਕਿਸੇ ਵੀ ਮੁਸ਼ਕਿਲ ਲਈ ਬੇਝਿਜਕ ਰਾਬਤਾ ਕਰ ਸਕਦੇ ਹਨ । ਸਹਾਇਕ ਪੌਦਾ ਸੁਰੱਖਿਆ ਅਫਸਰ, ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਰਮੇਂ ਦੀ ਬਿਜਾਈ ਵਾਲੇ ਕਿਸਾਨਾਂ ਨੂੰ ਬੀਜ ਤੇ 33 ਫ਼ੀਸਦੀ ਸਬਸਿਡੀ ਦਿੱਤੀ ਜਾ ਰਹੀ ਹੈ ਅਤੇ ਇਸ ਦਾ ਲਾਭ ਲੈਣ ਲਈ ਕਿਸਾਨ agrimachinerypb.com ਪੋਰਟਲ ਤੇ ਅਪਲਾਈ ਕਰ ਸਕਦੇ ਹਨ।



# ਛੋਟੇ ਤੇ ਮੱਧਮ ਵਰਗ ਦੇ ਕਿਸਾਨਾਂ ਲਈ ਬਹੁਤ ਲਾਭਕਾਰੀ ਸਾਬਤ ਹੋ ਰਹੀ ਹੈ ਏਆਈਐਫ ਸਕੀਮ : ਮੋਹਿੰਦਰ ਭਗਤ

## ਹੁਣ ਤੱਕ ਏਆਈਐਫ ਸਕੀਮ ਅਧੀਨ 34,265 ਪ੍ਰੋਜੈਕਟਾਂ ਨੂੰ ਮਿਲੀ ਮਨਜ਼ੂਰੀ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਪੰਜਾਬ ਦੇ ਬਾਗਬਾਨੀ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਦੱਸਿਆ ਹੈ ਕਿ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (ਏਆਈਐਫ) ਸਕੀਮ ਛੋਟੇ ਤੇ ਮੱਧਮ ਵਰਗ ਦੇ ਕਿਸਾਨਾਂ ਲਈ ਬਹੁਤ ਲਾਭਕਾਰੀ ਸਾਬਤ ਹੋ ਰਹੀ ਹੈ। ਇਸ ਸਕੀਮ ਤਹਿਤ ਕਿਸਾਨ ਖੇਤੀਬਾੜੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਿੱਤੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਖੇਤੀਬਾੜੀ ਨੂੰ ਲਾਭਕਾਰੀ ਕਿੱਤਾ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਏਆਈਐਫ ਸਕੀਮ ਇਸ ਦਿਸ਼ਾ ਵੱਲ ਇੱਕ ਅਹਿਮ ਕਦਮ ਹੈ। ਮੰਤਰੀ ਸ੍ਰੀ ਭਗਤ ਨੇ ਦੱਸਿਆ ਕਿ ਏਆਈਐਫ ਸਕੀਮ ਅਧੀਨ ਕੋਲਡ ਸਟੋਰੇਜ, ਗੋਦਾਮ, ਗ੍ਰੇਡਿੰਗ ਅਤੇ ਪੈਕਿੰਗ



ਯੂਨਿਟਾਂ, ਪ੍ਰੋਸੈਸਿੰਗ ਸੈਂਟਰਾਂ ਅਤੇ ਹੋਰ ਖੇਤੀਬਾੜੀ ਸਹੂਲਤਾਂ ਦੀ ਸਥਾਪਨਾ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਸ ਨਾਲ ਕਿਸਾਨਾਂ ਨੂੰ ਆਪਣੀ ਉਪਜ ਦਾ ਵਧੀਆ ਮੁੱਲ ਮਿਲ ਰਿਹਾ ਹੈ ਅਤੇ ਫਸਲਾਂ ਦੇ ਨੁਕਸਾਨ ਵਿੱਚ ਵੀ ਕਮੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਸਕੀਮ (ਏਆਈਐਫ) ਤਹਿਤ 31 ਮਾਰਚ 2026 ਤੱਕ ਦੇ ਡਾਟੇ ਅਨੁਸਾਰ 34,265 ਪ੍ਰੋਜੈਕਟ ਮਨਜ਼ੂਰ ਕੀਤੇ ਗਏ ਹਨ। ਇਨ੍ਹਾਂ ਪ੍ਰੋਜੈਕਟਾਂ ਲਈ ਵੱਖ-ਵੱਖ ਵਿੱਤੀ ਸੰਸਥਾਵਾਂ ਵੱਲੋਂ 7,991 ਕਰੋੜ ਰੁਪਏ ਦੇ ਕਰਜ਼ੇ ਮਨਜ਼ੂਰ ਕੀਤੇ ਗਏ ਹਨ ਅਤੇ 7,496 ਕਰੋੜ ਰੁਪਏ ਲਾਭਪਾਤਰੀਆਂ ਨੂੰ ਜਾਰੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦਾ ਬਾਗਬਾਨੀ ਵਿਭਾਗ ਏਆਈਐਫ ਸਕੀਮ ਨੂੰ ਲਾਗੂ ਕਰਨ ਲਈ ਨੋਡਲ ਏਜੰਸੀ ਵਜੋਂ ਕੰਮ ਕਰ ਰਿਹਾ ਹੈ ਅਤੇ ਸੂਬੇ ਦਾ ਕੋਈ ਵੀ ਕਿਸਾਨ ਇਸ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਲਈ ਆਪਣੇ ਨੇੜਲੇ ਬਾਗਬਾਨੀ ਦਫ਼ਤਰ ਜਾ ਕੇ ਵਿਭਾਗ ਦੇ ਅਧਿਕਾਰੀਆਂ ਨਾਲ ਸੰਪਰਕ ਕਰ ਸਕਦਾ ਹੈ।

# ਪਿੰਡਾਂ 'ਚ ਨੁੱਕੜ ਮੀਟਿੰਗਾਂ; ਗੰਨਾ ਕਾਸ਼ਤਕਾਰਾਂ ਨੂੰ ਗੰਨੇ ਦੀ ਫ਼ਸਲ 'ਚ ਖਾਦਾਂ ਦੀ ਸੰਤੁਲਿਤ ਵਰਤੋਂ ਕਰਨ ਲਈ ਕੀਤਾ ਜਾਗਰੂਕ

ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਗੰਨਾ ਸੈਕਸ਼ਨ ਜਲੰਧਰ ਵੱਲੋਂ ਗੰਨਾ ਕਮਿਸ਼ਨਰ ਪੰਜਾਬ ਡਾ. ਅਮਰੀਕ ਸਿੰਘ ਦੀ ਯੋਗ ਅਗਵਾਈ ਹੇਠ ਗੰਨੇ ਦੀ ਫ਼ਸਲ ਵਿਚ ਖਾਦਾਂ ਦੀ ਸੰਤੁਲਿਤ ਵਰਤੋਂ ਸਬੰਧੀ ਗੰਨਾ ਕਾਸ਼ਤਕਾਰਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਅਭਿਆਨ ਚਲਾਇਆ ਗਿਆ ਹੈ। ਇਸ ਤਹਿਤ ਏ ਬੀ ਖੰਡ ਮਿੱਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ, ਸਹਿਕਾਰੀ ਖੰਡ ਮਿੱਲ ਭੋਗਪੁਰ ਅਤੇ ਨਕੋਦਰ ਦੇ ਗੰਨਾ ਏਰੀਏ ਦੇ ਪਿੰਡਾਂ ਵਿੱਚ ਇੱਕ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਖੰਡ ਮਿਲਾਂ ਦੇ ਵੱਖ-ਵੱਖ ਪਿੰਡਾਂ ਵਿਚ ਨੁੱਕੜ ਮੀਟਿੰਗਾਂ ਕਰਕੇ ਗੰਨਾ ਕਾਸ਼ਤਕਾਰਾਂ ਨੂੰ ਗੰਨੇ ਦੀ ਫ਼ਸਲ ਵਿਚ ਖਾਦਾਂ ਦੀ ਸੰਤੁਲਿਤ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ। ਪ੍ਰਾਜੈਕਟ ਅਫ਼ਸਰ (ਗੰਨਾ) ਜਲੰਧਰ ਡਾ. ਮਨਧੀਰ ਸਿੰਘ ਅਤੇ ਸਹਾਇਕ ਗੰਨਾ ਵਿਕਾਸ ਅਫ਼ਸਰ ਜਲੰਧਰ ਡਾ. ਗੁਰਚਰਨ ਸਿੰਘ ਨੇ ਦੱਸਿਆ ਕਿ ਗੰਨੇ ਦੀ ਫ਼ਸਲ ਲੰਮੇ ਸਮੇਂ ਦੀ ਫ਼ਸਲ ਹੋਣ ਕਾਰਨ ਇਸ ਨੂੰ ਆਮ ਫ਼ਸਲਾਂ ਜਿਵੇਂ ਕਣਕ, ਝੋਨਾ, ਮੱਕੀ ਆਦਿ ਨਾਲੋਂ ਜ਼ਿਆਦਾ ਮਾਤਰਾ ਵਿਚ ਖੁਰਾਕੀ ਤੱਤਾਂ ਦੀ ਜ਼ਰੂਰਤ ਪੈਂਦੀ ਹੈ ਪਰ ਗੰਨਾ ਕਾਸ਼ਤਕਾਰਾਂ ਵਲੋਂ ਸਿਫਾਰਸ਼ ਤੋਂ ਜ਼ਿਆਦਾ ਖਾਦਾਂ ਖਾਸ ਕਰ ਯੂਰੀਆ ਖਾਦ ਦੀ ਵਰਤੋਂ ਕਰਨ ਨਾਲ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵਧ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਵੱਧ ਯੂਰੀਆ ਖਾਦ ਦੀ ਵਰਤੋਂ ਨਾਲ ਗੰਨੇ ਦੀ ਫਸਲ ਵਧੇਰੇ ਡਿੱਗਦੀ ਹੈ, ਕੀੜੇ-ਮਕੌੜਿਆਂ ਦਾ ਹਮਲਾ ਵਧੇਰੇ ਹੁੰਦਾ ਹੈ ਅਤੇ ਖੰਡ ਦੀ ਰਿਕਵਰੀ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਇਸ ਲਈ ਖਾਦਾ ਦੀ ਸੰਤੁਲਿਤ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬਹਾਰ ਰੁੱਤ ਦੇ ਗੰਨੇ ਦੀ ਬਿਜਾਈ ਤਕਰੀਬਨ ਖਤਮ ਹੋ ਚੁੱਕੀ ਹੈ ਅਤੇ ਪਤਝੜ ਰੁੱਤੇ ਬਿਜਾਈ ਕੀਤੇ ਗੰਨੇ ਦੀ ਫ਼ਸਲ ਨੂੰ 195 ਕਿਲੋ ਯੂਰੀਆ ਖਾਦ ਤਿੰਨ ਬਰਾਬਰ ਕਿਸ਼ਤਾਂ ਵਿਚ ਪਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਸ ਅਨੁਸਾਰ ਪਹਿਲੀ ਕਿਸ਼ਤ ਬਿਜਾਈ ਸਮੇਂ, ਦੂਜੀ ਮਾਰਚ ਮਹੀਨੇ ਦੇ ਅਖੀਰ ਅਤੇ ਤੀਜੀ ਕਿਸ਼ਤ ਅਪ੍ਰੈਲ ਦੇ ਆਖਰੀ ਹਫਤੇ ਪਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਯੂਰੀਆ ਖਾਦ ਛੱਟੇ ਦੀ ਬਿਜਾਏ, ਲਾਈਨਾਂ ਦੇ ਨਾਲ-ਨਾਲ ਕੇਰ ਕੇ ਕੀਤੀ ਜਾਵੇ ਤਾਂ ਵਧੇਰੇ ਖੰਡ ਦੀ ਰਿਕਵਰੀ ਅਤੇ ਪੈਦਾਵਾਰ ਮਿਲਦੀ ਹੈ। ਜੇਕਰ ਮਿੱਟੀ ਪਰਖ ਦੇ ਆਧਾਰ 'ਤੇ ਫ਼ਾਸਫ਼ੋਰਸ ਵਾਲੀ ਖਾਦ ਪਾਉਣੀ ਹੋਵੇ ਤਾਂ ਫ਼ਰਵਰੀ ਵਿਚ ਵਾਹੀ ਸਮੇਂ ਕਮਾਦ ਦੀਆਂ ਕਤਾਰਾਂ ਦੇ ਨੇੜੇ ਪਾਈ ਜਾਵੇ। ਉਨ੍ਹਾਂ ਦੱਸਿਆ ਕਿ ਬਹਾਰ ਰੁੱਤ ਦੇ ਗੰਨੇ ਦੀ ਬੀਜੜ ਫਸਲ ਲਈ 130 ਕਿਲੋ ਅਤੇ ਮੂਢੀ ਫ਼ਸਲ ਲਈ 195 ਕਿਲੋ ਯੂਰੀਆ ਖਾਦ ਦੀ ਵਰਤੋਂ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਫਾਸਫੇਟਿਕ ਅਤੇ ਪੋਟਾਸ਼ ਖਾਦ ਦੀ ਵਰਤੋਂ ਮਿੱਟੀ ਪਰਖ ਦੇ ਆਧਾਰ 'ਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ,ਜੇਕਰ ਮਿੱਟੀ ਪਰਖ ਦੀ ਰਿਪੋਰਟ ਮੁਤਾਬਕ ਫਾਸਫੋਰਸ ਤੱਤ ਦੀ ਘਾਟ ਹੈ ਤਾਂ 75 ਕਿਲੋ ਸਿੰਗਲ ਸੁਪਰਫਾਸਫੇਟ ਖਾਦ ਪ੍ਰਤੀ ਏਕੜ ਪਾਉਣੀ ਚਾਹੀਦੀ ਹੈ। ਉਨ੍ਹਾਂ ਦਸਿਆ ਕਿ ਸਿਫਾਰਸ਼ਾਂ ਮੁਤਾਬਕ ਬਹਾਰ ਰੁੱਤ ਦੇ ਗੰਨੇ ਦੀ ਬੀਜੜ ਫ਼ਸਲ ਦੇ ਉੱਗਣ ਉਪਰੰਤ ਪਹਿਲੇ ਪਾਣੀ ਤੋਂ ਪਹਿਲਾਂ ਪਹਿਲੀ ਕਿਸ਼ਤ 65 ਕਿਲੋ ਯੂਰੀਆ ਫ਼ਸਲ ਦੀਆਂ ਲਾਈਨਾਂ ਦੇ ਨਾਲ-ਨਾਲ ਪਾਉਣੀ ਚਾਹੀਦੀ ਹੈ ਅਤੇ ਬਾਕੀ ਦੀ 65 ਕਿਲੋ ਯੂਰੀਆ ਮਈ-ਜੂਨ ਵਿਚ ਪਾ ਦੇਣੀ ਚਾਹੀਦੀ ਹੈ । ਇਸੇ ਤਰ੍ਹਾਂ ਮੂਢੀ ਫ਼ਸਲ ਨੂੰ 195 ਕਿਲੋ ਯੂਰੀਆ ਪ੍ਰਤੀ ਏਕੜ ਨੂੰ ਤਿੰਨ ਬਰਾਬਰ ਕਿਸ਼ਤਾਂ ਵਿੱਚ, ਪਹਿਲੀ 65 ਕਿਲੋ ਯੂਰੀਆ ਦੀ ਕਿਸ਼ਤ ਗੋਡੀ ਜਾਂ ਵਾਹੀ ਸਮੇਂ, ਦੂਜੀ ਕਿਸ਼ਤ ਅਪ੍ਰੈਲ ਅਤੇ ਤੀਜੀ ਕਿਸ਼ਤ ਮਈ ਵਿਚ ਪਾ ਦੇਣੀ ਚਾਹੀਦੀ ਹੈ। ਜੇਕਰ ਆਲੂਆਂ ਦੀ ਫ਼ਸਲ ਤੋਂ ਬਾਅਦ ਗੰਨੇ ਦੀ ਬਿਜਾਈ ਕੀਤੀ ਹੈ ਤਾਂ ਯੂਰੀਆ ਦੀ ਮਾਤਰਾ ਪ੍ਰਤੀ ਏਕੜ 45 ਕਿਲੋ ਘਟਾ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵੱਧ ਯੂਰੀਆ ਖਾਦ ਵਰਤਣ ਨਾਲ ਹਵਾ ਅਤੇ ਪਾਣੀ ਵੀ ਪ੍ਰਦੂਸ਼ਤ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਯੂਰੀਆ ਤੋਂ ਵਾਧੂ ਨਾਈਟ੍ਰੋਜਨ ਜ਼ਮੀਨ ਹੇਠਲੇ ਪਾਣੀ ਵਿੱਚ ਜਾ ਕੇ ਪਾਣੀ ਪ੍ਰਦੂਸ਼ਤ ਕਰਦਾ ਹੈ।



# ਡੇਰਾਬੱਸੀ ਵਿੱਚ 'ਆਪ' ਦੀ ਸਾਬਕਾ ਹਲਕਾ ਕੋਆਰਡੀਨੇਟਰ ਅਕਾਲੀ ਦਲ ਵਿੱਚ ਸ਼ਾਮਲ

ਜ਼ਿਕਰ ਪੰਜਾਬ

**ਡੇਰਾਬੱਸੀ/ਬਿਊਰੋ**

ਡੇਰਾਬੱਸੀ ਵਿਧਾਨ ਸਭਾ ਹਲਕੇ ਵਿੱਚ ਆਮ ਆਦਮੀ ਪਾਰਟੀ ਨੂੰ ਅੱਜ ਉਸ ਸਮੇਂ ਵੱਡਾ ਸਿਆਸੀ ਝਟਕਾ ਲੱਗਾ ਜਦੋਂ ਪਾਰਟੀ ਦੀ ਸਾਬਕਾ ਹਲਕਾ ਕੋਆਰਡੀਨੇਟਰ ਰਾਣੀ ਸੋਹਲ ਆਮ ਆਦਮੀ ਪਾਰਟੀ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਈ। ਅਕਾਲੀ ਦਲ ਦੇ ਖਜ਼ਾਨਚੀ ਅਤੇ ਸਾਬਕਾ ਵਿਧਾਇਕ ਐੱਨ.ਕੇ ਸ਼ਰਮਾ ਨੇ ਰਾਣੀ ਸੋਹਲ ਦਾ ਸਿਰੋਪਾ ਦੇ ਕੇ ਸਵਾਗਤ ਕਰਦਿਆਂ ਕਿਹਾ ਕਿ ਅਕਾਲੀ ਦਲ ਨੇ ਹਮੇਸ਼ਾ ਔਰਤਾਂ ਦਾ ਸਤਿਕਾਰ ਕੀਤਾ ਹੈ। ਆਮ ਆਦਮੀ ਪਾਰਟੀ ਨੇ ਸਾਲ 2022 ਵਿੱਚ ਔਰਤਾਂ ਨੂੰ 1,000 ਰੁਪਏ ਮਹੀਨਾਵਾਰ ਭੱਤਾ ਦੇਣ ਦਾ ਵਾਅਦਾ ਕੀਤਾ ਸੀ, ਪਰ ਇਸਨੂੰ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ। ਹੁਣ ਜਦੋਂ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਕੋਲ ਬਹੁਤ ਘੱਟ ਸਮਾਂ ਬਚਿਆ ਹੈ, ਔਰਤਾਂ ਨੂੰ ਫਾਰਮ ਭਰ ਕੇ ਗੁੰਮਰਾਹ ਕੀਤਾ ਜਾ ਰਿਹਾ ਹੈ। ਫਾਰਮ ਭਰਨ ਦੇ ਨਾਮ 'ਤੇ ਵੀ ਉਨ੍ਹਾਂ ਨਾਲ ਧੋਖਾ ਕੀਤਾ ਗਿਆ ਹੈ। ਇਹ ਫਾਰਮ ਸਿਰਫ਼ ਨੌਂ ਵਿਧਾਨ ਸਭਾ ਹਲਕਿਆਂ ਵਿੱਚ ਭਰੇ ਗਏ ਹਨ, ਜਦੋਂ ਕਿ 108 ਵਿਧਾਨ ਸਭਾ ਹਲਕਿਆਂ ਦੀਆਂ ਔਰਤਾਂ ਅਜੇ ਵੀ ਸਰਕਾਰ ਵੱਲੋਂ ਐਲਾਨੇ ਗਏ ਮਹੀਨਾਵਾਰ ਭੱਤੇ ਦੀ ਉਡੀਕ ਕਰ ਰਹੀਆਂ ਹਨ। ਐਨਕੇ ਸ਼ਰਮਾ ਨੇ ਰਾਣੀ ਸੋਹਲ ਨੂੰ ਮੋਹਾਲੀ ਜ਼ਿਲ੍ਹੇ ਵਿੱਚ ਅਕਾਲੀ ਦਲ ਮਹਿਲਾ ਵਿੰਗ ਦੀ ਉਪ-ਪ੍ਰਧਾਨ ਵੀ ਨਿਯੁਕਤ ਕੀਤਾ। ਇਸ ਮੌਕੇ ਅਕਾਲੀ ਆਗੂ ਡਾ. ਕ੍ਰਿਸ਼ਨਾ ਅਤੇ ਜਸਵਿੰਦਰ ਸਿੰਘ ਸਮੇਤ ਕਈ ਪਤਵੰਤੇ ਮੌਜੂਦ ਸਨ।



# ਪੀ.ਏ.ਯੂ. ਦੇ ਮਾਡਲ ਹਾਈ ਸਕੂਲ ਕਾਉਣੀ ਵਿਖੇ ਕਰਵਾਇਆ ਗਿਆ ਸਲਾਨਾ ਸਭਿਆਚਾਰਕ ਪ੍ਰੋਗਰਾਮ

ਜ਼ਿਕਰ ਪੰਜਾਬ

**ਸ੍ਰੀ ਮੁਕਤਸਰ ਸਾਹਿਬ/ਨਰਿੰਦਰ ਵਧਵਾ**

ਪੀ.ਏ.ਯੂ. ਦੇ ਮਾਡਲ ਹਾਈ ਸਕੂਲ ਕਾਉਣੀ ਵਿਖੇ ਸਲਾਨਾ ਸਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ । ਇਸ ਸਮਾਗਮ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਕੀਤੀਇਸ ਮੌਕੇ ਵਾਈਸ ਚਾਂਸਲਰ ਡਾ. ਗੋਸਲ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਯੂਨੀਵਰਸਿਟੀ ਨੇ ਦੂਰ ਦਰਾਜ ਦੇ ਖੇਤਰ ਵਿਚ ਇਲਾਕੇ ਦੇ ਬੱਚਿਆਂ ਨੂੰ ਸਿੱਖਿਅਤ ਕਰਨ ਦੇ ਮੰਤਵ ਨਾਲ ਇਸ ਸਕੂਲ ਨੂੰ ਚਾਲੂ ਰੱਖਿਆ ਹੋਇਆ ਹੈ । ਉਹਨਾਂ ਕਿਹਾ ਕਿ ਹੋਰ ਵੀ ਖੁਸ਼ੀ ਦੀ ਗੱਲ ਹੋਵੇਗੀ ਜੇਕਰ ਇਸ ਇਲਾਕੇ ਦੇ ਬੱਚੇ ਸਕੂਲ ਦੇ ਮਾਧਿਅਮ ਰਾਹੀਂ ਯੂਨੀਵਰਸਿਟੀ ਤੋਂ ਉੱਚ ਖੇਤੀ ਸਿੱਖਿਆ ਹਾਸਲ ਕਰਨ। ਡਾ. ਗੋਸਲ ਨੇ ਯੂਨੀਵਰਸਿਟੀ ਦੇ ਦਾਖਲਿਆਂ ਵਿਚ ਕਿਸਾਨੀ ਪਰਿਵਾਰਾਂ ਲਈ ਰਾਖਵੀਆਂ ਸੀਟਾਂ ਬਾਰੇ ਵੀ ਜਾਣਕਾਰੀ ਦਿੱਤੀ।ਕਮਿਊਨਟੀ ਸਾਇੰਸ ਕਾਲਜ ਦੇ ਡੀਨ ਡਾ. ਕਿਰਨ ਬੈਂਸ ਨੇ ਸਿੱਖਿਆ ਦੇ ਮਹੱਤਵ ਬਾਰੇ ਗੱਲ ਕਰਦਿਆਂ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ।ਪੰਜਵੀ ਅਤੇ ਅੱਠਵੀਂ ਜਮਾਤ ਦਾ 100 ਫੀਸਦੀ ਨਤੀਜਾ ਰਿਹਾ। ਪੰਜਵੀ ਜਮਾਤ ਦੀ ਵਿਦਿਆਰਥੀ ਸੁਮਨਵੀਰ ਕੌਰ ਰਾਜ ਪੱਧਰੀ ਪੰਜਾਬੀ ਓਲੰਪੀਆਡ ਲਈ ਚੁਣੀ ਗਈ। ਸਕੂਲ ਦੇ ਵਿਦਿਆਰਥੀਆਂ ਨੇ ਪੰਜਾਬੀ, ਹਰਿਆਣਵੀਂ, ਰਾਜਸਥਾਨੀ ਅਤੇ ਪੱਛਮੀ ਨਾਚ ਵੰਨਗੀਆਂ ਪੇਸ਼



ਕੀਤੀਆਂ ਗਈਆਂ , ਇਸ ਤੋਂ ਇਲਾਵਾ ਭੋਜਨ ਨੂੰ ਵਿਅਰਥ ਨਾਲ ਗਵਾਉਣ ਬਾਰੇ ਲਘੂ ਨਾਟ ਵੀ ਪੇਸ਼ ਕੀਤਾ ਗਿਆ। ਇਲਾਕੇ ਦੇ ਪਤਵੰਤੇ ਲੋਕ ਅਤੇ ਬੱਚਿਆਂ ਦੇ ਮਾਂ ਬਾਪ ਇਸ ਸਮਾਗਮ ਵਿੱਚ ਵੱਧ ਚੜ੍ਹ ਕੇ ਸ਼ਾਮਿਲ ਹੋਏ। ਖੇਡਾਂ ਵਿਚ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਵੀ ਹੋਇਆ, ਜਿਹਨਾਂ ਵਿਚ ਕਰਨਵੀਰ ਸਿੰਘ ਨੂੰ ਮੁੰਡਿਆਂ ਦਾ ਸਰਵੋਤਮ ਅਥਲੀਟ ਅਤੇ ਸਤਿਕਾਰ ਕੌਰ ਨੂੰ ਕੁੜੀਆਂ ਦੀ ਬੈਸਟ ਅਥਲੀਟ ਚੁਣਿਆ ਗਿਆ । ਇਸ ਮੌਕੇ ਸ. ਸੁਖਜਿੰਦਰ ਸਿੰਘ ਕਾਉਣੀ ਚੇਅਰਮੈਨ ਜਿ?ਲ੍ਹਾ ਯੋਜਨਾ ਬੋਰਡ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਸਨ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਯਾਦਵਿੰਦਰ ਕੌਰ ਤੋਂ ਇਲਾਵਾ ਸਮੂਹ ਸਟਾਫ ਨੇ ਸਮਾਗਮ ਦੇ ਸਫਲ ਆਯੋਜਨ ਲਈ ਭਰਪੂਰ ਯਤਨ ਕੀਤੇ। ਅੰਤ ਵਿਚ ਕ੍ਰਿਸ਼ੀ ਵਿਗਿਆਨ ਕੇਂਦਰ ਸ੍ਰੀ ਮੁਕਤਸਰ ਸਾਹਿਬ ਦੇ ਨਿਰਦੇਸ਼ਕ ਡਾ. ਕਰਮਜੀਤ ਸ਼ਰਮਾ ਨੇ ਸਭ ਦਾ ਧੰਨਵਾਦ ਕੀਤਾ । ਇਸ ਮੌਕੇ ਸਕੂਲ ਲਈ ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ।

# ਖਰੀਦ ਏਜੰਸੀਆ ਵੱਲੋਂ ਸਬੰਧਿਤ ਕਿਸਾਨਾਂ ਨੂੰ 717.50 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ : ਡਿਪਟੀ ਕਮਿਸ਼ਨਰ

ਜ਼ਿਕਰ ਪੰਜਾਬ

**ਸ੍ਰੀ ਮੁਕਤਸਰ ਸਾਹਿਬ/ਨਰਿੰਦਰ ਵਧਵਾ**

ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਜ਼ਿਲ੍ਹੇ ਦੀਆ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ 374224 ਮੀਟਰਕ ਟਨ ਦੀ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ ਅਤੇ 717.50 ਕਰੋੜ ਰੁਪਏ ਅਦਾਇਗੀ ਸਬੰਧਿਤ ਕਿਸਾਨਾਂ ਨੂੰ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਨਗਰੇਨ ਏਜੰਸੀ ਵੱਲੋਂ 93759 ਮੀਟਰਕ ਟਨ, ਮਾਰਕਫੈੱਡ ਏਜੰਸੀ ਵੱਲੋਂ 102028 ਮੀਟਰਕ ਟਨ, ਪਨਸਪ ਏਜੰਸੀ ਵੱਲੋ 95409 ਮੀਟਰਕ ਟਨ, ਵੇਅਰਹਾਉਸ ਏਜੰਸੀ ਵੱਲੋਂ 83028 ਮੀਟਰਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ। ਜ਼ਿਲ੍ਹਾ ਖੁਰਾਕ ਤੇ ਸਪਲਾਈ ਅਫਸਰ ਹਿਮਾਂਸ਼ੂ ਕੁੱਕੜ ਨੇ ਦੱਸਿਆ ਕਿ ਖਰੀਦ ਏਜੰਸੀਆਂ ਵੱਲੋਂ 106695 ਮੀਟਰਕ ਟਨ ਕਣਕ ਦੀ ਲਿਫਟਿੰਗ ਕੀਤੀ ਜਾ ਚੁੱਕੀ ਹੈ ਅਤੇ ਕਣਕ ਦੀ ਸੁਚਾਰੂ ਢੰਗ ਨਾਲ ਢੋਆ-ਢੁਆਈ ਲਈ ਤਕਰੀਬਨ 772 ਟਰੱਕਾਂ ਅਤੇ ਵਹੀਕਲਾਂ 'ਤੇ ਵੀ. ਟੀ.ਐਸ / ਜੀ. ਪੀ. ਐਸ ਟਰੈਕਿੰਗ ਸਿਸਟਮ ਲਗਾ ਕੇ ਕੀਤੀ ਜਾ ਰਹੀ ਹੈ ਤਾਂ ਜੋ ਢੋਆ- ਢੁਆਈ 'ਤੇ ਕੜੀ ਨਜ਼ਰ ਰੱਖੀ ਜਾ ਸਕੇ। ਉਹਨਾਂ ਇਹ ਵੀ ਦੱਸਿਆ ਕਿ ਲਿਫਟਿੰਗ ਦੀ ਕੋਈ ਸਮੱਸਿਆ ਨਹੀਂ ਹੈ।



# ਪੰਜਾਬ ਸਰਕਾਰ ਵੱਲੋਂ ਉਸਾਰੇ ਜਾ ਰਹੇ ਹਨ ਖੇਡ ਗਰਾਊਂਡ ਅਤੇ ਮਿੰਨੀ ਪਾਰਕ : ਡਾ. ਬਲਜੀਤ ਕੌਰ

ਜ਼ਿਕਰ ਪੰਜਾਬ

**ਮਲੋਟ/ਨਰਿੰਦਰ ਵਧਵਾ**

ਮਲੋਟ ਸ਼ਹਿਰ ਨੂੰ ਸੁੰਦਰ ਬਣਾਉਣ ਦੇ ਮਕਸਦ ਨਾਲ ਖੇਡ ਗਰਾਉਂਡ ਅਤੇ ਮਿੰਨੀ ਪਾਰਕ ਉਸਾਰੇ ਜਾ ਰਹੇ ਹਨ, ਇਹ ਜਾਣਕਾਰੀ ਡਾ. ਬਲਜੀਤ ਕੌਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਮੰਤਰੀ ਪੰਜਾਬ ਨੇ ਮਲੋਟ ਵਿਖੇ ਨਵੇਂ ਬਣੇ ਵਾਲੀਵਾਲ ਗਰਾਉਂਡ ਦਾ ਉਦਘਾਟਨ ਕਰਦਿਆਂ ਸਾਂਝੀ ਕੀਤੀ।

ਉਹਨਾਂ ਦੱਸਿਆ ਕਿ ਇਸ ਖੇਡ ਗਰਾਉਂਡ ਤੇ ਪਾਰਕ ਬਣਨ ਨਾਲ ਸ਼ਹਿਰ ਨਿਵਾਸੀਆਂ ਨੂੰ ਬਹੁਤ ਫਾਇਦਾ ਹੋਵੇਗਾ ਅਤੇ ਲੋਕਾਂ ਨੂੰ ਸਾਫ ਸੁਥਰਾ ਵਾਤਾਵਰਣ ਮਿਲੇਗਾ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ ਤਾਂ ਜੋ ਨੌਜਵਾਨ ਨਸ਼ਿਆਂ ਵਰਗੀਆਂ ਭੈੜੀਆਂ ਆਦਤਾਂ ਤੋਂ ਬਚ ਕੇ ਤੰਦਰੁਸਤ ਬਨਣ ਅਤੇ ਇਸ ਦੀ ਤਰਜ਼ 'ਤੇ ਹਲਕੇ ਦੇ 24 ਪਿੰਡਾਂ ਵਿੱਚ ਖੇਡ ਸਟੇਡੀਅਮ ਉਸਾਰੇ ਜਾ ਰਹੇ ਹਨ। ਜਿਕਰਯੋਗ ਹੈ ਕਿ ਇਸ ਖੇਡ ਗਰਾਊਂਡ 'ਤੇ ਕੈਬਨਿਟ ਮੰਤਰੀ ਨੇ ਆਪਣੇ ਨਿੱਜੀ ਫੰਡ ਵਿੱਚੋਂ 10 ਲੱਖ ਰੁਪਏ ਖਰਚ ਕਰਕੇ ਪੰਚਾਇਤੀ ਰਾਜ ਵਿਭਾਗ ਰਾਹੀਂ ਤਿਆਰ ਕਰਵਾਇਆ ਗਿਆ ਹੈ। ਇਸ ਮੌਕੇ ਤੇ ਲਵ ਬੱਤਰਾ, ਰਾਜੀਵ ਉਪਲ, ਗੁਰਮੀਤ ਸਿੰਘ ਵਿਰਦੀ, ਜਗਨ ਨਾਥ ਸ਼ਰਮਾ, ਨਿਰਮਲ ਸਿੰਘ, ਨਿੱਜੀ ਸਹਾਇਕ ਅਰਸ਼ਦੀਪ ਸਿੰਘ ਅਤੇ ਛਿੰਦਰਪਾਲ ਸਿੰਘ ਵੀ ਮੌਜੂਦ ਸਨ।



# ਆਈਪੀਐੱਲ : ਗੁਜਰਾਤ ਨੇ ਚੇਨਈ ਨੂੰ 8 ਵਿਕਟਾਂ ਨਾਲ ਹਰਾਇਆ



**ਜ਼ਿਕਰ ਪੰਜਾਬ**
**ਚੇਨਈ/ਬਿਊਰੋ**

ਗੁਜਰਾਤ ਟਾਈਟਨਸ ਨੇ ਲਗਾਤਾਰ ਦੋ ਮੈਚਾਂ ਵਿੱਚ ਮਿਲੀ ਹਾਰ ਤੋਂ ਬਾਅਦ ਸ਼ਾਨਦਾਰ ਅੰਦਾਜ਼ ਵਿੱਚ ਵਾਪਸੀ ਕੀਤੀ ਹੈ। ਸ਼ੁਭਮਨ ਗਿੱਲ ਦੀ ਕਪਤਾਨੀ ਵਾਲੀ ਗੁਜਰਾਤ ਟਾਈਟਨਸ ਨੇ ਚੇਨਈ ਸੁਪਰ ਕਿੰਗਜ਼ ਨੂੰ ਉਸ ਦੇ ਘਰ ਵਿੱਚ ਹੀ ਇੱਕਤਰਫਾ ਮੁਕਾਬਲੇ ਵਿੱਚ 8 ਵਿਕਟਾਂ ਨਾਲ ਮਾਤ ਦਿੱਤੀ। ਇਸ ਜਿੱਤ ਦੇ ਨਾਲ ਹੀ ਟਾਈਟਨਸ ਨੇ ਇਸ ਸੀਜ਼ਨ ਵਿੱਚ ਆਪਣੀ ਚੌਥੀ ਜਿੱਤ ਦਰਜ ਕਰ ਲਈ ਹੈ। ਇਸ ਜਿੱਤ ਦੇ ਅਸਲੀ ਸਟਾਰ ਟੀਮ ਦੇ ਤੇਜ਼ ਗੇਂਦਬਾਜ਼ ਕਗੀਸੋ ਰਬਾਡਾ ਰਹੇ, ਜਿਨ੍ਹਾਂ ਦੇ ਘਾਤਕ ਸਪੈੱਲ ਨੇ ਚੇਨਈ ਨੂੰ ਸਿਰਫ਼ 158 ਦੌੜਾਂ 'ਤੇ ਰੋਕ ਦਿੱਤਾ। ਇਸ ਤੋਂ ਬਾਅਦ ਸਾਈ ਸੁਦਰਸ਼ਨ ਦੀ ਦਮਦਾਰ ਅਰਧ ਸੈਂਕੜੇ ਵਾਲੀ ਪਾਰੀ ਦੇ ਦਮ 'ਤੇ ਗੁਜਰਾਤ ਨੇ ਸਿਰਫ਼ 17 ਓਵਰਾਂ ਦੇ ਅੰਦਰ ਹੀ ਟੀਚਾ ਹਾਸਲ ਕਰ ਲਿਆ। ਚੇਨਈ ਦੇ ਐੱਮ.ਏ. ਚਿਦੰਬਰਮ ਸਟੇਡੀਅਮ ਵਿੱਚ ਖੇਡਿਆ ਗਿਆ ਇਹ ਮੈਚ ਪੂਰੀ ਤਰ੍ਹਾਂ ਗੁਜਰਾਤ ਦੇ ਨਾਮ ਰਿਹਾ। ਜਿੱਥੇ ਇੱਕ ਦਿਨ ਪਹਿਲਾਂ ਹੀ ਦਿੱਲੀ ਅਤੇ ਜੈਪੁਰ ਵਿੱਚ ਖੇਡੇ ਗਏ ਮੁਕਾਬਲਿਆਂ ਵਿੱਚ ਗੇਂਦਬਾਜ਼ਾਂ ਦੀ ਜੰਮ ਕੇ ਕੁਟਾਈ ਹੋਈ ਸੀ ਅਤੇ ਵੱਡੇ ਸਕੋਰ ਬਣੇ ਸਨ, ਉੱਥੇ ਹੀ ਚੇਨਈ ਦੀ ਸਪਿਨਰਾਂ ਲਈ ਮਦਦਗਾਰ ਪਿੱਚ 'ਤੇ ਗੁਜਰਾਤ ਦੇ ਤੇਜ਼ ਗੇਂਦਬਾਜ਼ਾਂ ਦਾ ਕਹਿਰ ਦੇਖਣ ਨੂੰ ਮਿਲਿਆ। ਇਸ ਦੀ ਸ਼ੁਰੂਆਤ ਕਗੀਸੋ ਰਬਾਡਾ ਨੇ ਕੀਤੀ, ਜਿਨ੍ਹਾਂ ਨੇ ਚੌਥੇ ਓਵਰ ਵਿੱਚ ਹੀ ਸੰਜੂ ਸੈਮਸਨ ਅਤੇ ਉਰਵਿਲ ਪਟੇਲ ਨੂੰ ਆਊਟ ਕਰ ਦਿੱਤਾ ਸੀ। ਰਬਾਡਾ ਦੇ ਨਾਲ ਮੁਹੰਮਦ ਸਿਰਾਜ, ਜੇਸਨ ਹੋਲਡਰ ਅਤੇ ਮਾਨਵ ਸੁਥਾਰ (ਸਪਿਨਰ) ਨੇ ਵੀ ਚੇਨਈ ਦੇ ਬੱਲੇਬਾਜ਼ਾਂ 'ਤੇ ਦਬਾਅ ਬਣਾਈ ਰੱਖਿਆ। ਇਸ ਦਾ ਨਤੀਜਾ ਇਹ ਰਿਹਾ ਕਿ ਟੀਮ ਨੇ ਸਿਰਫ਼ 37 ਦੌੜਾਂ 'ਤੇ 4 ਵਿਕਟਾਂ ਗੁਆ ਦਿੱਤੀਆਂ ਅਤੇ ਚੇਨਈ ਦੀ ਪਾਰੀ ਦੀਆਂ 50 ਦੌੜਾਂ 12ਵੇਂ ਓਵਰ ਵਿੱਚ ਜਾ ਕੇ ਪੂਰੀਆਂ ਹੋਈਆਂ। ਹਾਲਾਂਕਿ, ਇਸ ਦੇ ਬਾਵਜੂਦ ਚੇਨਈ ਨੇ ਅਗਲੇ 8 ਓਵਰਾਂ ਵਿੱਚ 107 ਦੌੜਾਂ ਜੋੜਦੇ ਹੋਏ 158 ਦੌੜਾਂ ਬਣਾ ਕੇ ਦਮਦਾਰ ਵਾਪਸੀ ਕੀਤੀ। ਇਸ ਦਾ ਮੁੱਖ ਕਾਰਨ ਕਪਤਾਨ ਰਿਤੁਰਾਜ ਗਾਇਕਵਾੜ ਸਨ, ਜਿਨ੍ਹਾਂ ਨੇ 60 ਗੇਂਦਾਂ ਵਿੱਚ 74 ਦੌੜਾਂ ਦੀ ਪਾਰੀ ਖੇਡੀ, ਜੋ ਉਨ੍ਹਾਂ ਦਾ ਇਸ ਸੀਜ਼ਨ ਵਿੱਚ ਪਹਿਲਾ ਅਰਧ ਸੈਂਕੜਾ ਸੀ। ਉਨ੍ਹਾਂ ਤੋਂ ਇਲਾਵਾ ਜੇਮੀ ਓਵਰਟਨ ਨੇ 6 ਗੇਂਦਾਂ ਵਿੱਚ 18 ਦੌੜਾਂ ਬਣਾ ਕੇ ਟੀਮ ਨੂੰ ਰਫ਼ਤਾਰ ਦਿੱਤੀ। ਗੇਂਦਬਾਜ਼ਾਂ ਤੋਂ ਬਾਅਦ ਵਾਰੀ ਗੁਜਰਾਤ ਦੇ ਬੱਲੇਬਾਜ਼ਾਂ ਦੀ ਸੀ ਅਤੇ ਇੱਕ ਵਾਰ ਫਿਰ ਕਪਤਾਨ ਸ਼ੁਭਮਨ ਗਿੱਲ ਅਤੇ ਸਾਈ ਸੁਦਰਸ਼ਨ ਦੀ ਓਪਨਿੰਗ ਜੋੜੀ ਨੇ ਕੰਮ ਆਸਾਨ ਕਰ ਦਿੱਤਾ। ਦੋਵਾਂ ਨੇ ਸਿਰਫ਼ 6.2 ਓਵਰਾਂ ਵਿੱਚ 58 ਦੌੜਾਂ ਦੀ ਤੇਜ਼ ਸਾਂਝੇਦਾਰੀ ਕਰਕੇ ਗੁਜਰਾਤ ਨੂੰ ਜ਼ੋਰਦਾਰ ਸ਼ੁਰੂਆਤ ਦਿਵਾਈ। ਇਸ ਤੋਂ ਬਾਅਦ ਸਾਈ ਸੁਦਰਸ਼ਨ ਦਾ ਜਲਵਾ ਦੇਖਣ ਨੂੰ ਮਿਲਿਆ, ਜਿਨ੍ਹਾਂ ਨੇ ਲਗਾਤਾਰ ਦੂਜੇ ਮੈਚ ਵਿੱਚ 50 ਦਾ ਅੰਕੜਾ ਪਾਰ ਕੀਤਾ। ਉਨ੍ਹਾਂ ਨੇ ਜੋਸ ਬਟਲਰ ਨਾਲ ਮਿਲ ਕੇ ਟੀਮ ਨੂੰ ਜਿੱਤ ਦੇ ਕਰੀਬ ਪਹੁੰਚਾ ਦਿੱਤਾ। ਹਾਲਾਂਕਿ ਉਹ ਆਪਣੇ ਲਗਾਤਾਰ ਦੂਜੇ ਸੈਂਕੜੇ ਤੋਂ ਖੁੰਝ ਗਏ ਅਤੇ 87 ਦੌੜਾਂ ਬਣਾ ਕੇ ਆਊਟ ਹੋ ਗਏ। ਪਰ ਜੋਸ ਬਟਲਰ (39 ਨਾਬਾਦ) ਨੇ 16.4 ਓਵਰਾਂ ਵਿੱਚ ਟੀਮ ਨੂੰ ਜਿੱਤ ਦਿਵਾ ਕੇ ਮੈਚ ਖ਼ਤਮ ਕੀਤਾ।



# 'ਆਪ' ਦੇ 7 ਰਾਜ ਸਭਾ ਮੈਂਬਰਾਂ ਵੱਲੋਂ ਧੜਾ ਬਦਲਣ 'ਤੇ ਪਾਰਟੀ ਵਰਕਰਾਂ ਵੱਲੋਂ ਵਿਧਾਇਕ ਡਾ. ਜਮੀਲ ਉਰ ਰਹਿਮਾਨ ਦੀ ਅਗਵਾਈ ਹੇਠ ਰੋਸ਼ ਪ੍ਰਦਰਸ਼ਨ ਕੀਤੇ ਤੇ ਪੁਤਲੇ ਸਾੜੇ

**ਜ਼ਿਕਰ ਪੰਜਾਬ**
**ਮਾਲੇਰਕੋਟਲਾ/ਬਿਊਰੋ**

ਹਲਕਾ ਮਾਲੇਰਕੋਟਲਾ ਦੇ ਵਿਧਾਇਕ ਡਾ ਜਮੀਲ ਉਰ ਰਹਿਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੇ ਅਹੁਦੇਦਾਰਾ ਅਤੇ ਵਰਕਰਾਂ ਨੇ 'ਆਪ ਦੇ ਸੱਤ ਰਾਜ ਸਭਾ ਮੈਂਬਰਾਂ ਵੱਲੋਂ ਭਾਰਤੀ ਜਨਤਾ ਪਾਰਟੀ ਨਾਲ ਮਿਲ ਜਾਣ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਵਰਕਰਾਂ ਅਤੇ ਆਮ ਜਨਤਾ ਵਿੱਚ ਭਾਰੀ ਰੋਸ਼ ਫੁੱਟ ਪਿਆ ਹੈ। ਵਿਧਾਇਕ ਡਾ ਜਮੀਲ ਉਰ ਰਹਿਮਾਨ ਦੀ ਅਗਵਾਈ ਹੇਠ ਅੱਜ ਆਪ ਆਗੂਆਂ ਵੱਲੋਂ ਮਾਲੇਰਕੋਟਲਾ ਦੇ ਵਿਧਾਇਕ ਡਾ ਜਮੀਲ ਉਰ ਰਹਿਮਾਨ ਦੇ ਦਫਤਰ ਤੋਂ ਪ੍ਰਦਰਸ਼ਨ ਕਰਦੇ ਹੋਏ ਸਰਕਾਰੀ ਕਾਲਜ ਚੌਕ ਵਿਖੇ ਪਹੁੰਚੇ ਜਿਥੇ ਇਨ੍ਹਾਂ ਦੇ ਪੁਤਲੇ ਸਾੜੇ ਗਏ।

ਧਰਨਾਕਾਰੀਆਂ ਦੇ ਹੱਥਾਂ ਚ ਤਖਤੀਆਂ ਫੜੀਆਂ ਹੋਈਆਂ ਸਨ ਜਿੰਨਾ ਤੇ 'ਗੱਦਾਰ' ਦੱਸਣ ਵਾਲੇ ਨਾਅਰੇ ਲਿਖੇ ਗਏ ਹਨ, ਪ੍ਰਦਰਸ਼ਨਕਾਰੀਆਂ ਵੱਲੋਂ 'ਪੰਜਾਬ ਦੇ ਗੱਦਾਰ' ਦੇ ਨਾਅਰੇ ਲਗਾਏ ਗਏ! ਵਿਧਾਇਕ ਡਾ ਜਮੀਲ ਉਰ ਰਹਿਮਾਨ ਨੇ ਕਿਹਾ ਕਿ ਨਿਰਾਸ਼ਾ ਵਿੱਚ ਆ ਕੇ ਭਾਜਪਾ ਨੇ 'ਆਪ' ਦੇ ਰਾਜ ਸਭਾ ਮੈਂਬਰਾਂ ਨੂੰ ਆਪਣੇ ਪਾਸੇ ਕਰਨ ਦਾ ਸਹਾਰਾ ਲਿਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਅਜਿਹੇ ਹੋਰ ਵੀ ਗਦਾਰਾਂ ਨੂੰ ਕਦੇ ਮਾਫ ਨਹੀਂ ਕੀਤਾ ਜਾਵੇਗਾ। ਇਸ ਸਮੇਂ ਜਾਫ਼ਰ ਅਲੀ ਚੇਅਰਮੈਨ ਮਾਰਕੀਟ ਕਮੇਟੀ ਮਾਲੇਰਕੋਟਲਾ, ਯੂਥ ਪ੍ਰਧਾਨ ਏ ਕੇ ਵਾਈ ਮੂਨਿਸ ਰਹਿਮਾਨ, ਚੇਅਰਮੈਨ ਕਰਮਜੀਤ ਸਿੰਘ ਕੁਠਾਲਾ, ਪ੍ਰਧਾਨ ਸ਼ਕੂਰ ਕਿਲਾ ਪੀ ਏ, ਚੇਅਰਮੈਨ ਸੰਤੋਖ ਸਿੰਘ ਦਸੌਦਾ ਸਿੰਘ ਵਾਲਾ,ਹਲੀਮ ਮਿਲਕੋਵੈਲ, ਮਹਿੰਦਰ ਸਿੰਘ ਪਰੂਥੀ, ਨਰਿੰਦਰ ਸਿੰਘ ਸੋਹੀ ਪ੍ਰਧਾਨ ਟਰੱਕ ਯੂਨੀਅਨ,ਅਸਲਮ ਭੱਟੀ, ਇਮਤਿਆਜ਼ ਬਾਬੂ,ਯਾਸਰ ਅਰਫਾਤ, ਯੂਨਸ ਭੋਲਾ,ਮੈਡਮ ਪ੍ਰਵੀਨ,ਹਰੀਪਾਲ ਸਿੰਘ ਕਸਬਾ ਭਰਾਲ, ਸਿੰਗਾਰਾ ਸਿੰਘ ਰੁੜਕਾ ਸਰਪੰਚ ਆਦਿ ਆਪ ਆਗੂ ਤੇ ਵਰਕਰ ਮੌਜੂਦ ਸਨ।

# ਜਵੱਦੀ ਟਕਸਾਲ ਵਿਖੇ ਅਜ਼ੀਮ ਸ਼ਖਸੀਅਤਾਂ ਵੱਲੋਂ ਨਾਮਵਰ ਕਲਮਨਵੀਸ ਬਲਜੀਤ ਸਿੰਘ ਢਿੱਲੋਂ ਦੀ ਨਵੀਂ ਕਿਤਾਬ 'ਮਜ਼ਬੂਰੀ ਦੀਆਂ ਜ਼ੰਜੀਰਾਂ' ਦਾ ਲੋਕ ਅਰਪਣ



**ਜ਼ਿਕਰ ਪੰਜਾਬ**
**ਲੁਧਿਆਣਾ/ਵਰਿੰਦਰ**

ਗੁਰ ਸ਼ਬਦ ਸੰਗੀਤ ਅਕੈਡਮੀ ਜਵੱਦੀ ਟਕਸਾਲ ਦੇ ਵੇਹੜੇ ਅੰਦਰ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਵਿੱਚ ਗੋਸਲ ਪ੍ਰਕਾਸ਼ਨ ਵਲੋਂ ਪ੍ਰਕਾਸ਼ਿਤ ਨਾਮਵਰ ਕਲਮ ਨਵੀਸ ਸ. ਬਲਜੀਤ ਸਿੰਘ ਢਿੱਲੋਂ ਦੇ ਦੂਜੇ ਕਹਾਣੀ ਸੰਗ੍ਰਹਿ 'ਮਜ਼ਬੂਰੀ ਦੀਆਂ ਜੰਜੀਰਾਂ' ਦੇ ਲੋਕ ਅਰਪਣ ਸਮਾਗਮ ਮੌਕੇ, ਕਲਮਾਂ ਦੇ ਕਲਮਕਾਰ, ਅਖ਼ਬਾਰ ਨਵੀਸ ਅਤੇ ਵੱਖ-ਵੱਖ ਖੇਤਰਾਂ ਨਾਲ ਸਬੰਧਿਤ ਜੁੜੀਆਂ ਅਹਿਮ ਸ਼ਖ਼ਸ਼ੀਅਤਾਂ ਸੰਤ ਬਾਬਾ ਅਮੀਰ ਸਿੰਘ ਦੀ ਸਰਪ੍ਰਸਤੀ ਹੇਠ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਸੇਵਾਮੁਕਤ ਜਿਲ੍ਹਾ ਸਿੱਖਿਆ ਅਫ਼ਸਰ ਪਰਮਜੀਤ ਕੌਰ ਚਾਹਲ, ਚਰਨਜੀਤ ਸਿੰਘ ਬੈਂਕ ਵਾਲੇ, ਬਾਬਾ ਹਰਬਿੰਦਰ ਸਿੰਘ ਭਿੰਦਾ ਕਾਰ ਸੇਵਾ ਵਾਲੇ, ਬਲਦੇਵ ਸਿੰਘ ਢੱਟ ਆਦਿ ਨੇ ਲੋਕ ਅਰਪਣ ਕੀਤਾ। ਇਸ ਮੌਕੇ ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ ਨੇ ਕਿਤਾਬ ਦੇ ਲੇਖਕ ਸ. ਬਲਜੀਤ ਸਿੰਘ ਢਿੱਲੋਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਚੰਗੀਆ ਕਹਾਣੀਆਂ ਸਾਨੂੰ ਜਿੰਦਗੀ ਵਿੱਚ ਸੇਧ ਦੇਣ ਲਈ ਕਾਰਗਰ ਸਾਬਤ ਹੁੰਦੀਆਂ ਹਨ ਅਤੇ ਗੁਰੂ ਮਹਾਰਾਜ ਨੇ ਇਨ੍ਹਾਂ ਤੇ ਬਹੁਤ ਬਖਸ਼ਿਸ਼ ਕੀਤੀ ਹੈ, ਕਿਉ ਕਿ ਲੇਖਕ ਦਾ ਮਨ ਕੋਮਲ ਹੁੰਦਾ ਹੈ ਅਤੇ ਉਹ ਕਿਸੇ ਦਾ ਮਾੜਾ ਨਹੀਂ ਲਿੱਖ ਸਕਦਾ। ਉਨ੍ਹਾਂ ਕਿਹਾ ਕਿ ਜਿਹੜੇ ਕੰਮ ਤਲਵਾਰਾਂ ਨਹੀਂ ਕਰ ਸਕਦੀਆਂ ਉਹ ਕਲਮਾ ਰਾਹੀਂ ਹੋ ਜਾਂਦਾ ਹੈ। ਇਸ ਮੌਕੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਸ. ਬਲਜੀਤ ਸਿੰਘ ਢਿੱਲੋਂ ਨੇ ਪਹਿਲਾਂ ਵੀ ਕਈ ਕਿਤਾਬਾਂ ਸਮਾਜ ਨੂੰ ਦਿੱਤੀਆਂ ਹਨ ਅਤੇ ਇਸ ਕਿਤਾਬ ਤੋਂ ਸੇਧ ਲੈ ਕੇ ਆਪਣੇ ਦਿਲ ਦੇ ਟੋਟੇ ਬਾਹਰ ਭੇਜਣ ਵਾਲੇ ਕਈ ਵਾਰ ਸੋਚਣਗੇ। ਉਨ੍ਹਾਂ ਕਿਹਾ ਕਿ ਪਹਿਲਾਂ ਕੋਈ ਕੋਈ ਆਪਣੇ ਬੱਚਿਆਂ ਨੂੰ ਬਾਹਰਲੇ ਦੇਸ਼ ਭੇਜਦਾ ਸੀ, ਪ੍ਰੰਤੂ ਪਿਛਲੇ 5 - 10 ਸਾਲ ਵਿੱਚ ਬਾਹਰ ਜਾਣ ਵਾਲਿਆ ਦੀ ਗਿਣਤੀ ਬਹੁਤ ਵਧ ਗਈ ਹੈ ਅਤੇ ਹੱਡ ਤੋਂ ਵੱਧ ਕੋਈ ਵੀ ਚੀਜ਼ ਮਾੜੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਮੱਛੀ ਪੱਥਰ ਚੱਟ ਕੇ ਹੀ ਵਾਪਸ ਮੁੜਦੀ ਹੈ। ਸੋ ਬਾਹਰੋਂ ਚੰਗੀਆ ਚੀਜ਼ਾਂ ਲਿਆਉਣ ਦੀ ਲੋੜ ਹੈ। ਇਸ ਮੌਕੇ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਨੇ ਕਿਹਾ ਕਿ ਦੁਨੀਆ ਵਿਚ ਬਹੁਤ ਸਾਰੇ ਬਦਲਾਓ ਕਲਮਾ ਨਾਲ ਆਏ ਹਨ। ਉਨ੍ਹਾਂ ਕਿਹਾ ਕਿ ਹੁਣ ਪਹਿਲਾਂ ਵਰਗੇ ਹਾਲਾਤ ਨਹੀਂ, ਬਾਹਰ ਗਏ ਨੌਜਵਾਨਾਂ ਨੂੰ ਬਹੁਤ ਕੁਝ ਆਪਣੇ ਪਿੰਡੇ ਤੇ ਹੰਢਾਉਣਾ ਪੈਂਦਾ ਹੈ। ਇਸ ਸਮਾਰੋਹ ਦੌਰਾਨ ਸੇਵਾਮੁਕਤ ਜਿਲ੍ਹਾ ਸਿੱਖਿਆ ਅਧਿਕਾਰੀ ਬੀਬੀ ਪਰਮਜੀਤ ਕੌਰ ਚਾਹਲ ਨੇ ਕਿਹਾ ਕਿ ਇਹ ਕਿਤਾਬ ਮੈ ਆਪ ਪੜ੍ਹੀ ਹੈ, ਜਿਸ ਵਿਚ ਸਚਾਈ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਇਸ ਸਮੇਂ ਸਾਡੇ ਸਮਾਜ ਨੂੰ ਇਸ ਦੀ ਲੋੜ ਹੈ। ਇਸ ਮੌਕੇ ਸ. ਚਰਨਜੀਤ ਸਿੰਘ ਬੈਂਕ ਵਾਲੇ ਨੇ ਕਿਤਾਬ ਦੇ ਲੇਖਕ ਸ. ਬਲਜੀਤ ਸਿੰਘ ਢਿੱਲੋਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਕਿਤਾਬਾਂ ਵੱਲ ਮੋੜਨਾ ਸਮੇਂ ਦੀ ਲੋੜ ਹੈ। ਸਮਾਰੋਹ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਉਂਦੇ ਹੋਏ ਸ. ਬਲਦੇਵ ਸਿੰਘ ਢੱਟ ਨੇ ਕਿਹਾ ਕਿ ਇਹੋ ਜਿਹੇ ਪਰਵਾਸ ਤੋਂ ਬਚਣ ਦੀ ਲੋੜ ਹੈ, ਜਦੋਂ ਅਸੀਂ ਆਪਣੀਆਂ ਜ਼ਮੀਨਾਂ ਵੇਚ ਕੇ ਜਾ ਕਰਜਾ ਚੁੱਕ ਕੇ ਆਪਣੇ ਬੱਚੇ ਬਾਹਰ ਭੇਜਦੇ ਹਾਂ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਆਪ ਜਾ ਆਪਣੇ ਬੱਚਿਆਂ ਨੂੰ ਵਾਪਸ ਆਪਣੇ ਦੇਸ਼ ਵਿਚ ਕੰਮ ਕਰਨ ਲਈ ਪ੍ਰੇਰੀਏ। ਇਸ ਮੌਕੇ ਗਿਆਨੀ ਅਤਰ ਸਿੰਘ ਜੋਤੀ ਸਰੂਪ, ਗਿਆਨੀ ਬਲਵਿੰਦਰ ਸਿੰਘ ਆਲਮਗੀਰ, ਹਰਦੀਪ ਸਿੰਘ ਮੈਨੇਜਰ ਆਲਮਗੀਰ, ਡਾਕਟਰ ਗੁਰਜੀਤ ਸਿੰਘ ਰਾੜਾ ਸਾਹਿਬ, ਗੁਰਦੀਪ ਸਿੰਘ ਮੰਡਾਹਰ, ਮਨਿੰਦਰ ਜੀਤ ਸਿੰਘ ਬੈਨੀਪਾਲ, ਬਲਕਰਨ ਸਿੰਘ ਢਿੱਲੋਂ ਮੋਗਾ, ਪ੍ਰੋ. ਹਰਜੀਤ ਕੌਰ, ਅੰਮ੍ਰਿਤਪਾਲ ਸਿੰਘ ਸ਼ੰਕਰ, ਸੁਖਦੀਪ ਸਿੰਘ ਗਿੱਲ, ਜਸਵੀਰ ਸਿੰਘ ਚਾਹਲ, ਸੁਰਿੰਦਰ ਸਿੰਘ ਮਲਿਕ, ਵਿਜੇ ਕੁਮਾਰ, ਗੁਰਦੀਪ ਸਿੰਘ ਮੰਡਾਹਰ, ਦਵਿੰਦਰ ਸਿੰਘ ਰਿੰਕੂ, ਫੈਡਰੇਸ਼ਨ ਆਗੂ ਮੇਜਰ ਸਿੰਘ ਖਾਲਸਾ, ਬਲਜੀਤ ਸਿੰਘ ਬੀਤਾ, ਲਵਪ੍ਰੀਤ ਸਿੰਘ ਗਿੱਲ, ਦਵਿੰਦਰ ਸਿੰਘ ਜੱਗੀ, ਬਲਜੀਤ ਸਿੰਘ ਜੀਰਕ, ਬਲਰਾਜ ਸਿੰਘ ਕੁਹਾੜਾ, ਸੰਤੋਖ ਸਿੰਘ ਭਰਤ ਮੋਟਰ, ਸੁਰਿੰਦਰ ਸਿੰਘ ਚੌਹਾਨ, ਹਰਪਾਲ ਸਿੰਘ ਖਾਲਸਾ, ਵਰਿੰਦਰ ਕੁਮਾਰ ਸਹਿਗਲ, ਗੁਰਵੀਰ ਸਿੰਘ ਵਿਰਕ, ਸੁਰਿੰਦਰ ਸਿੰਘ ਲਾਪਰਾਂ, ਸਰਬਜੀਤ ਸਿੰਘ ਛਾਪਾ, ਗੁਰਚਰਨ ਸਿੰਘ ਗੁਰੂ, ਜਸਵੰਤ ਸਿੰਘ ਹਰਨਾਮਪੁਰਾ, ਜਸਕੀਰਤ ਸਿੰਘ ਭੁੱਟਾ, ਦਲਬੀਰ ਸਿੰਘ ਮੱਕੜ, ਬਲਵੀਰ ਸਿੰਘ ਸੇਖੋਂ, ਜੋਗਿੰਦਰ ਸਿੰਘ ਸੰਧੂ ਡੀਐਸਪੀ, ਦਰਸ਼ਨ ਸਿੰਘ ਭਲਾਈ ਕਿੰਗ, ਪਰਮਿੰਦਰ ਸਿੰਘ ਕੈਰੋ, ਸਰਬਜੀਤ ਸਿੰਘ ਕਲਸੀ, ਗੁਰਪ੍ਰੀਤ ਸਿੰਘ ਘਲੋਟੀ ਆਦਿ ਹਾਜਰ ਸਨ।

# ਆਈ. ਐਸ. ਐਚ. ਆਰ. ਏ. ਈ ਸਬ-ਚੈਪਟਰ ਲੁਧਿਆਣਾ ਦੀ ਨਵੀਂ ਟੀਮ ਦਾ ਗਠਨ

**ਜ਼ਿਕਰ ਪੰਜਾਬ**
**ਲੁਧਿਆਣਾ/ਵਾਸੂ ਜੇਤਲੀ**

ਇੰਡਿਅਨ ਸੋਸਾਇਟੀ ਆਫ ਹੀਟਿੰਗ, ਰੈਫ੍ਰਿਜਰੇਸ਼ਨ ਐਂਡ ਏਅਰ ਕੰਡੀਸ਼ਨਿੰਗ ਇੰਜੀਨੀਅਰਜ਼ (ਆਈ ਐਸ ਐਚ ਆਰ ਏ ਈ) ਲੁਧਿਆਣਾ ਸਬ-ਚੈਪਟਰ ਦਾ ਸਥਾਪਨਾ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਵਿੱਚ ਜੀਤ ਸਿੰਘ ਨੂੰ ਪ੍ਰਧਾਨ, ਸੁਜੀਤ ਸਿੰਘ ਨੂੰ ਸਕੱਤਰ, ਮਲਵਿੰਦਰ ਸਿੰਘ ਨੂੰ ਖ਼ਜ਼ਾਨਚੀ ਅਤੇ ਹੋਰ ਸੀਡਬਲਯੂਸੀ ਮੈਂਬਰਾਂ ਵਜੋਂ ਚੁਣਿਆ ਗਿਆ। ਆਈ. ਐਸ. ਐਚ. ਆਰ. ਏ. ਈ ਇੰਡੀਆ ਦੇ ਉਪ-ਪ੍ਰਧਾਨ ਅਜੇ ਬੰਸਲ ਮੁੱਖ ਮਹਿਮਾਨ ਸਨ। ਆਪਣੇ ਵਿਸਥਾਰਪੂਰਣ ਭਾਸ਼ਣ ਵਿੱਚ ਉਨ੍ਹਾਂ ਨੇ ਦੁਨੀਆ ਭਰ ਵਿੱਚ ਇਸ ਦੇ ਮੈਂਬਰਾਂ ਦੀ ਭੂਮਿਕਾ 'ਤੇ ਚਾਨਣ ਪਾਇਆ ਅਤੇ ਲੁਧਿਆਣਾ ਸਬ-ਚੈਪਟਰ ਦੀ ਨਵੀਂ ਚੁਣੀ ਗਈ ਟੀਮ ਨੂੰ ਪਦਭਾਰ ਸੰਭਾਲਵਾਇਆ। ਵਿਸ਼ੇਸ਼ ਮਹਿਮਾਨ ਵਜੋਂ ਆਰਕੀਟੈਕਟ ਸੰਜੇ ਗੋਇਲ (ਲੁਧਿਆਣਾ ਸਮਾਰਟ ਸਿਟੀ ਲਿਮਿਟੇਡ ਦੇ ਸਾਬਕਾ ਨਿਰਦੇਸ਼ਕ), ਮੁਕੁਲ ਗਰੋਵਰ (ਚੰਡੀਗੜ੍ਹ ਚੈਪਟਰ ਦੇ ਨਿਵਰਤਮਾਨ ਪ੍ਰਧਾਨ) ਅਤੇ ਰੋਹਿਤ ਰਾਜ (ਚੰਡੀਗੜ੍ਹ ਚੈਪਟਰ ਦੇ ਪ੍ਰਧਾਨ) ਮੌਜੂਦ ਸਨ।



ਆਰਕੀਟੈਕਟ ਸੰਜੇ ਗੋਇਲ (ਇੰਡਿਅਨ ਇੰਸਟੀਚਿਊਟ ਆਫ ਆਰਕੀਟੈਕਟਸ, ਪੰਜਾਬ ਚੈਪਟਰ ਦੇ ਨਿਵਰਤਮਾਨ ਚੇਅਰਮੈਨ) ਨੇ ਸਮਾਰਟ ਸਿਟੀ ਮਿਸ਼ਨ ਤਹਿਤ ਲੁਧਿਆਣਾ ਅਤੇ ਹੋਰ ਸ਼ਹਿਰਾਂ ਦੀਆਂ ਪ੍ਰਾਪਤੀਆਂ 'ਤੇ ਚਾਨਣ ਪਾਇਆ। ਇਸ ਸਮਾਗਮ ਵਿੱਚ ਨਿਵਰਤਮਾਨ ਪ੍ਰਧਾਨ ਗੁਲਸ਼ਨ ਕੁਮਾਰ ਅਤੇ ਮਨਪ੍ਰੀਤ ਸਿੰਘ (ਸਬ-ਚੈਪਟਰ ਦੇ ਅਗਲੇ ਕਾਰਜਕਾਲ ਲਈ ਚੁਣੇ ਗਏ ਪ੍ਰਧਾਨ) ਨੇ ਵੀ ਭਾਗ ਲਿਆ। ਪ੍ਰੋਗਰਾਮ ਦਾ ਮੰਚ ਸੰਚਾਲਨ ਸ਼ਰਨਜੀਤ ਸਿੰਘ ਬੇਦੀ ਨੇ ਕੀਤਾ, ਜਦਕਿ ਮਨੋਜ ਕੁਮਾਰ ਅਹੀ ਨੇ ਆਈ ਐਸ ਐਚ ਆਰ ਏ ਈ ਬਾਰੇ ਵਿਸਥਾਰਪੂਰਣ ਜਾਣਕਾਰੀ ਦਿੱਤੀ। ਇਸ ਮੌਕੇ ਡਾਈਕਿਨ ਦੇ ਹਰਦਿਆਲ ਸਿੰਘ ਨੇ 'ਕੋਲਡ ਰੂਮ' ਵਿਸ਼ੇ 'ਤੇ ਪ੍ਰਸਤੁਤੀ ਦਿੱਤੀ ਅਤੇ ਏ ਐਸ ਇੰਜੀਨੀਅਰਜ਼, ਚੰਡੀਗੜ੍ਹ ਵੱਲੋਂ ਵੀ ਪ੍ਰਸਤੁਤੀਆਂ ਦਿੱਤੀਆਂ ਗਈਆਂ। ਚੰਡੀਗੜ੍ਹ ਚੈਪਟਰ ਦੇ ਚੇਅਰਮੈਨ ਰੋਹਿਤ ਰਾਜ ਨੇ ਸਬ-ਚੈਪਟਰ ਨਾਲ ਮਿਲ ਕੇ ਚੈਪਟਰ ਦੀ ਭੂਮਿਕਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਸਮਾਗਮ ਵਿੱਚ ਆਈ ਐਸ ਐਚ ਆਰ ਏ ਈ ਸਬ-ਚੈਪਟਰ ਲੁਧਿਆਣਾ ਦੇ ਜ਼ਿਆਦਾਤਰ ਮੈਂਬਰਾਂ ਨੇ ਭਾਗ ਲਿਆ। ਸਮਾਗਮ ਦਾ ਸਮਾਪਨ ਧੰਨਵਾਦ ਪ੍ਰਸਤਾਵ ਅਤੇ ਰਾਤ ਦੇ ਭੋਜਨ ਨਾਲ ਹੋਇਆ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ ਉੱਚ ਪੱਧਰੀ ਸਪੈਕਟ੍ਰੋਫੋਟੋਮੀਟ੍ਰਿਕ ਤਕਨੀਕਾਂ 'ਤੇ ਵਰਕਸ਼ਾਪ ਆਯੋਜਿਤ

**ਜ਼ਿਕਰ ਪੰਜਾਬ**
**ਫਤਿਹਗੜ੍ਹ ਸਾਹਿਬ/ਬਿਊਰੋ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ ਵਿਖੇ "ਸਪੈਕਟ੍ਰੋਫੋਟੋਮੀਟਰਾਂ 'ਤੇ ਪ੍ਰਯੋਗਾਤਮਕ ਸਿਖਲਾਈ 2026"ਸਿਰਲੇਖ ਹੇਠ ਪੰਜ ਦਿਨਾਂ ਦੀ ਵਰਕਸ਼ਾਪ ਸਫਲਤਾਪੂਰਵਕ ਆਯੋਜਿਤ ਕੀਤੀ ਗਈ। ਇਸ ਵਰਕਸ਼ਾਪ ਵਿੱਚ ਵੱਖ-ਵੱਖ ਵਿਗਿਆਨਕ ਵਿਭਾਗਾਂ ਦੇ ਵਿਦਿਆਰਥੀਆਂ, ਖੋਜਕਰਤਿਆਂ ਅਤੇ ਅਧਿਆਪਕਾਂ ਨੇ ਭਾਗ ਲਿਆ। ਇਹ ਵਰਕਸ਼ਾਪ 20 ਅਪ੍ਰੈਲ ਤੋਂ 24 ਅਪ੍ਰੈਲ 2026 ਤੱਕ ਯੂਨੀਵਰਸਿਟੀ ਦੇ ਕੇਂਦਰੀ ਉਪਕਰਣ ਸਹੂਲਤ ਕੇਂਦਰ ਵਿੱਚ ਕੇਂਦਰ-ਵਿਗਿਆਨਕ ਖੋਜ ਅਤੇ ਨਵੀਨਤਾ ਵੱਲੋਂ ਆਯੋਜਿਤ ਕੀਤੀ ਗਈ। ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਭਾਗੀਦਾਰਾਂ ਨੂੰ ਸਪੈਕਟ੍ਰੋਫੋਟੋਮੀਟ੍ਰਿਕ ਤਕਨੀਕਾਂ ਅਤੇ ਉਨ੍ਹਾਂ ਦੇ ਰਸਾਇਣਕ ਅਤੇ ਜੀਵ ਵਿਗਿਆਨਕ ਵਿਸ਼ਲੇਸ਼ਣ ਵਿੱਚ ਵਿਸ਼ਾਲ ਵਰਤੋਂ ਬਾਰੇ ਗਹਿਰਾਈ ਨਾਲ ਜਾਣੂ ਕਰਵਾਉਣਾ ਸੀ। ਪੰਜ ਦਿਨਾਂ ਦੌਰਾਨ ਭਾਗੀਦਾਰਾਂ ਨੂੰ ਐੱਫ.ਟੀ.ਆਈ.ਆਰ., ਅਲਟਰਾ ਵਾਇਲਟ-ਦ੍ਰਿਸ਼ਮਾਨ ਸਪੈਕਟ੍ਰੋਫੋਟੋਮੀਟਰ, ਜ਼ੀਟਾ ਕਣ ਆਕਾਰ ਮਾਪਣ ਯੰਤਰ, ਪ੍ਰਕਾਸ਼-ਉਤਸਰਜਨ ਸਪੈਕਟ੍ਰੋਫੋਟੋਮੀਟਰ ਅਤੇ ਤਾਪ-ਭਾਰ ਵਿਸ਼ਲੇਸ਼ਕ ਵਰਗੇ ਆਧੁਨਿਕ ਉਪਕਰਣਾਂ 'ਤੇ ਪ੍ਰਯੋਗਾਤਮਕ ਸਿਖਲਾਈ ਦਿੱਤੀ ਗਈ। ਡਾ. ਰਾਹੁਲ ਬਦਰੂ, ਮੁਖੀ, ਰਸਾਇਣ ਵਿਗਿਆਨ, ਨੇ ਦੱਸਿਆ ਕਿ ਰਸਾਇਣ ਵਿਗਿਆਨ, ਭੋਜਨ ਪ੍ਰਕਿਰਿਆਕਰਨ ਤਕਨਾਲੋਜੀ, ਜੀਵ ਤਕਨਾਲੋਜੀ ਅਤੇ ਜ਼ੂਆਲੋਜੀ ਵਰਗੇ ਵਿਭਾਗਾਂ ਦੇ 60 ਤੋਂ ਵੱਧ ਵਿਦਿਆਰਥੀਆਂ ਨੇ ਇਸ ਵਰਕਸ਼ਾਪ ਤੋਂ ਲਾਭ ਪ੍ਰਾਪਤ ਕੀਤਾ। ਪ੍ਰੋਗਰਾਮ ਵਿੱਚ ਵਿਦਵਾਨਾਂ ਦੇ ਵਿਖਿਆਨ ਅਤੇ ਕੰਮੀ ਸਿਖਲਾਈ ਦਾ ਸੁੰਦਰ ਮੇਲ ਦੇਖਣ ਨੂੰ ਮਿਲਿਆ।

ਸਵੇਰੇ ਦੇ ਸੈਸ਼ਨਾਂ ਵਿੱਚ ਵਿਸ਼ੇਸ਼ਗਿਆਨਾਂ ਵੱਲੋਂ ਸਪੈਕਟ੍ਰੋਫੋਟੋਮੀਟਰੀ ਦੇ ਮੁੱਖ ਸਿਧਾਂਤਾਂ ਜਿਵੇਂ ਕਿ ਮਾਪ-ਸਹੀਤਾ ਪ੍ਰਕਿਰਿਆ, ਨਮੂਨਾ ਤਿਆਰੀ ਅਤੇ ਡਾਟਾ ਦੀ ਵਿਆਖਿਆ ਬਾਰੇ ਜਾਣਕਾਰੀ ਦਿੱਤੀ ਗਈ। ਦੁਪਹਿਰ ਬਾਅਦ ਦੇ ਸੈਸ਼ਨਾਂ ਵਿੱਚ ਹੱਥੋਂ-ਹੱਥ ਸਿਖਲਾਈ ਦੇ ਕੇ ਭਾਗੀਦਾਰਾਂ ਨੂੰ ਆਧੁਨਿਕ ਉਪਕਰਣਾਂ ਨਾਲ ਕੰਮ ਕਰਨ ਦਾ ਅਨੁਭਵ ਪ੍ਰਾਪਤ ਹੋਇਆ। ਇਸ ਵਰਕਸ਼ਾਪ ਵਿੱਚ ਪ੍ਰੋ. ਤੇਜਬੀਰ ਸਿੰਘ, ਡਾ. ਰੁਪਿੰਦਰ ਪਾਲ ਸਿੰਘ, ਡਾ. ਮੋਨਿਕਾ ਐਰੀ, ਡਾ. ਖ਼ੁਸ਼ਬੂ ਵਰਮਾ ਅਤੇ ਡਾ. ਰਾਹੁਲ ਬਦਰੂ ਨੇ ਆਪਣੇ ਵਿਸ਼ੇਸ਼ ਵਿਖਿਆਨ ਦਿੱਤੇ। ਅੰਤਿਮ ਦਿਨ ਹੋਈ ਪ੍ਰਤੀਕਿਰਿਆ ਬੈਠਕ ਵਿੱਚ ਭਾਗੀਦਾਰਾਂ ਨੇ ਵਰਕਸ਼ਾਪ ਨੂੰ ਬਹੁਤ ਹੀ ਲਾਭਕਾਰੀ ਅਤੇ ਗਿਆਨਵਰਧਕ ਦੱਸਿਆ। ਉਨ੍ਹਾਂ ਨੇ ਖਾਸ ਤੌਰ 'ਤੇ ਪ੍ਰਯੋਗਾਤਮਕ ਸਿਖਲਾਈ ਅਤੇ ਸੰਵਾਦਾਤਮਕ ਢੰਗ ਦੀ ਪ੍ਰਸ਼ੰਸਾ ਕੀਤੀ। ਪ੍ਰੋ. (ਡਾ.) ਪਰਿਤ ਪਾਲ ਸਿੰਘ ਯੂਨੀਵਰਸਿਟੀ ਦੇ ਵਾਇਸ-ਚਾਂਸਲਰ ਨੇ ਆਯੋਜਕਾਂ ਦੇ ਯਤਨਾਂ ਦੀ ਸਰਾਹਨਾ ਕੀਤੀ ਅਤੇ ਇਸ ਤਰ੍ਹਾਂ ਦੀਆਂ ਅਕਾਦਮਿਕ ਗਤੀਵਿਧੀਆਂ ਨੂੰ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ। ਪ੍ਰੋ. ਤੇਜਬੀਰ ਸਿੰਘ ਨੇ ਵੀ ਵਿਦਿਆਰਥੀਆਂ ਨੂੰ ਪ੍ਰਯੋਗਾਤਮਕ ਹੁਨਰਾਂ ਨਾਲ ਲੈਸ ਕਰਨ ਲਈ ਇਸ ਤਰ੍ਹਾਂ ਦੇ ਉੱਚ-ਗੁਣਵੱਤਾ ਵਾਲੇ ਪ੍ਰੋਗਰਾਮਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਵਰਕਸ਼ਾਪ ਦਾ ਸਮਾਪਨ ਸਮਾਰੋਹ, ਪ੍ਰਮਾਣ-ਪੱਤਰ ਵੰਡ ਅਤੇ ਧੰਨਵਾਦ ਪ੍ਰਸਤਾਵ ਨਾਲ ਕੀਤਾ ਗਿਆ।

# ਕੈਨੇਡਾ 'ਚ ਬਜ਼ੁਰਗ ਸਿੱਖ ਨਾਲ ਨਸਲੀ ਵਿਤਕਰਾ: ਜਥੇਦਾਰ ਬਾਬਾ ਟੇਕ ਸਿੰਘ ਵੱਲੋਂ ਸਖ਼ਤ ਨਿੰਦਾ

**ਜ਼ਿਕਰ ਪੰਜਾਬ**
**ਤਲਵੰਡੀ ਸਾਬੋ/ਬਿਊਰੋ**

ਕੈਨੇਡਾ ਦੇ ਸੂਬੇ ਓਂਟਾਰੀਓ ਵਿੱਚ ਇੱਕ ਬਜ਼ੁਰਗ ਸਿੱਖ ਵਿਅਕਤੀ ਨਾਲ ਹੋਈ ਨਸਲੀ ਹਿੰਸਾ ਅਤੇ ਭੱਦੀਆਂ ਟਿੱਪਣੀਆਂ ਦਾ ਮਾਮਲਾ ਗਰਮਾ ਗਿਆ ਹੈ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਨੇ ਇਸ ਘਟਨਾ ਦੀ ਘੋਰ ਨਿਖੇਧੀ ਕਰਦਿਆਂ ਇਸ ਨੂੰ ਮਨੁੱਖੀ ਕਦਰਾਂ-ਕੀਮਤਾਂ ਦਾ ਕਤਲ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਕਾਰਵਾਈਆਂ ਕੈਨੇਡਾ ਵਰਗੇ ਬਹੁ-ਸੱਭਿਆਚਾਰਕ ਦੇਸ਼ ਦੇ ਮੱਥੇ 'ਤੇ ਕਲੰਕ ਹਨ। ਜਥੇਦਾਰ ਜੀ ਨੇ ਸਿੱਖ ਇਤਿਹਾਸ ਦਾ ਹਵਾਲਾ ਦਿੰਦਿਆਂ ਕਿਹਾ ਕਿ 19ਵੀਂ ਸਦੀ ਤੋਂ ਲੈ ਕੇ ਹੁਣ ਤੱਕ ਸਿੱਖਾਂ ਨੇ ਆਪਣੀ ਮਿਹਨਤ ਨਾਲ ਕੈਨੇਡਾ ਦੀ ਧਰਤੀ ਨੂੰ ਆਬਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੇ 'ਵੰਡ ਛਕਣ' ਦੇ ਸਿਧਾਂਤ 'ਤੇ ਚੱਲਦਿਆਂ ਕੈਨੇਡਾ ਦੀ ਆਰਥਿਕਤਾ, ਖੇਤੀਬਾੜੀ ਅਤੇ ਤਕਨਾਲੋਜੀ ਵਿੱਚ ਵੱਡਾ ਯੋਗਦਾਨ ਪਾਇਆ ਹੈ। ਅੱਜ ਜਦੋਂ ਕੋਈ ਨੌਜਵਾਨ ਕਿਸੇ ਬਜ਼ੁਰਗ ਸਿੱਖ ਨੂੰ 'ਇਹ ਮੇਰਾ ਦੇਸ਼ ਹੈ' ਕਹਿ ਕੇ ਡਰਾਉਂਦਾ ਹੈ, ਤਾਂ ਉਹ ਕੈਨੇਡਾ ਦੇ ਉਸ ਸੰਵਿਧਾਨ ਦੀ ਤੌਹੀਨ ਕਰਦਾ ਹੈ ਜੋ ਵਿਭਿੰਨਤਾ ਵਿੱਚ ਏਕਤਾ ਦੀ ਗੱਲ ਕਰਦਾ ਹੈ। ਸਿੰਘ ਸਾਹਿਬ ਨੇ



ਓਂਟਾਰੀਓ ਪੁਲਿਸ ਅਤੇ ਸੂਬਾਈ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਨੂੰ ਮਹਿਜ਼ ਸਧਾਰਨ ਕੁੱਟਮਾਰ ਨਾ ਮੰਨਿਆ ਜਾਵੇ, ਸਗੋਂ ਇਸ ਨੂੰ 'ਹੇਟ ਕ੍ਰਾਈਮ' (ਨਫ਼ਰਤੀ ਅਪਰਾਧ) ਦੀ ਸ਼੍ਰੇਣੀ ਵਿੱਚ ਰੱਖ ਕੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਉਨ੍ਹਾਂ ਇਹ ਵੀ ਸੁਝਾਅ ਦਿੱਤਾ ਕਿ ਕੈਨੇਡੀਅਨ ਸਕੂਲਾਂ ਵਿੱਚ ਵੱਖ-ਵੱਖ ਧਰਮਾਂ ਅਤੇ ਸੱਭਿਆਚਾਰਾਂ ਦੇ ਇਤਿਹਾਸ ਬਾਰੇ ਜਾਗਰੂਕਤਾ ਵਧਾਈ ਜਾਣੀ ਚਾਹੀਦੀ ਹੈ ਤਾਂ ਜੋ ਨਵੀਂ ਪੀੜ੍ਹੀ ਨਫ਼ਰਤ ਦੀ ਥਾਂ ਸਤਿਕਾਰ ਕਰਨਾ ਸਿੱਖੇ। ਇਸ ਦੇ ਨਾਲ ਹੀ ਉਨ੍ਹਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਆਪਣੇ ਦੂਤਾਵਾਸ ਰਾਹੀਂ ਕੈਨੇਡਾ ਸਰਕਾਰ ਨਾਲ ਗੱਲਬਾਤ ਕਰਕੇ ਉੱਥੇ ਵਸਦੇ ਸਿੱਖ ਭਾਈਚਾਰੇ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਠੋਸ ਕਦਮ ਚੁੱਕੇ।

# ਗੈਂਗਸਟਰਾਂ 'ਤੇ ਵਾਰ ਦਾ 96ਵਾਂ ਦਿਨ: ਪੰਜਾਬ ਪੁਲਿਸ ਵੱਲੋਂ 557 ਥਾਵਾਂ 'ਤੇ ਛਾਪੇਮਾਰੀ; 291 ਗ੍ਰਿਫ਼ਤਾਰ

**ਜ਼ਿਕਰ ਪੰਜਾਬ**
**ਚੰਡੀਗੜ੍ਹ/ਬਿਊਰੋ**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ 'ਗੈਂਗਸਟਰਾਂ ਤੇ ਵਾਰ' ਮੁਹਿੰਮ ਦੇ 96ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 557 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ 'ਗੈਂਗਸਟਰਾਂ ਤੇ ਵਾਰ' ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ੁਰੂ ਕੀਤੀ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਰਾਜ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ। 96ਵੇਂ ਦਿਨ, ਪੁਲਿਸ ਟੀਮਾਂ ਨੇ ਸੱਤ ਹਥਿਆਰਾਂ ਸਮੇਤ 291 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫ਼ਤਾਰੀਆਂ 24,280 ਹੋ ਗਈਆਂ।

> **ਪੁਲਿਸ ਟੀਮਾਂ ਨੇ 93 ਵਿਅਕਤੀਆਂ ਵਿਰੁੱਧ ਕੀਤੀ ਇਹਤਿਆਤੀ ਕਾਰਵਾਈ, 76 ਨੂੰ ਪੁੱਛਗਿੱਛ ਪਿੱਛੋਂ ਕੀਤਾ ਰਿਹਾਅ**

ਇਸ ਤੋਂ ਇਲਾਵਾ 93 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 76 ਵਿਅਕਤੀਆਂ ਨੂੰ ਤਫਤੀਸ਼ ਅਤੇ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ।

ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 8 ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫਤਾਰ ਕੀਤਾ ਹੈ। ਲੋਕ ਐਂਟੀ ਗੈਂਗਸਟਰ ਹੈਲਪਲਾਈਨ 93946-93946 ਰਾਹੀਂ ਗੁਪਤ ਰੂਪ ਵਿਚ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਜਾਣਕਾਰੀ ਦੇ ਸਕਦੇ ਹਨ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ /ਜਾਣਕਾਰੀ ਵੀ ਸਾਂਝੇ ਕਰ ਸਕਦੇ ਹਨ। ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਨੂੰ 421ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 95 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 6.8 ਕਿਲੋ ਹੈਰੋਇਨ ਅਤੇ 306 ਨਸ਼ੀਲੀਆਂ ਗੋਲੀਆਂ/ਕੈਪਸੂਲ ਬਰਾਮਦ ਕੀਤੇ ਗਏ। ਇਸ ਨਾਲ ਸਿਰਫ 421 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 60,898 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 29 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

